ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 12 | 27 March 2019 to 02 April 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਪੰਜਾਬ ਦੇ ਵੋਟ-ਬਜ਼ਾਰ ’ਚ ਹੋਣ ਲੱਗੀਆਂ ਸੱਤਾ ਦੀਆਂ ਸੌਦੇਬਾਜ਼ੀਆਂ

- ਆਮ ਆਦਮੀ ਪਾਰਟੀ ਦੀ ਫੁੱਟ ਨੇ ਕਾਂਗਰਸ ਦਾ ਰਾਹ ਕੀਤਾ ਸੁਖਾਲਾ
- ਮਾਝੇ ’ਚ ਬਾਦਲਾਂ ਦੀ ਪਿੱਠ ਲਾਉਣ ਲਈ ਟਕਸਾਲੀ ਦਾਅ ਖੇਡਣ ਲੱਗੇ
- ਪੰਜਾਬ ਡੈਮੋਕ੍ਰੇਟਿਕ ਗੱਠਜੋੜ ਨੂੰ ਤੀਜੀ ਤਾਕਤ ਵੱਜੋਂ ਉਭਰਨ ਦੀ ਉਮੀਦ

**ਚੋਣ ਵਿਸ਼ੇਸ਼/ਬਲਵਿੰਦਰਪਾਲ ਸਿੰਘ**

**ਜਲੰਧਰ :** ਪੰਜਾਬ ਵਿਚ ਲੋਕ ਸਭਾ ਚੋਣਾਂ 2019 ਦੇ ਹਾਲਾਤ 2014 ਨਾਲੋਂ ਭਿੰਨ ਲੱਗ ਰਹੇ ਹਨ। ਇਸ ਲਈ ਚੋਣ ਨਤੀਜੇ ਵੀ 2014 ਤੋਂ ਵੱਖਰੇ ਹੋਣ ਦੀ ਉਮੀਦ ਹੈ। 2014 ਵਿਚ ਅਕਾਲੀ-ਭਾਜਪਾ ਗੱਠਜੋੜ, ‘ਆਪ’ ਤੇ ਕਾਂਗਰਸ ਦਰਮਿਆਨ ਤਿਕੋਣਾ ਮੁਕਾਬਲਾ ਹੋਇਆ ਸੀ ਪਰ ਇਸ ਵਾਰ ਕਈ ਥਾਈਂ ਚਾਰ ਜਾਂ ਪੰਜ ਕੋਣਾ ਮੁਕਾਬਲਾ ਵੀ ਹੋਣ ਦੇ ਅਸਾਰ ਹਨ। ਸਿਆਸੀ ਮਾਹਿਰਾਂ ਅਨੁਸਾਰ ਬਹੁਤੀ ਥਾਵਾਂ ’ਤੇ ਕਾਂਗਰਸ ਤੇ ਅਕਾਲੀ ਦਲ ਵਿਚ ਸਖਤ ਟੱਕਰ ਹੋਣ ਦੀ ਸੰਭਾਵਨਾ ਹੈ। ਪਹਿਲੀ ਵਾਰ ਬਣਿਆ ਪੰਜਾਬ ਡੈਮੋਕ੍ਰੇਟਿਕ ਗੱਠਜੋੜ ਤੀਸਰੀ ਸ਼ਕਤੀ ਵਜੋਂ ਉਭਰ ਰਿਹਾ ਹੈ। ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣ-2014 ਵਿਚ ‘ਆਪ’ ਨੂੰ 4, ਬਾਦਲ ਦਲ ਨੂੰ 4, ਕਾਂਗਰਸ ਨੂੰ 3 ਅਤੇ ਭਾਜਪਾ ਨੂੰ 2 ਸੀਟਾਂ ਮਿਲੀਆਂ ਸਨ। ਬਾਅਦ ਵਿਚ ਗੁਰਦਾਸਪੁਰ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਜ਼ਿਮਨੀ ਚੋਣ ਦੌਰਾਨ ਕਾਂਗਰਸ ਦਾ ਕਬਜ਼ਾ ਹੋ ਗਿਆ ਸੀ। ਵਿਧਾਨ ਸਭਾ ਚੋਣਾਂ-2017 ਵਿਚ ਅਕਾਲੀ ਦਲ ਨੂੰ 15, ਭਾਜਪਾ ਨੂੰ 3, ‘ਆਪ’ ਨੂੰ 20, ਲੋਕ ਇਨਸਾਫ਼ ਪਾਰਟੀ ਨੂੰ 2 ਅਤੇ ਕਾਂਗਰਸ ਨੂੰ 77 ਸੀਟਾਂ ਮਿਲੀਆਂ ਸਨ।

ਬਾਕੀ ਸਫ਼ਾ 32 ’ਤੇ



## ਕਾਂਗਰਸ ਦੇ ਮੁਕਾਬਲੇ ਭਾਜਪਾ ਦੀ ਹਾਲਤ ਪਤਲੀ

ਭਾਜਪਾ ਨੂੰ ਆਪਣੀਆਂ ਪੰਜਾਬ ਦੀਆਂ ਤਿੰਨ ਸੀਟਾਂ ਲਈ ਧੜੱਲੇਦਾਰ ਉਮੀਦਵਾਰ ਨਹੀਂ ਮਿਲ ਰਹੇ ਹਨ। ਇਹੀ ਕਾਰਨ ਹੈ ਭਾਜਪਾ ਦੀ ਨਜ਼ਰ ਆਪਣੇ ਕਾਡਰ ’ਤੇ ਘੱਟ ਤੇ ਫਿਲਮੀ ਸਿਤਾਰਿਆਂ ਤੇ ਬਿਊਰੋਕ੍ਰੇਟਾਂ ’ਤੇ ਜ਼ਿਆਦਾ ਹੈ। ਪੰਜਾਬ ਵਿਚ ਆਪਣੇ ਹਿੱਸੇ ਦੀਆਂ ਤਿੰਨੋ ਸੀਟਾਂ ਉਤੇ ਕਾਂਗਰਸ ਦੇ ਮੁਕਾਬਲੇ ਭਾਜਪਾ ਦੀ ਹਾਲਤ ਫਿਲਹਾਲ ਪਤਲੀ ਦਿਖਾਈ ਦੇ ਰਹੀ ਹੈ।

ਬਾਕੀ ਸਫ਼ਾ 32 ’ਤੇ

## ਡੇਰਾ ਸੱਚਾ ਸੌਦਾ ਦੀ ਪੰਜਾਬ ਦੀ ਰਾਜਨੀਤੀ ’ਚ ਵੀ ਫੂਕ ਨਿਕਲੀ

**ਜਲੰਧਰ :** ਬਲਾਤਕਾਰ ਮਾਮਲੇ ਵਿਚ ਸੌਦਾ ਸਾਧ ਦੀ ਗ੍ਰਿਫ਼ਤਾਰੀ ਤੋਂ ਬਾਅਦ ਮਾਲਵਾ ਖੇਤਰ ਦੇ ਪੰਜ ਜ਼ਿਲ੍ਹਿਆਂ ਸੰਗਰੂਰ, ਮਾਨਸਾ, ਬਠਿੰਡਾ, ਫ਼ਰੀਦਕੋਟ ਤੇ ਮੁਕਤਸਰ ਵਿਚ ਫੈਲੇ ਡੇਰਾ ਸੱਚਾ ਸੌਦਾ



ਸਿਰਸਾ ਦੀ ਫੂਕ ਨਿਕਲ ਗਈ ਹੈ। ਬਾਬੇ ਦੇ ਪ੍ਰੇਮੀ ਰਾਜਨੀਤੀ ਵਿਚ ਤਾਂ ਕਿਤੇ ਦੂਰ ਹੁਣ ਆਮ ਵੀ ਸਰਗਰਮ ਨਜ਼ਰ ਨਹੀਂ ਆ ਰਹੇ। ਡੇਰਾ ਪ੍ਰੇਮੀ ਬਾਬੇ ਦੀ ਗ੍ਰਿਫ਼ਤਾਰੀ ਤੋਂ ਬਾਅਦ ਨਿਰਾਸ਼ ਹਨ। ਡੇਰੇ ਦੀਆਂ ਸਰਗਰਮੀਆਂ ਘਟਣ ਕਾਰਨ ਸਿਆਸਤ ਉੱਪਰ ਇਹਨਾਂ ਦਾ ਆਧਾਰ ਬੇਹੱਦ ਸੀਮਤ ਹੋ ਕੇ ਰਹਿ ਗਿਆ ਹੈ। ਫ਼ਰੀਦਕੋਟ ਖੇਤਰ ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਵਿਚ ਡੇਰਾ ਪ੍ਰੇਮੀਆਂ ਦੀ ਸ਼ਮੂਲੀਅਤ ਦਾ ਪਰਦਾਫਾਸ਼ ਹੋਣ ਤੋਂ ਬਾਅਦ ਡੇਰਾ ਪ੍ਰੇਮੀਆਂ ਦਾ ਵੱਡਾ ਹਿੱਸਾ ਉਨ੍ਹਾਂ ਤੋਂ ਕਿਨਾਰਾ ਕਰ ਗਿਆ ਹੈ। ਮਾਲਵੇ ਵਿਚ ਡੇਰਾ ਪ੍ਰੇਮੀ ਲੋਕ ਸਭਾ ਚੋਣਾਂ ਬਾਰੇ ਚੁੱਪ ਹੀ ਵੱਟੀ ਬੈਠੇ ਹਨ। ਕਿਸੇ ਸਮੇਂ ਸਿਆਸੀ ਪਾਰਟੀਆਂ ਨੂੰ ਚੱਕਰਵਿਊ ਵਿਚ ਪਾਉਣ ਲਈ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਵਲੋਂ ਬਣਾਇਆ ਗਿਆ ਸਿਆਸੀ ਵਿੰਗ ਪੂਰੀ ਤਰ੍ਹਾਂ ਖਿੰਡ ਗਿਆ ਨਜ਼ਰ ਆ ਰਿਹਾ ਹੈ।

ਬਾਕੀ ਸਫ਼ਾ 32 ’ਤੇ

## ➢ ਅੰਦਰ ਪੜ੍ਹੋ



03

**ਭਾਈਚਾਰਾ**

ਸਿੱਖ ਪੰਚਾਇਤ ਵੱਲੋਂ ਨਵੀਂ ਕੋਰ ਕਮੇਟੀ ਦੀ ਚੋਣ



09

**ਖ਼ਬਰਸਾਰ**

ਪੰਜਾਬ ’ਚ ਡਰੱਗ ਦਾ ਦਹਿਸ਼ਤਵਾਦ ਜਾਰੀ

## ਪੰਜਾਬ ਵਿਚ ਹੁਣ ਈਸਾਈਅਤ ਦੀ ਆੜ ਹੇਠ ਫੈਲ ਰਿਹਾ ਹੈ ਡੇਰਾਵਾਦ

**ਅੰਮ੍ਰਿਤਸਰ ਟਾਈਮਜ਼ ਵਿਸ਼ੇਸ਼/ਜੁਝਾਰ ਸਿੰਘ**

ਪੰਜਾਬ ਦੇ ਮਾਝਾ ਇਲਾਕੇ ਵਿਚ ਇਨ੍ਹੀਂ ਦਿਨੀਂ ਈਸਾਈ ਧਰਮ ਦੇ ਪਰਚਾਰ ਦੀ ਆੜ ਵਿਚ ਡੇਰਾਵਾਦ ਦਾ ਧੰਦਾ ਚੱਲ ਰਿਹਾ ਹੈ। ਧਰਮ ਮਨੁੱਖ ਦਾ ਨਿੱਜੀ ਮਸਲਾ ਹੈ ਤੇ ਕਿਸੇ ਨੂੰ ਵੀ ਕੋਈ ਵੀ ਧਰਮ ਅਪਨਾਉਣ ਦਾ ਅਧਿਕਾਰ ਹੈ ਪਰ ਕਈ ਮਾਮਲਿਆਂ ਵਿਚ ਲੋਕਾਂ ਨੂੰ ਧਰਮ ਬਦਲੀ ਕਰਨ ਲਈ ਲੁਕੇ-ਛਿਪੇ ਰੂਪ ਵਿਚ ਲਾਲਚ ਦੇਣ ਦੀਆਂ ਖਬਰਾਂ ਮਿਲ ਰਹੀਆਂ ਹਨ। ਸਿੱਖ ਕੌਮ ਲਈ ਇਹ ਡਾਢੀ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਸਿੱਖ ਇਤਿਹਾਸ ਵਿੱਚ ਸਿੱਖ ਸੰਘਰਸ਼ ਦਾ ਹਮੇਸ਼ਾ ਧੁਰਾ ਰਹਿਣ ਵਾਲੇ ਮਾਝੇ ਦੇ ਇਲਾਕੇ ਵਿੱਚ ਦਲਿਤ ਭਾਈਚਾਰੇ ਨਾਲ ਸਬੰਧਤ ਲੋਕ ਸਿੱਖ ਧਰਮ ਛੱਡ ਕੇ ਈਸਾਈ ਧਰਮ ਪਰਵਾਨ ਕਰਦੇ ਜਾ ਰਹੇ ਹਨ। ਇਸ ਸਾਰੇ ਵਰਤਾਰੇ ਨੂੰ ਸਮਝਣ ਲਈ ਇਸ ਨੂੰ ਨੇੜਿਉਂ ਵਾਚਣਾ ਬਹੁਤ ਜ਼ਰੂਰੀ ਹੈ।

ਇਸ ਬਾਰੇ ਜਾਣਕਾਰੀ ਹਾਸਲ ਕਰਨ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਆਮ ਲੋਕਾਂ ਵਿਚ ਇਹ ਧਾਰਨਾ ਬਣੀ ਹੋਈ ਹੈ ਕਿ ਇਸਾਈ ਮਿਸ਼ਨਰੀਆਂ ਦੇ ਲਿਬਾਸ ਵਿਚ ਕੁਝ

ਬਾਕੀ ਸਫ਼ਾ 32 ’ਤੇ

# ਸਿੱਖ ਨਹੀਂ ਹਨ ਕੈਨੇਡਾ ਲਈ ਖ਼ਤਰਾ : ਜਗਮੀਤ ਸਿੰਘ

### *ਟਰੂਡੋ ਸਰਕਾਰ ਨੂੰ ਘੇਰਿਆ, ਲੋਕਾਂ ’ਚ ਲੈ ਕੇ ਜਾਣਗੇ ਸਿੱਖ ਅਧਿਕਾਰਾਂ ਦਾ ਮਸਲਾ*

**ਵੈਨਕੂਵਰ/ਏਟੀ ਨਿਊਜ਼ :**

ਉਘੇ ਸਿੱਖ ਸਿਆਸਤਦਾਨ ਸ. ਜਗਮੀਤ ਸਿੰਘ ਕੈਨੇਡਾ ਦੀ ਸੰਸਦ ਯਾਨੀ ਹਾਊਸ ਆਫ ਕਾਮਨਜ਼ ਵਿੱਚ ਬਤੌਰ ਵਿਰੋਧੀ ਪਾਰਟੀ ਦੇ ਨੇਤਾ ਵਜੋਂ ਪਹੁੰਚਣ ਵਾਲੇ ਪਹਿਲੇ ਸਿੱਖ ਬਣ ਗਏ ਹਨ। ਇਸ ਥਾਂ ਪਹੁੰਚਣ ਵਾਲੇ ਉਹ ਪਹਿਲੇ ਗ਼ੈਰ-ਚਿੱਟੀ ਚਮੜੀ ਤਬਕੇ ਤੋਂ ਆਉਣ ਵਾਲੇ ਵਿਅਕਤੀ ਵੀ ਹਨ। ਇੱਥੇ ਪਹੁੰਚਣ ਮਗਰੋਂ ਜਗਮੀਤ ਸਿੰਘ ਨੇ ਕੈਨੇਡਾ ਦੇ ਸਿਆਸੀ ਹਾਲਾਤ ਅਤੇ ਆਪਣੇ ਭਵਿੱਖ ਦੇ ਏਜੰਡਿਆਂ ਬਾਰੇ ਖੁੱਲ੍ਹ ਕੇ ਗੱਲ ਕੀਤੀ। ਵਿਸ਼ੇਸ਼ ਇੰਟਰਵਿਊ ਦੌਰਾਨ ਜਗਮੀਤ ਸਿੰਘ ਨੇ ਜਸਟਿਨ ਟਰੂਡੋ ਸਰਕਾਰ ਨੂੰ ਹਰ ਪਾਸਿਓਂ ਘੇਰਿਆ। ਜਗਮੀਤ ਸਿੰਘ ਨੇ ਟਰੂਡੋ ਸਰਕਾਰ ਵੱਲੋਂ ਸਿੱਖਾਂ ਤੋਂ ਕੈਨੇਡਾ ਨੂੰ ਖ਼ਤਰਾ ਦੱਸਣ ’ਤੇ ਵੀ ਸਵਾਲ ਚੁੱਕੇ। ਦਰਅਸਲ, ਜਸਟਿਨ ਟਰੂਡੋ ਸਰਕਾਰ ਨੇ ਪਬਲਿਕ ਸੇਫ਼ਟੀ ਰਿਪੋਰਟ ਵਿਚ ਸਿੱਖਾਂ ਨੂੰ ਕੈਨੇਡਾ ਲਈ ਖ਼ਤਰਾ ਦੱਸਿਆ ਸੀ। ਇਸ ’ਤੇ ਜਗਮੀਤ ਸਿੰਘ ਨੇ ਕਿਹਾ ਕਿ ਸਿੱਖ ਕੈਨੇਡਾ ਲਈ ਖ਼ਤਰਾ ਨਹੀਂ ਹਨ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਅਜਿਹੀਆਂ ਖ਼ਰਾਬ ਤੇ ਸਖ਼ਤ ਧਾਰਨਾਵਾਂ ਆਪਣੀ ਕੌਮੀ ਰਿਪੋਰਟ ਵਿੱਚ ਲਿਖੇਗੀ ਤਾਂ ਨੌਜਵਾਨ ਪੀੜ੍ਹੀ ’ਤੇ ਖ਼ਤਰਨਾਕ ਪ੍ਰਭਾਵ ਪਵੇਗਾ। ਜਗਮੀਤ ਸਿੰਘ ਨੇ ਦੱਸਿਆ



ਕਿ ਸਰਕਾਰ ਦੀ ਇਸ ਰਿਪੋਰਟ ਕਾਰਨ ਸਿੱਖ ਨੌਜਵਾਨਾਂ ਨੂੰ ਨੌਕਰੀਆਂ ਲੈਣ ਵਿਚ ਦਿੱਕਤ ਆਵੇਗੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਕਿਸੇ ਖ਼ਾਸ ਤਬਕੇ ਨੂੰ ਬਗ਼ੈਰ ਕਿਸੇ ਠੋਸ ਸਬੂਤ ਦੇ ਕੌਮੀ ਰਿਪੋਰਟ ਵਿੱਚ ਖ਼ਤਰਾ ਦੱਸੇਗੀ ਤਾਂ ਇਹ ਉਸ ਭਾਈਚਾਰੇ ਖ਼ਿਲਾਫ਼ ਨਸਲੀ ਅਤੇ ਨਫ਼ਰਤੀ ਅਪਰਾਧ ਵਧਾਉਣ ਨੂੰ ਉਤਸ਼ਾਹਿਤ ਕਰ ਸਕਦਾ ਹੈ।

ਜਗਮੀਤ ਸਿੰਘ ਨੇ ਨਿਊਜ਼ੀਲੈਂਡ ਦੀਆਂ ਮਸਜਿਦਾਂ ਵਿੱਚ ਕੀਤੇ ਗਏ ਦਹਿਸ਼ਤੀ ਹਮਲੇ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਜਦੋਂ ਨਫ਼ਰਤ ਫੈਲਾਈ ਜਾਂਦੀ ਹੈ ਤਾਂ ਉੱਥੇ ਕਤਲੋਗਾਰਤ ਵੀ ਹੋ ਸਕਦੀ ਹੈ। ਉਨ੍ਹਾਂ ਸਵਾਲ ਕੀਤਾ ਕਿ ਟਰੂਡੋ ਸਰਕਾਰ ਵਿੱਚ ਸਿੱਖ ਮੰਤਰੀਆਂ ਦੇ ਹੁੰਦੇ ਇਹ ਰਿਪੋਰਟ ਕਿਵੇਂ ਛਾਪੀ ਗਈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਬਾਰੇ ਉਨ੍ਹਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਨ੍ਹਾਂ ਦੇ ਮੰਤਰੀਆਂ ਨੂੰ ਚਿੱਠੀ ਲਿਖੀ ਸੀ, ਜਿਸ ਦਾ ਜਵਾਬ ਨਹੀਂ ਮਿਲਿਆ। ਜਗਮੀਤ ਸਿੰਘ ਇਹ ਮਸਲਾ ਹੁਣ ਲੋਕਾਂ ਵਿਚ ਲੈ ਕੇ ਜਾਣਗੇ। ਜ਼ਿਕਰਯੋਗ ਹੈ ਕਿ ਦਸੰਬਰ 2018 ਵਿੱਚ ਕੈਨੇਡਾ ਦੇ ਲੋਕ ਸੁਰੱਖਿਆ ਮੰਤਰੀ ਰਾਲਫ ਗੂਡੇਲ ਨੇ ਕੈਨੇਡਾ ਨੂੰ ਦਹਿਸ਼ਤੀ ਹਮਲਿਆਂ ਤੋਂ ਖ਼ਤਰਿਆਂ ਸਬੰਧੀ ਤਿਆਰ ਪਬਲਿਕ

ਬਾਕੀ ਸਫ਼ਾ 32 ’ਤੇ

SINGH CPA PLLC
Making Businesses Tax Efficient
Tax Planning
Bookkeeping/ Payroll
Sales & Occupancy Taxes
Corporate & Individual Taxes
Barjinderjit Singh, CPA
Serving Clients in All 48 States
700 Central Expressway South, Suite 400 Allen, TX. 75013
(214) 210-9600
bill@mysinghcpa.com
www.mysinghcpa.com

22
GET FLAT 22 CENTS DISCOUNT AT TA TravelCenters of America PETRO Stopping Centers
We also offer Line of Credit for Fuel Card
Additional Services with our Fuel Card
✓ National Tire Program ✓ PM & Light Mechanical
✓ 24 Hour Dedicated Repair Service
TRANS-ALLIANCE
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
1.888.795.7035 www.trans-alliance.com

FLEET ONE OVER THE ROAD
FACTORING PROGRAM TO MEET YOUR NEEDS
WITH RATES STARTING AS LOW AS 1%
• A program custom-built to match your fleet's needs – backed by a FDIC-Insured financial partner in WEX Bank.
• Free same day funding
• Free collection management services
• Real-time credit check service
95% Advance in 24 Hours For Trucking Companies
Call for a Quote
(855)641-6955

ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ Foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100% ਗਾਰੰਟੀ
Padam Builders
Bhupinder S. Padam
PH : 510-565-6667
Email: padambuilders@gmail.com

ਵਰਕਰਾਂ ਦੀ ਲੋੜ
ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਂਸਟੋਰੈਂਟ ਵਿਚ ਕੰਮ ਕਰਨ ਵਾਲੇ Dish Washer ਦੀ ਲੋੜ ਹੈ।
ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ।
ਸੰਪਰਕ ਕਰੋ:
Gurpreet Singh Sohal :
707-498-9325
Email : redwoodpetroleum@gmail.com


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ!
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
Open Enrollment for Healthcare Starts November 1, 2017 to January 31, 2018.
COVERED CALIFORNIA
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ!!


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
BBB
IATAN
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

## ਨਿਊਜਰਸੀ ਵੱਲੋਂ ਅਪ੍ਰੈਲ ਮਹੀਨੇ ਨੂੰ ਸਿੱਖ ਜਾਗਰੂਕਤਾ ਮਹੀਨਾ ਐਲਾਨਣ ਦਾ ਕਾਨੂੰਨ ਪਾਸ



**ਟਰੈਨਟਨ (ਨਿਊਜਰਸੀ)/ਬਲਵਿੰਦਰਪਾਲ ਸਿੰਘ ਖਾਲਸਾ :** ਅਮਰੀਕਾ ਦੇ ਨਿਊਜਰਸੀ ਰਾਜ ਦੀ ਸਰਕਾਰ ਨੇ ਹਰ ਸਾਲ ਦੀ14 ਅਪ੍ਰੈਲ ਨੂੰ ਸਿੱਖ ਦਿਵਸ ਅਤੇ ਇਸੇ ਮਹੀਨੇ ਨੂੰ ਸਿੱਖ ਅਵੇਅਰਨੈਸ ਤੇ ਕਦਰਦਾਨੀ ਮਹੀਨਾ ਐਲਾਨਣ ਲਈ ਨਵਾਂ ਕਾਨੂੰਨ ਪਾਸ ਕਰ ਦਿੱਤਾ ਹੈ। ਰਾਜ ਦੇ ਗਵਰਨਰ ਜਨਾਬ ਫਿਲ ਮਰਫੀ ਨੇ ਰਾਜ ਦੇ ਦੋਵਾਂ ਸਦਨਾਂ ਵੱਲੋਂ ਪਾਸ ਬਿੱਲ ਨੂੰ ਆਪਣੇ ਦਸਤਖਤਾਂ ਨਾਲ ਕਾਨੂੰਨ ਬਣਾ ਕੇ ਇਤਿਹਾਸ ਸਿਰਜ ਦਿੱਤਾ। ਇਸ ਕਾਨੂੰਨ ਦੇ ਬਣਨ ਨਾਲ ਹਰ ਸਾਲ ਅਪ੍ਰੈਲ ਮਹੀਨੇ ਵਿਚ ਦੁਨੀਆ ਦੇ ਪੰਜਵੇਂ ਵੱਡੇ ਸਿੱਖ ਧਰਮ ਤੇ ਸਿੱਖ ਕੌਮ ਬਾਰੇ ਜਾਗਰੂਕਤਾ ਪੈਦਾ ਕੀਤੀ ਜਾਇਆ ਕਰੇਗੀ। ਸਕੂਲਾਂ ਵਿਚ ਸਿੱਖ ਧਰਮ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਬੱਚਿਆਂ ਤੇ ਨੌਜਵਾਨਾਂ ਵਿਚ ਸਿੱਖ ਧਰਮ ਤੇ ਸਿੱਖ ਕੌਮ ਬਾਰੇ ਸੂਚਨਾ ਦਾ ਅਦਾਨ ਪ੍ਰਦਾਨ ਹੋਵੇਗਾ।



ਇਸ ਕਾਨੂੰਨ ਦੇ ਪਾਸ ਹੋਣ ਨਾਲ ਨਿਊਜਰਸੀ ਸਮੇਤ ਨਿਊਯਾਰਕ, ਡੈਲਾਵੇਅਰ, ਕਨੈਕਟੀਕਟ ਤੇ ਪੈਨਸਿਲਵੇਨੀਆ ਰਾਜ ਦੇ ਸਿੱਖਾਂ ਵਿਚ ਵੀ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ। ਇਸ ਤੋਂ ਇਲਾਵਾ ਕੈਲੀਫੋਰਨੀਆ, ਮੈਰੀਲੈਂਡ, ਵਰਜੀਨੀਆ ਤੇ ਵਾਸ਼ਿੰਗਟਨ ਡੀਸੀ. ਦੇ ਸਿੱਖ ਭਾਈਚਾਰੇ ਵਿਚ ਵੀ ਖ਼ੁਸ਼ੀ ਦੀ ਲਹਿਰ ਦੇਖਣ ਨੂੰ ਮਿਲੀ ਹੈ। ਸੋਸ਼ਲ ਮੀਡੀਆ, ਜੱਸ ਪੰਜਾਬੀ ਟੀਵੀ. ਨੈਟਵਰਕ ਅਤੇ ਟੀਵੀ. 84 ਰਾਹੀਂ ਇਸ ਖਬਰ ਨੂੰ ਲੋਕਾਂ ਵਿਚ ਦਿਲਚਸਪੀ ਨਾਲ ਦੇਖਿਆ-ਸੁਣਿਆ ਗਿਆ ਹੈ। ਨਿਊਜਰਸੀ ਰਾਜ ਵਿਚ ਸਿੱਖ ਅਵੇਅਰਨੈਸ ਕਾਨੂੰਨ ਬਣਨ ਨੂੰ ਇਤਿਹਾਸਕ ਫੈਸਲਾ ਮੰਨਿਆ ਜਾ ਰਿਹਾ ਹੈ। ਇਸ ਇਤਿਹਾਸਕ ਫੈਸਲੇ ਉਤੇ ਸਟੇਟ ਸੈਨੇਟਰ ਪਰੈਜ਼ੀਡੈਂਟ ਸਟੀਵ ਸਵਿੰਨੀ, ਡਿਪਟੀ ਸਪੀਕਰ ਮਿਸਟਰ ਜਾਨ ਨੇ ਸਿੱਖ ਭਾਈਚਾਰੇ ਨੂੰ ਵਧਾਈ ਦਿੱਤੀ। ਹਾਊਸ ਦੇ ਲੀਡਰ ਲੂਈਸ ਗਰੀਨਵਰਡ, ਘੱਟ ਗਿਣਤੀ ਆਗੂ ਥਾਮਸ ਕੀਨ, ਨਿਊਜਰਸੀ ਸਟੇਟ ਦੇ ਅਟਾਰਨੀ ਜਨਰਲ ਸ. ਗੁਰਬੀਰ ਸਿੰਘ ਗਰੇਵਾਲ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ, ਰਵਿੰਦਰ ਸਿੰਘ ਰਿਆੜ ਡਾਇਰੈਕਟਰ ਪ੍ਰੋਗਰਾਮਿੰਗ ਜੱਸ ਪੰਜਾਬੀ, ਨਿਊਜਰਸੀ ਚੈਂਬਰ ਆਫ ਕਾਮਰਸ ਤੇ ਏਜੀਪੀਸੀ ਦੇ ਸਾਬਕਾ ਪ੍ਰਧਾਨ ਭਾਈ ਯਾਦਵਿੰਦਰ ਸਿੰਘ, ਰਾਜਭਲਿੰਦਰ ਸਿੰਘ ਬਦੇਸ਼ਾ, ਡਾ. ਅਮਰਜੀਤ ਸਿੰਘ ਟੀਵੀ. 84, ਜੁਗਰਾਜ ਸਿੰਘ ਗਰੇਵਾਲ, ਸ. ਹਰਜਿੰਦਰ ਸਿੰਘ ਤੇ ਇਲਾਕੇ ਦੇ ਹੋਰ ਪਤਵੰਤੇ ਸੱਜਣ ਇਨ੍ਹਾਂ ਇਤਿਹਾਸਕ ਪਲਾਂ ਦੇ ਗਵਾਹ ਬਣੇ। ਦੂਰ ਨੇੜੇ ਦੇ ਸ਼ਹਿਰਾਂ ਵਿਚੋਂ ਸਿੱਖਾਂ ਨੇ ਇਸ ਵਿਸ਼ੇਸ਼ ਸਮਾਗਮ ਵਿਚ ਭਰਵੀਂ ਸ਼ਿਰਕਤ ਕੀਤੀ।

# ਸਿੱਖ ਪੰਚਾਇਤ ਵੱਲੋਂ ਨਵੀਂ ਕੋਰ ਕਮੇਟੀ ਦੀ ਚੋਣ

## ਸੀਨੀਅਰ ਮੈਂਬਰਾਂ ਨੇ ਨਵੀਂ ਲੀਡਰਸ਼ਿਪ ਲਈ ਰਾਹ ਪੱਧਰਾ ਕੀਤਾ


ਜਸਦੇਵ ਸਿੰਘ


ਬੀਬੀ ਗੁਰਬਖਸ਼ ਕੌਰ ਕਾਹਲੋਂ


ਬੀਬੀ ਹਰਿੰਦਰ ਕੌਰ


ਹਰਿੰਦਰਪਾਲ ਸਿੰਘ


ਜਸਵਿੰਦਰ ਸਿੰਘ ਜੰਡੀ


ਅਮਨਦੀਪ ਸਿੰਘ ਪੰਨੂ


ਅਮਰਦੀਪ ਸਿੰਘ ਬਰਾੜ


ਅੰਮ੍ਰਿਤਪਾਲ ਸਿੰਘ ਖੰਗੂੜਾ


ਬਲਜੀਤ ਸਿੰਘ ਹੰਸਰਾ


ਬਹਾਦਰ ਸਿੰਘ


ਭੁਪਿੰਦਰ ਸਿੰਘ ਪਰਮਾਰ


ਭੁਪਿੰਦਰ ਸਿੰਘ ਪਦਮ


ਚਰਨਜੀਤ ਸਿੰਘ


ਹਰਦਿਆਲ ਸਿੰਘ


ਜਸਪ੍ਰੀਤ ਸਿੰਘ ਅਟਵਾਲ


ਪਰਮਿੰਦਰਪਾਲ ਸਿੰਘ


ਰਜਿੰਦਰ ਸਿੰਘ ਰਾਜਾ

**ਫਰੀਮੌਂਟ/ਏਟੀ ਨਿਊਜ਼ :** ਗੁਰਦੁਆਰਾ ਸਾਹਿਬ ਫਰੀਮੌਂਟ ਅਤੇ ਲੋਕਲ ਰਾਜਨੀਤੀ ਵਿਚ ਸਿੱਖਾਂ ਦੀਆਂ ਲੋੜਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਸਾਲ 2012 ਵਿਚ ਗਠਿਤ ਸਿੱਖ ਪੰਚਾਇਤ ਦੀ 2019-2020 ਲਈ ਅੰਤਰੀਵ (ਕੋਰ) ਕਮੇਟੀ ਦਾ ਐਲਾਨ ਕੀਤਾ ਗਿਆ ਹੈ। 16 ਮੈਂਬਰੀ ਕਮੇਟੀ ਵਿਚ ਬਹੁਤੇ ਨਵੇਂ ਮੈਂਬਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਹਨਾਂ ਵਿਚ ਖ਼ਾਸ ਕਰ ਗੁਰਦੁਆਰਾ ਸਾਹਿਬ ਵਿਚ ਲਗਾਤਾਰ ਸੇਵਾ ਕਰਨ ਵਾਲੇ ਮੈਂਬਰ ਹਨ। ਯਾਦ ਰਹੇ ਕਿ ਖਾਲਸਾ ਧੜਾ ਸਿੱਖ ਪੰਚਾਇਤ ਤੋਂ ਕਿਨਾਰਾ ਕਰ ਗਿਆ ਸੀ ਕਿਉਂਕਿ ਗੁਰਮੀਤ ਸਿੰਘ ਦੇ ਖ਼ਾਸ ਸਲਾਹਕਾਰ ਜਸਦੀਪ ਸਿੰਘ ਨੂੰ ਪੰਥਕ ਏਕਤਾ ਪਸੰਦ ਨਹੀਂ ਸੀ। ਉਸ ਵੱਲੋਂ ਕੀਤੀਆਂ ਆਪਹੁਦਰੀਆਂ ਕਾਰਨ ਸਿੱਖ ਪੰਚਾਇਤ ਵਿਚ ਲਗਾਤਾਰ ਤਣਾਅ ਵਧਦਾ ਜਾਂਦਾ ਸੀ ਅਤੇ ਪੰਚਾਇਤ ਮੈਂਬਰ ਉਸ ਨਾਲ ਮੀਟਿੰਗ ਵਿਚ ਬੈਠਣਾ ਵੀ ਪਸੰਦ ਨਹੀਂ ਸਨ ਕਰਦੇ। ਗੁਰਮੀਤ ਸਿੰਘ ਕਿਸੇ ਕਾਰਨ ਉਸ ਅੱਗੇ ਬੋਲਣ ਦੀ ਜ਼ੁਰਅਤ ਨਹੀਂ ਕਰਦਾ, ਇਸ ਲਈ ਉਸ ਨੇ ਉਸ ਦੇ ਨਾਲ ਹੀ ਪੰਚਾਇਤ ਤੋਂ ਪਾਸਾ ਵੱਟ ਲਿਆ। ਜਸਦੀਪ ਸਿੰਘ ਨੇ ਸਿੱਖ ਪੰਚਾਇਤ ਨੂੰ ਤੋੜਨਾ ਚਾਹਿਆ ਪਰ ਵੱਡਾ ਹਿੱਸਾ ਸਿੱਖ ਪੰਚਾਇਤ ਦੇ ਢਾਂਚੇ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਰਿਹਾ। ਅੰਤਰੀਵ ਕਮੇਟੀ ਵਿਚ ਦੋ ਸੁਪਰੀਮ ਕੌਂਸਲ ਮੈਂਬਰ ਤੇ ਦੋ ਬੀਬੀਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਸੀਨੀਅਰ ਮੈਂਬਰਾਂ ਨੂੰ ਇਕ ਸਲਾਹਕਾਰ ਕਮੇਟੀ ਵਿਚ ਪਾਇਆ ਗਿਆ ਹੈ। ਦੋਹਾਂ ਕਮੇਟੀਆਂ ਦੇ ਕੰਮਾਂ ਤੇ ਮੀਟਿੰਗਾਂ ਲਈ ਭਾਈ ਜਸਦੇਵ ਸਿੰਘ ਕੋਆਰਡੀਨੇਟਰ ਦੀ ਸੇਵਾ ਨਿਭਾਉਣਗੇ। ਨਵੀਂ ਗਠਿਤ ਅੰਤਰੀਵ ਕਮੇਟੀ ਦੇ ਮੈਂਬਰਾਂ ਵਿਚ ਬੀਬੀ ਗੁਰਬਖਸ਼ ਕੌਰ ਕਾਹਲੋਂ, ਬੀਬੀ ਹਰਿੰਦਰ ਕੌਰ, ਹਰਿੰਦਰਪਾਲ ਸਿੰਘ, ਜਸਵਿੰਦਰ ਸਿੰਘ ਜੰਡੀ, ਅਮਨਦੀਪ ਸਿੰਘ ਪੰਨੂ, ਅਮਰਦੀਪ ਸਿੰਘ ਬਰਾੜ, ਅੰਮ੍ਰਿਤਪਾਲ ਸਿੰਘ ਖੰਗੂੜਾ, ਬਲਜੀਤ ਸਿੰਘ ਹੰਸਰਾ, ਬਹਾਦਰ ਸਿੰਘ, ਭੁਪਿੰਦਰ ਸਿੰਘ ਪਰਮਾਰ, ਭੁਪਿੰਦਰ ਸਿੰਘ ਪਦਮ, ਚਰਨਜੀਤ ਸਿੰਘ, ਹਰਦਿਆਲ ਸਿੰਘ, ਜਸਪ੍ਰੀਤ ਸਿੰਘ ਅਟਵਾਲ, ਪਰਮਿੰਦਰਪਾਲ ਸਿੰਘ ਅਤੇ ਰਜਿੰਦਰ ਸਿੰਘ ਰਾਜਾ ਸ਼ਾਮਿਲ ਹਨ।

11 ਮੈਂਬਰੀ ਸਲਾਹਕਾਰ ਕਮੇਟੀ ਵਿਚ ਦਵਿੰਦਰ ਸਿੰਘ ਢਿੱਲੋਂ, ਦਵਿੰਦਰ ਸਿੰਘ ਬਾਬਕ, ਡਾਕਟਰ ਪ੍ਰਿਤਪਾਲ ਸਿੰਘ, ਰਾਮ ਸਿੰਘ, ਕਸ਼ਮੀਰ ਸਿੰਘ ਸ਼ਾਹੀ, ਜਸਜੀਤ ਸਿੰਘ, ਗੁਰਿੰਦਰ ਸਿੰਘ ਸਿੱਧੂ, ਕੁਲਵੰਤ ਸਿੰਘ ਖਹਿਰਾ, ਨਿਰਪਾਲ ਸਿੰਘ, ਕੁਲਦੀਪ ਸਿੰਘ ਬਾਜਵਾ ਅਤੇ ਬਲਵਿੰਦਰਪਾਲ ਸਿੰਘ ਖਾਲਸਾ ਸ਼ਾਮਿਲ ਹਨ।




# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana

1480 N State Road 1, Cambridge City, IN 47327. 70

Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ
**ਖੁੱਲ੍ਹ ਗਿਆ**



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

**Free Buffet**
over 100 gallons

open 6am to midnight

**Phone: 765-478-6300**



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

# ਬਹਿਬਲ ਤੇ ਕੋਟਕਪੂਰਾ ਗੋਲੀ ਕਾਂਡ ਬਾਰੇ 'ਸਿੱਟ' ਵੱਲੋਂ ਅਦਾਲਤ 'ਚ ਨਵੇਂ ਸਬੂਤ ਪੇਸ਼

## ਸਾਬਕਾ ਜਥੇਦਾਰ ਇਕਬਾਲ ਸਿੰਘ ਦੇ ਸੁਖਬੀਰ ਬਾਦਲ ਖਿਲਾਫ਼ ਬਿਆਨ ਦਰਜ

**ਫਰੀਦਕੋਟ/ਏਟੀ ਨਿਊਜ਼ :** ਬੇਅਦਬੀ ਕਾਂਡ ਦੀ ਵਿਸ਼ੇਸ਼ ਜਾਂਚ ਟੀਮ ਨੇ ਬਹਿਬਲ ਕਲਾਂ ਤੇ ਕੋਟਕਪੂਰਾ ਕਾਂਡ ਵਿਚ ਨਵੇਂ ਸਬੂਤ ਪੇਸ਼ ਕੀਤੇ ਹਨ। ਸਿੱਟ ਨੇ ਸਾਬਕਾ ਐੱਸਐੱਸਪੀ ਚਰਨਜੀਤ ਸਿੰਘ ਸ਼ਰਮਾ ਦੀ ਜ਼ਮਾਨਤ ਦਾ ਵਿਰੋਧ ਕਰਦਿਆਂ ਮੈਡੀਕਲ ਰਿਪੋਰਟਾਂ ਤੇ ਹੋਰ ਸਬੂਤ ਪੇਸ਼ ਕਰਦਿਆਂ ਦਾਅਵਾ ਕੀਤਾ ਕਿ ਬਹਿਬਲ ਕਲਾਂ ਵਿਚ ਮੁਜ਼ਾਹਰਾਕਾਰੀ ਸ਼ਾਂਤਮਈ ਢੰਗ ਨਾਲ ਬੈਠੇ ਹੋਏ ਸਨ ਪਰ ਚਰਨਜੀਤ ਸ਼ਰਮਾ ਤੇ ਇੰਸਪੈਕਟਰ ਪ੍ਰਦੀਪ ਸਿੰਘ ਨੇ ਹਾਲਾਤ ਵਿਗਾੜੇ ਅਤੇ ਉਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਅਪਸ਼ਬਦ ਕਹੇ ਤੇ ਇੱਕ ਮੁਜ਼ਾਹਰਾਕਾਰੀ ਦੇ ਥੱਪੜ ਵੀ ਮਾਰਿਆ। ਜ਼ਿਕਰਯੋਗ ਹੈ ਕਿ ਇਸ ਕੇਸ ਵਿਚ ਮੁਲਜ਼ਮ ਪੁਲੀਸ ਅਫਸਰਾਂ ਜਿਨ੍ਹਾਂ ਵਿਚ ਆਈਜੀਪੀ ਤੇ ਐੱਸਐੱਸਪੀ ਵੀ ਸ਼ਾਮਲ ਹਨ, ਨੇ 14 ਅਕਤੂਬਰ 2015 ਨੂੰ ਕੋਟਕਪੂਰਾ ਤੇ ਬਹਿਬਲ ਕਲਾਂ ਵਿਚ ਮੁਜ਼ਾਹਰਾਕਾਰੀਆਂ 'ਤੇ ਗੋਲੀ ਚਲਾਉਣ ਦੇ ਦੋਸ਼ਾਂ ਨੂੰ ਝੂਠ ਦੱਸਿਆ ਹੈ।



**ਐਸਐਸਪੀ ਸ਼ਰਮਾ ਦਾ ਗੈਰਕਾਨੂੰਨੀ ਰੋਲ-** ਸਿੱਟ ਨੇ ਆਪਣੀ ਰਿਪੋਰਟ ਵਿਚ ਦੋਸ਼ ਲਗਾਇਆ ਕਿ ਪੁਲੀਸ ਨੇ ਡਿਊਟੀ ਮੈਜਿਸਟਰੇਟ ਜੋ ਕਿ ਮੌਕੇ 'ਤੇ ਹਾਜ਼ਰ ਸੀ, ਦੀ ਮਨਜ਼ੂਰੀ ਲਏ ਬਿਨਾਂ ਹੀ ਮੁਜ਼ਾਹਰਾਕਾਰੀਆਂ 'ਤੇ ਪਹਿਲਾਂ ਲਾਠੀਚਾਰਜ ਕੀਤਾ ਤੇ ਬਾਅਦ ਵਿੱਚ ਗੋਲੀ ਚਲਾ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹਾ ਕੋਈ ਵੀ ਸਬੂਤ ਨਹੀਂ ਮਿਲਿਆ ਜਿਸ ਤੋਂ ਸਾਬਤ ਹੁੰਦਾ ਹੋਵੇ ਕਿ ਪੁਲੀਸ ਨੂੰ ਮੁਜ਼ਾਹਰਾਕਾਰੀਆਂ ਤੋਂ ਖਤਰਾ ਸੀ ਕਿਉਂਕਿ ਕਿਸੇ ਵੀ ਮੁਜ਼ਾਹਰਾਕਾਰੀ ਕੋਲ ਕੋਈ ਹਥਿਆਰ ਨਹੀਂ ਸੀ। ਸਿੱਟ ਨੇ ਕਿਹਾ ਕਿ ਪੁਲੀਸ ਨੇ ਚਰਨਜੀਤ ਸ਼ਰਮਾ ਦੀ ਜਿਪਸੀ 'ਤੇ 12 ਬੋਰ ਦੀ ਬੰਦੂਕ ਨਾਲ ਖੁਦ ਗੋਲੀਆਂ ਚਲਾ ਕੇ ਝੂਠੇ ਸਬੂਤ ਤਿਆਰ ਕੀਤੇ ਹਨ। ਸਿੱਟ ਨੇ ਕਿਹਾ ਕਿ ਪੁਲੀਸ ਨੇ ਮੁਜ਼ਾਹਰਾਕਾਰੀਆਂ ਖ਼ਿਲਾਫ਼ ਦਰਜ ਕੀਤੀ ਐੱਫਆਈਆਰ ਵਿਚ ਕਿਹਾ ਹੈ ਕਿ ਮੁਜ਼ਾਹਰਾਕਾਰੀਆਂ ਨੇ ਏਐੱਸਆਈ ਸੁਰਿੰਦਰ  ਦੀ ਕੁੱਟਮਾਰ ਕੀਤੀ, ਜਿਸ ਕਾਰਨ ਆਤਮ ਰੱਖਿਆ ਲਈ ਪੁਲੀਸ ਨੂੰ ਗੋਲੀ ਚਲਾਉਣੀ ਪਈ, ਜਦਕਿ ਸੁਰਿੰਦਰ ਵੱਲੋਂ ਸਿੱਟ ਕੋਲ ਬਿਆਨ ਦਿੱਤੇ ਗਏ ਹਨ ਕਿ ਪੁਲੀਸ ਨੇ ਉਸ ਦੀ ਕੁੱਟਮਾਰ ਹੋਣ ਤੋਂ ਕਾਫੀ ਸਮਾਂ ਪਹਿਲਾਂ ਹੀ ਮੁਜ਼ਾਹਰਾਕਾਰੀਆਂ 'ਤੇ ਗੋਲੀ ਚਲਾ ਦਿੱਤੀ ਸੀ ਤੇ ਪੁਲੀਸ ਦੀ ਗੋਲੀ ਨਾਲ ਦੋ ਵਿਅਕਤੀਆਂ ਦੀ ਮੌਤ ਹੋ ਜਾਣ ਤੋਂ ਬਾਅਦ ਹੀ ਲੋਕਾਂ ਨੇ ਪੁਲੀਸ ਦੀਆਂ ਗੱਡੀਆਂ ਸਾੜੀਆਂ ਸਨ।

**ਡੇਰਾ ਸਿਰਸਾ ਮੁਖੀ ਤੋਂ ਪੁੱਛਗਿੱਛ ਹੋਵੇਗੀ-** ਫ਼ਰੀਦਕੋਟ ਦੀ ਇੱਕ ਅਦਾਲਤ ਨੇ ਵਿਸ਼ੇਸ਼ ਜਾਂਚ ਟੀਮ ਨੂੰ ਰੋਹਤਕ ਦੀ ਸੁਨਾਰੀਆ ਜੇਲ੍ਹ  ਵਿਚ ਬਲਾਤਕਾਰ ਦੇ ਦੋਸ਼ਾਂ ਵਿਚ ਉਮਰ ਕੈਦ ਭੋਗ ਰਹੇ ਸਿਰਸਾ ਦੇ ਸੌਦਾ ਸਾਧ ਤੋਂ ਪੁੱਛਗਿੱਛ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਸਿੱਟ ਸਾਲ 2015 ਦੌਰਾਨ ਪੰਜਾਬ ਵਿੱਚ ਵਾਪਰੀਆਂ  ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੀ ਹੈ। ਇੱਥੇ ਵਰਨਣਯੋਗ ਹੈ ਕਿ  ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਵਿੱਚ ਕੁਝ ਡੇਰਾ ਸ਼ਰਧਾਲੂਆਂ ਨੂੰ ਨਾਮਜ਼ਦ ਕੀਤਾ ਗਿਆ ਸੀ। ਪੰਜਾਬ ਪੁਲਿਸ ਹੁਣ ਤੱਕ 23 ਡੇਰਾ ਸ਼ਰਧਾਲੂਆਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ ਤੇ ਉਨ੍ਹਾਂ ਨੂੰ ਬਰਗਾੜੀ ਬੇਅਦਬੀ ਦੀ ਘਟਨਾ ਨਾਲ ਜੋੜਿਆ ਗਿਆ ਹੈ। ਇਸ ਤੋਂ ਇਲਾਵਾ ਸਿੱਟ ਪੰਜਾਬ ਦੇ ਸਾਬਕਾ  ਉੱਪ ਮੁੱਖ ਮੰਤਰੀ ਸੁਖਬੀਰ  ਬਾਦਲ ਤੇ ਡੇਰਾ ਮੁਖੀ ਵਿਚਾਲੇ ਮੀਟਿੰਗ ਦੀ ਵੀ ਜਾਂਚ ਕਰ ਰਹੀ ਹੈ। ਦਰਅਸਲ, ਡੇਰਾ ਮੁਖੀ ਆਪਣੀ ਫ਼ਿਲਮ ਐਮ ਐਸ ਜੀ-2 ਪੰਜਾਬ ਵਿੱਚ ਰਿਲੀਜ਼ ਕਰਵਾਉਣਾ ਚਾਹੁੰਦਾ ਸੀ ਤੇ ਪਹਿਲਾਂ ਉਸ ਨੂੰ ਕਥਿਤ ਤੌਰ ਉੱਤੇ ਅਕਾਲ ਤਖ਼ਤ ਤੋਂ ਮੁਆਫ਼ੀ ਦਿੱਤੀ ਗਈ। ਇਸ ਮਾਮਲੇ ਵਿੱਚ ਅਕਸ਼ੇ ਕੁਮਾਰ ਦੀ ਭੂਮਿਕਾ ਵੀ ਮੰਨੀ ਜਾਂਦੀ ਹੈ। ਇਹ ਸਮਝਿਆ ਜਾਂਦਾ ਹੈ ਕਿ ਅਕਸ਼ੇ  ਨੇ ਕਥਿਤ ਤੌਰ ਉੱਤੇ ਸੁਖਬੀਰ  ਅਤੇ ਡੇਰਾ ਮੁਖੀ ਵਿਚਾਲੇ ਮੀਟਿੰਗ ਕਰਵਾਈ ਸੀ। ਇਸੇ ਲਈ ਸਿੱਟ ਪਹਿਲਾਂ ਅਕਸ਼ੇ, ਸੁਖਬੀਰ ਬਾਦਲ ਤੇ ਪ੍ਰਕਾਸ਼ ਸਿੰਘ ਬਾਦਲ ਤੋਂ ਵੀ ਪੁੱਛਗਿੱਛ ਕਰ ਚੁੱਕੀ ਹੈ।

**ਮਨਤਾਰ ਬਰਾੜ ਦੀ ਜ਼ਮਾਨਤ ਅਰਜ਼ੀ ਰੱਦ-** ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿਚ ਮੁਲਜ਼ਮ ਵਜੋਂ ਨਾਮਜ਼ਦ ਅਕਾਲੀ ਆਗੂ ਤੇ ਪੰਜਾਬ ਦੇ ਸਾਬਕਾ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਅਦਾਲਤ ਨੇ ਰੱਦ ਕਰ ਦਿੱਤੀ ਹੈ। ਜਾਂਚ ਟੀਮ ਨੇ ਅਦਾਲਤ ਵਿੱਚ ਤਰਕ ਦਿੱਤਾ ਸੀ ਕਿ ਜੇ ਮਨਤਾਰ ਨੂੰ ਅਗਾਊਂ ਜ਼ਮਾਨਤ ਮਿਲਦੀ ਹੈ ਤਾਂ ਉਹ ਜਾਂਚ ਪ੍ਰਕਿਰਿਆ ਨੂੰ ਪ੍ਰਭਾਵਿਤ ਕਰ ਸਕਦਾ ਹੈ। ਜਾਂਚ ਟੀਮ ਨੇ ਕਿਹਾ ਕਿ ਬਰਾੜ ਨੂੰ ਪੁੱਛ-ਪੜਤਾਲ ਲਈ ਹਿਰਾਸਤ ਵਿੱਚ ਲੈਣਾ ਜ਼ਰੂਰੀ ਹੈ। ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਵਿੱਚ ਪੁਲੀਸ ਅਧਿਕਾਰੀਆਂ ਨੂੰ ਜ਼ਮਾਨਤਾਂ ਮਿਲਣ ਤੋਂ ਬਾਅਦ ਜਾਂਚ ਟੀਮ ਦੀ ਕਾਰਵਾਈ ਵਿਵਾਦਾਂ ਵਿਚ ਘਿਰ ਗਈ ਸੀ। ਇਸੇ ਕਰਕੇ ਮਨਤਾਰ ਬਰਾੜ ਦੀ ਜ਼ਮਾਨਤ ਅਰਜ਼ੀ ਰੱਦ ਕਰਵਾਉਣ ਲਈ ਜਾਂਚ ਟੀਮ ਨੇ  ਜ਼ੋਰ ਲਾਇਆ। ਦੂਜੇ ਪਾਸੇ ਮਨਤਾਰ ਸਿੰਘ ਬਰਾੜ ਨੇ ਖ਼ੁਦ ਨੂੰ ਬੇਕਸੂਰ ਦੱਸਦਿਆਂ ਕਿਹਾ ਕਿ ਜਾਂਚ ਟੀਮ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਉਸ ਨੂੰ ਪ੍ਰੇਸ਼ਾਨ ਕਰ ਰਹੀ ਹੈ। ਬਰਾੜ ਨੇ ਦੋਸ਼ ਲਾਇਆ ਕਿ ਜਾਂਚ ਟੀਮ ਉਸ 'ਤੇ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਖ਼ਿਲਾਫ਼ ਗਵਾਹੀ ਦੇਣ ਲਈ ਜ਼ੋਰ ਪਾ ਰਹੀ ਸੀ ਤੇ ਜਦ ਉਹ ਜਾਂਚ ਟੀਮ ਦੇ ਦਬਾਅ ਵਿਚ ਨਹੀਂ ਆਇਆ ਤਾਂ ਉਸ ਨੂੰ ਕੋਟਕਪੂਰਾ ਗੋਲੀ ਕਾਂਡ ਵਿੱਚ ਗਲਤ ਤਰੀਕੇ ਨਾਲ ਨਾਜ਼ਮਦ ਕੀਤਾ ਗਿਆ। ਜ਼ਮਾਨਤ ਅਰਜ਼ੀ ਰੱਦ ਹੋਣ ਤੋਂ ਬਾਅਦ ਮਨਤਾਰ  ਦੀ ਗ੍ਰਿਫ਼ਤਾਰੀ ਦੀਆਂ ਸੰਭਾਵਨਾਵਾਂ ਵੱਧ ਗਈਆਂ ਹਨ। ਦੂਸਰੇ ਪਾਸੇ ਪੰਜਾਬ ਕਾਂਗਰਸ ਕਮੇਟੀ ਦੇ ਸੀਨੀਅਰ ਨੇਤਾ ਤੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਅਕਾਲੀ ਦਲ ਦੇ ਸਾਬਕਾ ਵਿਧਾਇਕ ਮਨਤਾਰ ਦੀ ਜ਼ਮਾਨਤ ਦੀ ਅਰਜ਼ੀ ਅਦਾਲਤ ਵੱਲੋਂ ਰੱਦ ਕਰ ਦੇਣ ਨਾਲ ਬਹਿਬਲ ਕਲਾਂ ਤੇ ਕੋਟਕਪੂਰਾ ਵਿਖੇ ਸਾਲ 2015 ਦੌਰਾਨ ਵਾਪਰੀਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਿਰੁੱਧ ਸ਼ਾਂਤਮਈ ਢੰਗ ਨਾਲ ਰੋਸ ਧਰਨਾ ਲਗਾ ਰਹੇ ਲੋਕਾਂ ਉੱਤੇ ਗੋਲੀ ਚਲਾਉਣ ਦੇ ਕਾਰੇ ਵਿੱਚ ਅਕਾਲੀ ਦਲ ਦੀ ਸ਼ਮੂਲੀਅਤ ਜੱਗ-ਜ਼ਾਹਿਰ ਹੋ ਗਈ ਹੈ। ਉਨ੍ਹਾਂ ਕਿਹਾ ਕਿ ਅਕਾਲੀਆਂ ਲਈ ਇਸ ਤੋਂ ਵੱਧ ਸ਼ਰਮਨਾਕ ਕੀ ਹੋ ਸਕਦਾ ਹੈ ਕਿ ਉਹ ਹੁਣ ਤੱਕ ਬੇਅਦਬੀ ਦੀਆਂ ਘਟਨਾਵਾਂ ਵਿੱਚ ਸ਼ਾਮਲ ਮੁਲਜ਼ਮਾਂ ਨੂੰ ਕਾਬੂ ਕਰਨ ਵਿਚ ਅਸਫਲ ਰਹੇ।

## ਜਥੇਦਾਰ ਇਕਬਾਲ ਸਿੰਘ ਨੇ ਸਿੱਟ ਨੂੰ ਬਿਆਨ ਦਿੱਤਾ

ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਇਕਬਾਲ ਸਿੰਘ ਨੇ ਐਸਆਈਟੀ ਅਧਿਕਾਰੀਆਂ ਨੂੰ ਡੇਰਾ ਮੁਖੀ ਰਾਮ ਰਹੀਮ ਨੂੰ ਦਿੱਤੀ ਗਈ ਮਾਫੀ ਨੂੰ ਲੈ ਕੇ ਆਪਣੇ ਲਿਖਤੀ ਬਿਆਨ ਦਰਜ਼ ਕਰਵਾ ਦਿੱਤੇ ਹਨ। ਐਸਆਈਟੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਲਦ ਹੀ ਇਨ੍ਹਾਂ ਬਿਆਨਾਂ ਦੇ ਅਧਾਰ 'ਤੇ ਉਹ ਠੋਸ ਕਾਰਵਾਈ ਕਰਨ ਜਾ ਰਹੇ ਹਨ। ਸੂਤਰਾਂ ਮੁਤਾਬਕ ਜੇਕਰ ਇਸ ਕਾਰਵਾਈ ਤਹਿਤ ਐਸਆਈਟੀ ਨੇ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁੱਖ ਸਿੰਘ ਨੂੰ ਜਾਂਚ ਵਿੱਚ ਸ਼ਾਮਲ ਕੀਤਾ ਤਾਂ ਇਸ ਕੇਸ ਵਿਚ ਨਵਾਂ ਮੋੜ ਆ ਸਕਦਾ ਹੈ। ਦੱਸ ਦਈਏ ਕਿ ਬੀਤੇ ਦਿਨੀਂ ਜਦੋਂ ਪਹਿਲਾਂ ਗਿਆਨੀ ਇਕਬਾਲ ਸਿੰਘ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਜਥੇਦਾਰੀ ਤੋਂ ਮੁਅੱਤਲ ਕੀਤਾ ਗਿਆ ਸੀ ਤਾਂ ਗਿਆਨੀ ਹੁਰਾਂ ਨੇ ਇਹ ਦੋਸ਼ ਲਾਏ ਸਨ ਕਿ ਡੇਰਾ ਮੁਖੀ ਰਾਮ ਰਹੀਮ ਨੂੰ ਬਿਨਾ ਮੰਗਿਆਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਾਫੀ ਦਿੱਤੀ ਗਈ ਸੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੀ ਰੱਖੇ ਕੰਪਿਊਟਰ ਰਾਹੀਂ ਉਸ ਵੇਲੇ ਦੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁੱਖ ਸਿੰਘ ਨੇ ਦਿੱਲੀ ਤੋਂ ਆਪਣਾ ਇੱਕ ਬੰਦਾ ਬੁਲਾ ਕੇ ਇਸ ਮਾਫੀ ਪੱਤਰ ਵਿਚ 'ਖਿਮਾਂ ਦਾ ਜਾਚਕ' ਸ਼ਬਦ ਬਾਅਦ ਵਿੱਚ ਸ਼ਾਮਲ ਕੀਤਾ ਸੀ। ਉਸ ਵੇਲੇ ਉਨ੍ਹਾਂ ਇਹ ਸਾਰੇ ਦੋਸ਼ ਲਾਉਣ ਤੋਂ ਬਾਅਦ ਇਹ ਤਾੜਨਾ ਵੀ ਕੀਤੀ ਸੀ ਕਿ ਉਹ ਜਲਦ ਹੀ ਆਪਣੇ ਇਹ ਬਿਆਨ ਬੇਅਦਬੀ ਅਤੇ ਗੋਲੀ ਕਾਂਡਾਂ ਦੀ ਜਾਂਚ ਕਰ ਰਹੀ ਜਾਂਚ ਟੀਮ ਕੋਲ ਦਰਜ਼ ਕਰਵਾਉਣਗੇ। ਜਿਸ ਵੇਲੇ ਗਿਆਨੀ ਇਕਬਾਲ ਸਿੰਘ ਨੇ ਮੀਡੀਆ ਰਾਹੀਂ ਐਸਆਈਟੀ ਅੱਗੇ ਪੇਸ਼ ਹੋਣ ਦੀ ਧਮਕੀ ਦਿੱਤੀ ਗਈ ਸੀ, ਉਸ ਵੇਲੇ ਇਹ ਮੰਨਿਆ ਜਾ ਰਿਹਾ ਸੀ ਕਿ ਗਿਆਨੀ ਇਕਬਾਲ ਸਿੰਘ ਆਪਣੀ ਜਥੇਦਾਰੀ ਬਚਾਉਣ ਲਈ ਦਬਾਅ ਦੀ ਨੀਤੀ ਅਪਣਾ ਰਹੇ ਹਨ ਪਰ ਇਸ ਦੇ ਬਾਵਜੂਦ ਗਿਆਨੀ ਹੁਰਾਂ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ। ਇੱਧਰ ਗਿਆਨੀ ਇਕਬਾਲ ਸਿੰਘ ਨੇ ਵੀ ਹੁਣ ਆਪਣੀ ਉਸ ਧਮਕੀ ਨੂੰ ਸੱਚ ਕਰਕੇ ਵਿਖਾਉਂਦਿਆਂ ਆਪਣੇ ਬਿਆਨ ਐਸਆਈਟੀ ਕੋਲ ਦਰਜ ਕਰਵਾ ਦਿੱਤੇ ਹਨ। ਇਸ ਸਬੰਧੀ ਜਾਂਚ ਟੀਮ ਦੇ ਸੀਨੀਅਰ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਪੁਸ਼ਟੀ ਕੀਤੀ ਹੈ ਕਿ ਡੇਰਾ ਮੁਖੀ ਦੀ ਮਾਫੀ ਨੂੰ ਲੈ ਕੇ ਗਿਆਨੀ ਇਕਬਾਲ ਸਿੰਘ ਨੇ ਆਪਣੇ ਬਿਆਨ ਦਰਜ਼ ਕਰਵਾਏ ਹਨ ਅਤੇ ਬਹੁਤ ਜਲਦ ਇਨ੍ਹਾਂ ਬਿਆਨਾਂ ਦੇ ਆਧਾਰ 'ਤੇ ਐਸਆਈਟੀ ਅਗਲੀ ਕਾਰਵਾਈ ਕਰਨ ਜਾ ਰਹੀ ਹੈ।



**ਇਕਬਾਲ ਸਿੰਘ ਦੇ ਨਿਸ਼ਾਨੇ 'ਤੇ ਸੁਖਬੀਰ ਬਾਦਲ-** ਤਖਤ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫ਼ੀ ਦੇਣ ਵਾਲੇ ਦਸਤਾਵੇਜ਼ ਅਕਾਲ ਤਖ਼ਤ ਸਾਹਿਬ ਦੀ ਸੱਤ ਮੈਂਬਰੀ ਜਾਂਚ ਕਮੇਟੀ ਨੂੰ ਵੀ ਸੌਂਪ ਦਿੱਤੇ ਹਨ। ਅਜਿਹੇ ਵਿੱਚ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਤਖ਼ਤ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਦਾ ਦਾਅਵਾ ਹੈ ਕਿ ਉਨ੍ਹਾਂ ਵੱਲੋਂ ਸੌਂਪੇ ਗਏ ਦਸਤਾਵੇਜ਼ਾਂ ਵਿੱਚ ਡੇਰਾ ਸਿਰਸਾ ਵੱਲੋਂ ਭੇਜਿਆ ਗਿਆ ਪੱਤਰ ਵੀ ਸ਼ਾਮਲ ਹੈ, ਜਿਸ ਦੇ ਆਧਾਰ 'ਤੇ ਮੁਆਫ਼ੀ ਦਿੱਤੀ ਗਈ ਸੀ। ਹਾਲਾਂਕਿ, ਉਨ੍ਹਾਂ ਦਾ ਦਾਅਵਾ ਹੈ ਕਿ ਡੇਰੇ ਤੋਂ ਮਿਲੇ ਪੱਤਰ ਵਿੱਚ ਕਿਤੇ ਵੀ ਖਿਮਾ ਜਾਚਨਾ ਦਾ ਜ਼ਿਕਰ ਨਹੀਂ ਸੀ।










ਜਸਟਿਸ ਗੁਰਨਾਮ ਸਿੰਘ ਜਾਂਚ ਪੜਤਾਲ ਕਮਿਸ਼ਨ, ਪੰਜਾਬ

# ਹਵਾਲਾ ਨਕੋਦਰ ਘਟਨਾ

## ਜਾਂਚ ਪੜਤਾਲ ਰਿਪੋਰਟ

ਚੰਡੀਗੜ੍ਹ, ਅਕਤੂਬਰ 31, 1986

**4 ਫਰਵਰੀ 1986 ਨੂੰ ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿਚ ਪੈਂਦੇ ਕਸਬਾ ਨਕੋਦਰ ਵਿਖੇ ਇਕ ਹੌਲਨਾਕ ਕਾਂਡ ਵਾਪਰਿਆ ਸੀ। ਅਖੌਤੀ ਸ਼ਿਵ ਸੈਨਿਕਾਂ ਨੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਬੇਅਦਬੀ ਕੀਤੀ ਸੀ। ਸਿੱਖ ਸੰਗਤਾਂ ਨੇ ਜਦੋਂ ਰੋਸ ਵਿਚ ਅਮਨ-ਪੂਰਵਕ ਜਲੂਸ ਕੱਢਿਆ ਤਾਂ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਦੇ ਲਾਠੀਚਾਰਜ ਕੀਤਾ। ਇਸ ਦੌਰਾਨ ਚਾਰ ਸਿੱਖ ਨੌਜਵਾਨ ਸ਼ਹੀਦ ਹੋਏ ਤੇ ਸੈਂਕੜੇ ਜ਼ਖਮੀ ਹੋਏ। ਇਸ ਬਾਬਤ ਤਤਕਾਲੀਨ ਸੁਰਜੀਤ ਸਿੰਘ ਬਰਨਾਲਾ ਦੀ ਅਕਾਲੀ ਸਰਕਾਰ ਨੇ ਜਾਂਚ ਵਾਸਤੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਸਥਾਪਨਾ ਕੀਤੀ ਸੀ, ਜਿਸ ਦੀ ਰਿਪੋਰਟ ਲੰਮਾ ਸਮਾਂ ਦਬਾ ਕੇ ਰੱਖਣ ਤੋਂ ਬਾਅਦ ਸਾਲ 2001 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਵਿਧਾਨ ਸਭਾ 'ਚ ਪੇਸ਼ ਹੋਈ ਪਰ ਬਾਦਲ ਸਰਕਾਰ ਨੇ ਵੀ ਕੋਈ ਕਾਰਵਾਈ ਕਰਨ ਦੀ ਥਾਂ ਇਸ ਰਿਪੋਰਟ ਨੂੰ ਮੁੜ ਨੱਪ ਲਿਆ। ਲੰਮੀ ਜੱਦੋਜਹਿਦ ਤੋਂ ਬਾਅਦ ਆਖਿਰ ਮੁੜ ਇਸ ਰਿਪੋਰਟ ਨੂੰ ਬਾਹਰ ਲਿਆਉਣ ਵਿਚ ਕਾਮਯਾਬੀ ਮਿਲੀ ਹੈ। ਅਦਾਰਾ ''ਅੰਮ੍ਰਿਤਸਰ ਟਾਈਮਜ਼'' ਵੱਲੋਂ ਜਸਟਿਸ ਗੁਰਨਾਮ ਸਿੰਘ ਰਿਪੋਰਟ ਦਾ ਹੂਬਹੂ ਉਤਾਰਾ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ-ਸੰਪਾਦਕ।**

### ਭਾਗ ਛੇਵਾਂ

(ਲੜੀ ਜੋੜਨ ਲਈ ਪਿਛਲੇ ਅੰਕ ਵੇਖੋ)

41.ਸ੍ਰੀ ਏ.ਕੇ.ਸ਼ਰਮਾ, ਐਸ.ਪੀ. (ਆਪ੍ਰੇਸ਼ਨ) ਦਾ ਵੀ ਬਤੌਰ ਗਵਾਹ ਨਿਰੀਖਣ ਕੀਤਾ ਗਿਆ ਸੀ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਪਰਿਸ਼ਦ ਦੁਆਰਾ ਉਸ ਦੀ ਜਿਸ ਵਿਚ ਉਸ ਨੇ ਦੱਸਿਆ ਕਿ ਬਾਅਦ ਦੁਪਹਿਰ ਕਰੀਬ 04:00 ਵਜੇ ਉਸ ਨੇ ਗੋਲੀਆਂ ਚਲਾਉਣ ਦਾ ਆਖਰੀ ਹੀਲਾ ਅਪਨਾਉਣ ਸਬੰਧੀ ਫੈਸਲਾ ਕੀਤਾ ਅਤੇ ਉਸ ਸਮੇਂ ਉਸ ਨੇ ਜ਼ਿਲ੍ਹਾ ਮੈਜਿਸਟ੍ਰੇਟ ਪਾਸੋਂ ਵਾਇਰਲੈਸ 'ਤੇ ਇਜਾਜ਼ਤ ਨਹੀਂ ਸੀ ਲਈ ਕਿਉਂਜੋ ਇਹ ਸੰਭਵ ਨਹੀਂ ਸੀ। ਉਸ ਨੇ ਹੋਰ ਇਹ ਵੀ ਦੱਸਿਆ ਕਿ ਭੀੜ ਸੜਕ ਤੇ ਵਿਖਰੀ ਹੋਈ ਸੀ ਅਤੇ ਨੇੜੇ ਤੋਂ ਨੇੜਲੇ ਪੁਰਸ਼ ਸੁੱਖਿਆ ਬਲਾਂ ਤੋਂ 15 ਤੋਂ 20 ਗਜ਼ ਦੀ ਦੂਰੀ ਤੇ ਸਨ ਜਿਥੋਂ ਕਿ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ ਗਿਆ ਸੀ। ਉਸ ਨੇ ਹੋਰ ਇਹ ਵੀ ਦੱਸਿਆ ਕਿ ਜਦੋਂ ਪਲਾਸਟਿਕ ਦੀਆਂ ਗੋਲੀਆਂ ਦੀ ਵਰਤੋਂ ਕੀਤੀ ਗਈ ਸੀ ਤਾਂ ਭੀੜ 30 ਤੋਂ 40 ਗਜ਼ ਦੇ ਫਾਸਲੇ ਤੇ ਸੀ ਅਤੇ ਇਹ ਫਾਸਲਾ ਉਦੋਂ ਵੀ ਉਤਨਾ ਹੀ ਸੀ ਜਦੋਂ ਹੰਝੂ ਗੈਸ ਦੇ ਗੋਲੇ ਸੁੱਟੇ ਗਏ ਸਨ। ਉਸ ਨੇ ਹੋਰ ਇਹ ਵੀ ਦੱਸਿਆ ਕਿ ਸੁੱਰਖਿਆ ਬਲ ਸਾਰਾ ਸਮਾਂ ਪਿੱਛੇ ਹਟ ਗਏ ਸਨ। ਉਹ ਇਹ ਨਹੀਂ ਕਹਿ ਸਕਦਾ ਕਿ ਭੀੜ ਵਿਚ ਕਿਤਨੇ ਵਿਅਕਤੀਆਂ ਪਾਸ ਹਥਿਆਰ ਸਨ। ਉਹ ਇਹ ਵੀ ਨਹੀਂ ਕਹਿ ਸਕਦਾ ਕਿ ਕੀ ਉਸ ਸਮੇਂ ਭੀੜ ਨੇ ਕਿਸੇ ਸਰਕਾਰੀ ਜਾਇਦਾਦ ਦਾ ਵੀ ਨੁਕਸਾਨ ਕੀਤਾ ਸੀ। ਪ੍ਰੰਤੂ ਉਸ ਨੇ ਇਹ ਦੱਸਿਆ ਕਿ ਉਨ੍ਹਾਂ ਨੇ ਪੁਲਿਸ ਪਾਰਟੀ ਨੂੰ ਜ਼ਖਮੀ ਕਰ ਦਿੱਤਾ ਸੀ।

42. ਸ੍ਰੀ ਜਸਕੀਰਤ ਸਿੰਘ ਐਸ.ਐਚ.ਓ. ਨਕੋਦਰ ਨੇ ਇਹ ਵੀ ਬਿਆਨ ਦਿੱਤਾ ਕਿ ਭਾਸ਼ਣਾਂ ਤੋਂ ਬਾਅਦ ਭੀੜ ਜੋ ਪੂਰੀ ਤਰ੍ਹਾਂ ਹਥਿਆਰਬੰਦ ਅਤੇ ਅਧਿਕ ਚੜ੍ਹਾਈ ਦੇ ਰੌਂਅ ਵਿਚ ਸੀ, ਨਕੋਦਰ ਸ਼ਹਿਰ ਵਿਚਲੇ ਕਰਫਿਊ ਵਾਲੇ ਇਲਾਕੇ ਵਿਚ ਦਾਖ਼ਲ ਹੋਣਾ ਲੋਚਦੀ ਸੀ ਕਿ ਸ੍ਰੀ ਏ.ਕੇ. ਸ਼ਰਮਾ ਅਤੇ ਸ੍ਰੀ ਘੁੰਮਣ ਨੇ ਲਾਊਡ ਸਪੀਕਰ 'ਤੇ ਭੀੜ ਨੂੰ ਚਿਤਾਵਨੀ ਦਿੱਤੀ ਕਿ ਉਨ੍ਹਾਂ ਦਾ ਕੂਚ ਗੈਰ ਕਾਨੂੰਨੀ ਅਤੇ ਬੇਲੋੜਾ ਹੈ ਅਤੇ ਉਨ੍ਹਾਂ ਨੂੰ ਕਰਫਿਊ ਵਾਲੇ ਇਲਾਕੇ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਪ੍ਰੰਤੂ ਉਨ੍ਹਾਂ ਨੇ ਇਸ ਗੱਲ ਦੀ ਪਾਲਣਾ ਨਹੀਂ ਕੀਤੀ ਅਤੇ ਪੁਲਿਸ 'ਤੇ ਪਥਰਾਅ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਹੋਰ ਇਹ ਬਿਆਨ ਦਿੱਤਾ ਕਿ ਵਿਗੜ ਰਹੀ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ, ਸੁਪਰਡੈਂਟ ਪੁਲਿਸ (ਆਪ੍ਰੇਸ਼ਨ) ਨੇ ਹੰਝੂ ਗੈਸ ਦਸਤੇ ਨੂੰ ਭੀੜ ਦੇ ਪਿਛਲੇ ਪਾਸੇ ਤੋਂ ਹੰਝੂ ਗੈਸ ਦੇ ਗੋਲੇ ਅਤੇ ਹੱਥ ਗੋਲੇ (ਗਰਨੇਡਜ਼) ਚਲਾਉਣ ਲਈ ਹੁਕਮ ਦਿੱਤਾ। ਕਿਉਂ ਜੋ ਹਵਾ ਭੀੜ ਦੇ ਪਾਸੇ ਤੋਂ ਵਗ ਰਹੀ ਸੀ, ਲਈ ਅੰਦੋਲਨਕਾਰੀਆਂ ਨੇ ਅੱਗੇ ਵਧਣਾ ਜਾਰੀ ਰੱਖਿਆ ਕਿ ਸੁਪਰਡੈਂਟ ਪੁਲਿਸ ਨੇ ਲਾਠੀਚਾਰਜ ਲਈ ਹੁਕਮ ਦੇ ਦਿੱਤਾ ਸੀ ਪ੍ਰੰਤੂ ਇਹ ਵੀ ਕੋਈ ਵਧੇਰੇ ਸਫ਼ਲ ਸਿੱਧ ਨਹੀਂ ਸੀ ਹੋਇਆ ਕਿ ਭੀੜ ਨੇ ਗੋਲੀਆਂ ਚਲਾਈਆਂ ਅਤੇ ਕੁਝ ਪੁਲਿਸ ਅਫ਼ਸਰਾਂ ਨੂੰ ਜ਼ਖਮੀ ਕਰ ਦਿੱਤਾ ਸੀ, ਕਿ ਪੁਲਿਸ ਕਪਤਾਨ ਨੇ ਰੋਬਿਟ ਗੱਨਜ਼ ਚਲਾਉਣ ਦਾ ਹੁਕਮ ਦਿੱਤਾ, ਪ੍ਰੰਤੂ ਇਹਦਾ ਵੀ ਕੋਈ ਅਸਰ ਨਹੀਂ ਸੀ ਹੋਇਆ ਕਿ ਭੀੜ ਨੇ ਨਗਰ ਦੇ ਸੰਘਣੀ ਵਸੋਂ ਵਾਲੇ ਇਲਾਕੇ ਵਿਚ ਪਹੁੰਚਣ ਦੀ ਕੋਸ਼ਿਸ਼ ਕੀਤੀ ਅਤੇ ਜਦੋਂ ਹਰ ਕਿਸਮ ਦੀ ਕਾਰਵਾਈ ਲਾਹੇਬੰਦ ਸਾਬਤ ਨਾ ਹੋਈ ਤਾਂ ਐਸ.ਪੀ. (ਆਪ੍ਰੇਸ਼ਨ) ਨੇ ਉਨ੍ਹਾਂ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਨਿਯੰਤ੍ਰਿਤ ਗੋਲੀਆਂ ਚਲਾਉਣ ਦਾ ਹੁਕਮ ਦੇ ਦਿੱਤਾ। ਉਸ ਨੇ ਹੋਰ ਇਹ ਬਿਆਨ ਦਿੱਤਾ ਕਿ ਗੋਲੀਆਂ ਚਲਾਉਣ



ਦੇ ਸਿੱਟੇ ਵਜੋਂ ਤਿੰਨ ਵਿਅਕਤੀ ਮਾਰੇ ਗਏ ਸਨ ਅਤੇ ਕੁਝ ਜ਼ਖਮੀ ਹੋ ਗਏ ਸਨ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਇਕ ਵਿਅਕਤੀ ਬਾਅਦ ਵਿਚ ਮਰ ਵੀ ਗਿਆ ਸੀ। ਇਸੇ ਤਰ੍ਹਾਂ ਦਾ ਬਿਆਨ ਸ੍ਰੀ ਜੀ.ਐਸ. ਘੁੰਮਣ ਡੀ.ਐਸ.ਪੀ. ਦਾ ਹੈ।

43. ਕਮਿਸ਼ਨ ਦੁਆਰਾ ਨਿਰੀਖਣ ਕਰਦੇ ਸਮੇਂ ਸ੍ਰੀ ਢਿੱਲੋਂ ਦੁਆਰਾ ਉਸ ਦੀ ਜ਼ਿਰ੍ਹਾ ਦੌਰਾਨ ਸ੍ਰੀ ਜਸਕੀਰਤ ਸਿੰਘ ਨੇ ਦੱਸਿਆ ਕਿ ਉਸ ਨੇ ਆਪਣੇ 455 ਰਿਵਾਲਵਰ ਨਾਲ ਦੋ ਰੌਂਦ ਚਲਾਏ ਸਨ ਅਤੇ ਉਸ ਸਮੇਂ ਭੀੜ ਦੇ ਮੂਹਰਲੇ ਲੋਕ ਉਸ ਤੋਂ 15 ਤੋਂ 20 ਗਜ਼ ਦੀ ਵਿੱਥ ਤੇ ਸਨ। ਉਸ ਨੇ ਹੋਰ ਇਹ ਦੱਸਿਆ ਕਿ ਐਸ.ਪੀ. (ਆਪ੍ਰੇਸ਼ਨ) ਨੇ ਗੋਡਿਆਂ ਤੱਕ (ਪੈਰਾਂ ਤੋਂ ਗੋਡਿਆਂ ਤੱਕ ਲੱਤਾਂ 'ਚ) ਗੋਲੀਆਂ ਚਲਾਉਣ ਦੀਆਂ ਹਦਾਇਤਾਂ ਦਿੱਤੀਆਂ ਸਨ। ਉਸ ਨੇ ਹੋਰ ਇਹ ਦੱਸਿਆ ਕਿ ਹਵਾ ਵਿਚ ਗੋਲੀਆਂ ਚਲਾਉਣ ਦਾ ਕੋਈ ਹੁਕਮ ਨਹੀਂ ਸੀ ਦਿੱਤਾ ਗਿਆ।

44.ਕਮਿਸ਼ਨ ਦੇ ਸਾਹਮਣੇ ਸ੍ਰੀ ਢਿੱਲੋਂ ਦੁਆਰਾ ਜ਼ਿਰ੍ਹਾ ਕਰਨ ਤੇ ਸ੍ਰੀ ਘੁੰਮਣ ਨੇ ਦੱਸਿਆ ਕਿ ਐਸ. ਪੀ (ਅਪ੍ਰੇਸ਼ਨ, ਗੋਲੀਆਂ ਚਲਾਉਣ ਦਾ ਹੁਕਮ ਦਿੰਦੇ ਹੋਏ (ਕਮਰ) ਤੋਂ ਹੇਠਾਂ ਨਿਸ਼ਾਨਾ ਲਾਉਣ ਦੇ ਹੁਕਮ ਦਿੱਤਾ ਸੀ। ਉਸ ਨੇ ਹੋਰ ਵੀ ਦੱਸਿਆ ਕਿ ਉਹ ਲਾਸ਼ਾਂ ਅਤੇ ਜ਼ਖ਼ਮੀ ਵਿਅਕਤੀਆਂ ਦੇ ਜ਼ਖਮਾਂ ਦੇ ਸਾਧਨ ਬਾਰੇ ਨਹੀਂ ਦੱਸ ਸਕਿਆ।

45. ਸ਼ੇਰਪੁਰ ਪੁਲ ਵਿਖੇ ਗੋਲੀਆਂ ਚਲਾਉਣ ਬਾਰੇ ਪਤਾ ਲੱਗਣ 'ਤੇ ਏ.ਡੀ.ਸੀ. ਅਤੇ ਐਸ.ਐਸ.ਪੀ. ਘਟਨਾ ਸਥਲ ਤੇ ਪਹੁੰਚੇ। ਸ੍ਰੀ ਇਜ਼ਹਾਰ ਆਲਮ, ਐਸ.ਐਸ.ਪੀ. ਜਲੰਧਰ ਨੇ ਕਮਿਸ਼ਨ ਸਾਹਮਣੇ ਸ੍ਰੀ ਢਿੱਲੋਂ, ਮੈਨੇਜਿੰਗ ਕਮੇਟੀ ਲਈ ਸਲਾਹਕਾਰ, ਦੁਆਰਾ ਪ੍ਰਸ਼ਨ ਪੁੱਛੇ ਜਾਣ 'ਤੇ ਆਪਣੇ ਬਿਆਨ ਵਿਚ ਦੱਸਿਆ ਕਿ ਉਸ ਇਲਾਕੇ ਵਿਚ ਥੋੜ੍ਹੀ ਜਿਹੀ ਸਰਕਾਰੀ ਸੰਪਤੀ ਸੀ ਅਤੇ ਉਸ ਨੂੰ ਨੁਕਸਾਨ ਪਹੁੰਚਾਉਣ ਦਾ ਸਵਾਲ ਹੀ ਨਹੀਂ ਸੀ ਉਠਦਾ, ਕੇਵਲ ਇਕ ਸਰਕਾਰੀ ਬੱਸ ਦਾ ਹੀ ਨੁਕਸਾਨ ਹੁੰਦਾ ਦੇਖਿਆ ਗਿਆ। ਉਸ ਨੇ ਹੋਰ ਇਹ ਬਿਆਨ ਦਿੱਤਾ ਸੀ ਕਿ ਇਹੋ ਨੁਕਸਾਨਗ੍ਰਸਤ ਬੱਸ ਪੁਲ ਦੇ ਕਪੂਰਥਲਾ ਵਾਲੇ ਪਾਸੇ ਸੀ ਜਦੋਂ ਗੋਲੀਆਂ ਪੁਲ ਦੇ ਨਕੋਦਰ ਵੱਲ ਚੱਲ ਰਹੀਆਂ ਸਨ।

46. ਗੋਲੀਆਂ ਚੱਲਣ ਦੀ ਘਟਨਾ ਸਬੰਧੀ ਸ੍ਰੀ ਹਰਬਖਸ਼ ਸਿੰਘ, ਸ੍ਰੀ ਜਸਵੰਤ ਸਿੰਘ, ਸ੍ਰੀ ਇਕਬਾਲ ਸਿੰਘ ਅਤੇ ਸ੍ਰੀਮਤੀ ਹਰਭਜਨ ਕੌਰ ਨੇ ਵੀ ਆਪਣੇ ਹਲਫ਼ਨਾਮੇ ਦਾਇਰ ਕੀਤੇ ਸਨ । ਉਨ੍ਹਾਂ ਦਾ ਵੀ ਕਮਿਸ਼ਨ ਦੁਆਰਾ ਗਵਾਹ ਵਜੋਂ ਨਿਰੀਖਣ ਕੀਤਾ ਗਿਆ ਸੀ। ਸ੍ਰੀ ਹਰਬਖਸ਼ ਸਿੰਘ, ਜੋ ਭਾਰਤੀ ਫੌਜ ਦਾ ਸੇਵਾ ਨਿਵਿਰਤ ਕੈਪਟਨ ਅਤੇ ਗੁਰਦੁਆਰਾ ਸਿੰਘ ਸਭਾ ਸਕੂਲ ਨਕੋਦਰ ਦਾ ਪ੍ਰਿੰਸੀਪਲ ਹੈ ਨੇ ਬਿਆਨ ਦਿੱਤਾ ਕਿ ਉਹ ਜਸਬੀਰ ਸਿੰਘ ਨਾਮਕ ਵਿਦਿਆਰਥੀ ਦੀ ਤਲਾਸ਼ (ਭਾਲ) ਵਿੱਚ ਗਿਆ ਸੀ ਅਤੇ ਜਦੋਂ ਉਹ ਲੋਕ ਨਿਰਮਾਣ ਵਿਭਾਗ ਕਾਰਜ ਵਿਭਾਗ (ਪੀ.ਡਬਲਿਊ.ਡੀ.) ਦੇ ਰੈਸਟ ਹਾਊਸ ਦੇ ਨੇੜੇ ਪਹੁੰਚਿਆ, ਉਸ ਨੇ ਦੇਖਿਆ ਕਿ ਪੁਲਿਸ ਅਤੇ ਨੀਮ ਫੌਜੀ ਬਲ ਅੰਨ੍ਹੇਵਾਹ ਤੇ ਬੇਰਹਿਮੀ ਨਾਲ ਲੜਕਿਆਂ ਦੇ ਜਲੂਸ 'ਤੇ ਗੋਲੀਆਂ ਚਲਾ ਰਹੀ ਸੀ ਅਤੇ ਉਨ੍ਹਾਂ ਗੋਲੀਆਂ ਦੇ ਲੱਗਣ ਨਾਲ ਕਈ ਲੜਕੇ ਫੱਟੜ ਹੋ ਕੇ ਅਤੇ ਬਾਕੀ ਦੇ ਭੱਜ ਗਏ। ਉਸ ਨੇ ਇਹ ਵੀ ਬਿਆਨ ਦਿੱਤਾ ਕਿ ਪੁਲਿਸ ਨਿਮਸਤ ਲੱਗਾ ਕੇ ਅਤੇ ਪੈਦਲ, ਉਨ੍ਹਾਂ ਵਿਅਕਤੀਆਂ ਦਾ ਪਿੱਛਾ ਕਰ ਰਹੀ ਸੀ ਜੋ ਕਿ ਗੋਲੀਆਂ ਦੇ ਕਹਿਰ ਤੋਂ ਬਚਣ ਲਈ ਅਤੇ ਆਪਣੀਆਂ ਜ਼ਿੰਦਗੀਆਂ ਬਚਾਉਣ ਲਈ ਨੇੜਲੇ ਧਿਰਾਂ ਵਿਚ ਪਨਾਹ ਲੈਣ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਉਸ ਦੇ ਹਲਫ਼ੀਆ ਬਿਆਨ ਵਿਚ ਅੱਗੇ ਆਉਂਦਾ ਹੈ ਕਿ ਫੌਜ ਦੌਰਾਨ ਹਥਿਆਰਾਂ ਪ੍ਰਤੀ ਉਸ ਦੀ ਜਾਣਕਾਰੀ ਤੇ ਤਜਰਬੇ ਤੋਂ ਉਹ ਇਹ ਕਹਿ ਸਕਦਾ ਹੈ ਕਿ ਅਲੱਗ ਕਿਸਮ ਦੇ ਹਥਿਆਰਾਂ ਨਾਲ ਤਕਰੀਬਨ 300 ਰੌਂਦ ਚਲਾਏ ਗਏ ਸਨ। ਉਸ ਨੇ ਹੋਰ ਇਹ ਬਿਆਨ ਦਿੱਤਾ ਕਿ ਉਹ ਗੋਲੀਆਂ ਚੱਲਣ ਵਾਲੀ ਥਾਂ ਤੋਂ 20/25 ਗਜ਼ ਦੇ ਫਾਸਲੇ 'ਤੇ ਸੀ।

ਉਸ ਨੇ ਹੋਰ ਬਿਆਨ ਦਿੱਤਾ ਹੈ ਕਿ ਉਸ ਨੇ ਭੀੜ ਵਿਚੋਂ ਕਿਸੇ ਵੀ ਵਿਅਕਤੀ ਦੇ ਹੱਥ ਵਿਚ ਲਾਠੀ, ਕੁਹਾੜੀ, ਤਲਵਾਰ ਜਾਂ ਬੰਦੂਕ ਵਰਗਾ ਕੋਈ ਹਥਿਆਰ ਨਹੀਂ ਦੇਖਿਆ ਅਤੇ ਉਸ ਨੇ ਭੀੜ ਵਿਚੋਂ ਕਿਸੇ ਵੀ ਮੈਂਬਰ ਨੂੰ ਪੁਲਿਸ ਤੇ ਇੱਟਾਂ ਦਾ ਪਥਰਾਓ ਕਰਦਿਆਂ ਨਹੀਂ ਦੇਖਿਆ, ਸ੍ਰੀ ਜਸਵੰਤ ਸਿੰਘ ਆਪਣੇ ਹਲਫ਼ੀਆ ਬਿਆਨ ਵਿਚ ਦੱਸਦਾ ਹੈ ਕਿ ਫਾਇਰਿੰਗ ਗੋਲੀਆਂ ਬਹੁਤ ਗੁੱਸੇ ਅਤੇ ਭੜਕਾਹਟ ਵਿਚ ਚਲਾਈਆਂ ਗਈਆਂ ਸਨ ਅਤੇ ਇਹ ਹਾਲਾਤ ਦੇ ਅਨੁਰੂਪ ਨਹੀਂ ਸੀ ਅਤੇ 300 ਤੋਂ ਵੱਧ ਰੌਂਦ ਚਲਾਏ ਗਏ ਸਨ। ਕਮਿਸ਼ਨ ਸਾਹਮਣੇ ਆਪਣੇ ਬਿਆਨ ਵਿਚ ਉਸ ਨੇ ਕਿਹਾ ਕਿ ਉਹ ਸ਼ੇਰਪੁਰ ਪੁਲ ਤੇ ਮਾਮਲੇ ਦਾ ਨਿਪਟਾਰਾ ਕਰਵਾਉਣ ਗਿਆ ਸੀ ਅਤੇ ਉਥੇ ਇਕੱਠੇ ਹੋਏ ਲੋਕਾਂ ਵਿਚੋਂ ਕਿਸੇ ਵਿਅਕਤੀ ਕੋਲ ਕੋਈ ਲਾਠੀ, ਕਿਰਪਾਨ, ਕੁਹਾੜੀ ਜਾਂ ਡਾਂਗਾਂ ਨਹੀਂ ਸੀ। ਉਸ ਨੇ ਇਹ ਸੁਝਾਅ ਮੰਨਣ ਤੋਂ ਇਨਕਾਰ ਕੀਤਾ ਕਿ ਭੀੜ ਨੇ ਪੁਲਿਸ ਤੇ ਇੱਟਾਂ ਵੱਟਿਆਂ ਦਾ ਪਥਰਾਓ ਕੀਤਾ ਸੀ। ਧਿਆਨ ਵਿਚ ਲਿਆਇਆ ਜਾ ਸਕਦਾ ਹੈ ਕਿ ਸ੍ਰੀ ਜਸਵੰਤ ਸਿੰਘ ਅਕਾਲੀ ਦਲ ਨਕੋਦਰ ਦਾ ਪ੍ਰਧਾਨ ਹੈ। ਸ੍ਰੀ ਇਕਬਾਲ ਸਿੰਘ ਮੁਹੱਲਾ ਸ਼ੇਰਪੁਰ ਦਾ ਨਿਵਾਸੀ ਹੈ ਅਤੇ ਉਸ ਨੇ ਕਮਿਸ਼ਨ ਸਾਹਮਣੇ ਕਿਹਾ ਕਿ ਉਸ ਦਾ ਘਰ ਸ਼ੇਰਪੁਰ ਪੁਲ ਤੋਂ 100 ਗਜ਼ ਦੀ ਦੂਰੀ 'ਤੇ ਸਥਿਤ ਹੈ। ਉਸ ਨੇ ਹੋਰ ਕਿਹਾ ਕਿ ਜਦੋਂ ਪੁਲਿਸ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕੀਤੀਆਂ ਤਾਂ ਉਹ ਆਪਣੇ ਘਰ ਵਿਚ ਮੌਜੂਦ ਸੀ, ਗੋਲੀਆਂ ਲਗਭਗ ਇਕ ਘੰਟਾ ਚਲਦੀਆਂ ਰਹੀਆਂ ਅਤੇ ਉਸ ਨੇ ਦੇਖਿਆ ਕਿ 200/250 ਵਿਅਕਤੀ ਉਸ ਦੇ ਘਰ, ਜਿਹੜਾ ਕਿ ਸੜਕ ਦੇ ਸੱਜੇ ਪਾਸੇ ਹੈ, ਵੱਲ ਭੱਜ ਰਹੇ ਸਨ। ਉਸ ਨੇ ਹੋਰ ਇਹ ਦੱਸਿਆ ਕਿ ਜਦੋਂ ਗੋਲੀਆਂ ਚੱਲਣੀਆਂ ਸ਼ੁਰੂ ਹੋਈਆਂ ਤਾਂ ਉਹ 3/4 ਵਿਅਕਤੀਆਂ ਨਾਲ ਜਿਹੜੇ ਕਿ ਭੱਜਦੇ ਆ ਰਹੇ ਸਨ, ਉਸ ਦੇ ਅੰਦਰ ਘਰ ਅੰਦਰ ਦਾਖ਼ਲ ਹੋ ਗਏ ਕਿ ਪੁਲਿਸ ਦੁਆਰਾ ਕਰੀਬ 300 ਦੇ ਕਰੀਬ ਰੌਂਦ ਚਲਾਏ ਗਏ ਅਤੇ ਸੀਨੀਅਰ ਪੁਲਿਸ ਕਪਤਾਨ ਸ੍ਰੀ ਇਜ਼ਹਾਰ ਆਲਮ ਅਤੇ ਡੀ.ਐਸ.ਪੀ. ਸ੍ਰੀ ਜੀ ਐਸ ਘੁੰਮਣ ਅਤੇ ਇੰਸਪੈਕਟਰ ਜਸਕੀਰਤ ਸਿੰਘ ਇਕ ਪੁਲਿਸ ਪਾਰਟੀ ਸਮੇਤ ਉਸ ਦੇ ਘਰ ਆਏ ਅਤੇ ਉਨ੍ਹਾ ਵਿਅਕਤੀਆਂ ਨੂੰ ਲੈ ਗਏ ਜਿਹੜੇ ਉਸਦੇ ਘਰ ਵੜੇ ਸਨ। ਇਹ ਅੱਗੇ ਉਸ ਦੇ ਬਿਆਨ ਵਿਚ ਦਰਜ ਹੈ ਕਿ ਮੁਹੱਲਾ ਸ਼ੇਰਪੁਰ 50/60 ਘਰ ਹਨ ਕਿ ਮੁਹੱਲਾ ਸ਼ੇਰਪੁਰ ਕਰਫਿਊ ਵਾਲੇ ਇਲਾਕੇ ਤੋਂ ਪਰੇ ਸੀ। ਅਜਿਹੇ ਤੱਥ ਉਸ ਨੇ ਆਪਣੇ ਹਲਫ਼ੀਆ ਬਿਆਨ ਵਿਚ ਵੀ ਦਰਜ ਕੀਤੇ ਹਨ। ਸ੍ਰੀਮਤੀ ਹਰਭਜਨ ਕੌਰ ਨੇ ਆਪਣੇ ਹਲਫ਼ੀਆ ਬਿਆਨ ਵਿਚ ਕਿਹਾ ਹੈ ਕਿ ਉਹ ਮੁਹੱਲਾ ਸ਼ੇਰਪੁਰ ਨਕੋਦਰ ਦੀ ਵਸਨੀਕ ਹੈ ਕਿ 4 ਫਰਵਰੀ, 1986 ਨੂੰ ਅੰਨ੍ਹੇਵਾਹ ਗੋਲੀਆਂ ਚੱਲਣ ਨਾਲ ਕਈ ਗੋਲੀਆਂ ਉਸ ਦੇ ਘਰ ਦੀਆਂ ਕੰਧਾਂ 'ਤੇ ਲੱਗੀਆਂ ਅਤੇ ਪੁਲਿਸ ਤੇ ਕੇਂਦਰੀ ਰਿਜ਼ਰਵ ਪੁਲਿਸ ਬਲ ਨੇ ਉਨ੍ਹਾਂ ਲੜਕਿਆਂ ਦਾ ਪਿੱਛਾ ਕੀਤਾ ਸੀ ਜਿਹੜੇ ਕਿ ਆਪਣੀਆਂ ਜਾਨਾਂ ਬਚਾਉਣ ਲਈ ਦੌੜ ਰਹੇ ਸਨ। ਕਮਿਸ਼ਨ ਆਪਣੇ ਆਪਣੇ ਬਿਆਨ ਵਿਚ ਉਸ ਨੇ ਕਿਹਾ ਕਿ ਚਲਾਈਆਂ ਗਈਆਂ ਗੋਲੀਆਂ ਜਿਹੜੀਆਂ ਕਿ ਉਸ ਦੇ ਘਰ ਦੀਆਂ ਕੰਧਾਂ 'ਤੇ ਲੱਗਣ ਤੋਂ ਬਾਅਦ ਸੜਕ ਤੇ ਡਿੱਗ ਪਈਆਂ ਸਨ ਦੇ ਖੋਲ੍ਹ ਪੁਲਿਸ ਚੁੱਕ ਕੇ ਲੈ ਗਈ ਸੀ। ਅੱਗੇ ਅੱਗੇ ਉਸਦੇ ਬਿਆਨ ਵਿਚ ਇਹ ਦਰਜ ਹੈ ਕਿ 400/500 ਲੋਕ ਸ਼ੇਰਪੁਰ ਪੁਲ ਤੇ ਇਕੱਠੇ ਹੋਏ ਸਨ ਅਤੇ ਉਸ ਦਾ ਘਰ ਸ਼ੇਰਪੁਰ ਮੁਹੱਲੇ ਦੇ ਸ਼ੁਰੂ ਵਿਚ ਹੀ ਕਪੂਰਥਲਾ-ਨਕੋਦਰ ਸੜਕ 'ਤੇ ਹੈ ਅਤੇ ਇਕੱਠੇ ਉਸ ਦੇ ਘਰ ਤੋਂ ਦੇਖਿਆ ਜਾ ਸਕਦਾ ਸੀ ਅਤੇ ਗੋਲੀਆਂ ਇਕ ਘੰਟਾ ਜਾਂ ਡੇਢ ਘੰਟਾ ਚਲਦੀਆਂ ਰਹੀਆਂ। ਇਹ ਵੀ ਧਿਆਨ ਵਿਚ ਲਿਆਂਦਾ ਜਾਵੇ ਕਿ ਜਦੋਂ ਮੈਂ ਘਟਨਾ ਸਥਲ ਦਾ ਮੁਆਇਨਾ ਕੀਤਾ ਤਾਂ ਹੀ ਬਲਵੰਤ ਸਿੰਘ, ਨਿਵਾਸੀ ਪਿੰਡ ਸ਼ੇਰਪੁਰ ਨੇ ਇਕ ਚੱਲਿਆ ਕਾਰਤੂਸ ਦਿਖਾਇਆ ਜਿਹੜਾ ਕਿ ਕਬਜੇ ਵਿਚ ਲੈ ਲਿਆ ਗਿਆ।

47. ਸਰਵ ਸ੍ਰੀ ਦੇਵ ਰਾਜ ਰਾਹੀਂ, ਬਲਦੇਵ ਰਾਜ, ਸ੍ਰੀ ਚਰਨ ਦਾਸ, ਲਵਕੇਸ਼ ਚੰਦਰ, ਬਲਵਿੰਦਰ ਪੁੱਤਰ ਸ਼ਿੰਗਾਰਾ ਰਾਮ ਅਤੇ ਨਸੀਬ ਗੋਲੀਆਂ ਚੱਲਣ ਵਾਲੀ ਘਟਨਾ ਦੇਣ ਕੁਝ ਵੇਰਵੇ, ਦਰਸਾਉਂਦੇ ਆਪਣੇ ਹਲਫ਼ੀਆ ਬਿਆਨ ਦਾਇਰ ਕੀਤੇ ਹਨ। ਸਰਵਸ੍ਰੀ ਦੇਵ ਰਾਜ ਰਾਹੀਂ ਅਤੇ ਬਲਦੇਵ ਰਾਜ ਨੇ ਕਿਹਾ ਕਿ ਉਹ ਮੁੱਹਲਾ ਕਮਾਲਪੁਰਾ ਦੇ ਵਸਨੀਕ ਹਨ ਅਤੇ ਉਨ੍ਹਾਂ ਦੇ ਘਰ ਕਨਾਲ ਪੁਲ ਜਿੱਥੇ ਕਿ 4 ਫਰਵਰੀ, 1986 ਨੂੰ ਭੀੜ ਇਕੱਠੀ ਹੋਈ ਸੀ, ਉਸ ਦੇ ਘਰ ਤੋਂ 200 ਗਜ਼ ਦੀ ਦੂਰੀ ਤੇ ਸਥਿਤ ਹਨ, ਕਿ ਇਕੱਠ ਦੀ ਗਿਣਤੀ ਕਰੀਬ ਦੁਪਹਿਰ 2.00 ਵਜੇ 2000 ਦੇ ਨੇੜੇ ਤੇੜੇ ਸੀ ਕਿ ਉਹ ਬਰਛਿਆਂ, ਕਿਰਪਾਨਾਂ, ਲਾਠੀਆਂ ਅਤੇ ਹੋਰ ਮਾਰੂ ਹਥਿਆਰਾਂ ਨਾਲ ਲੈਸ ਸਨ ਅਤੇ ਤਕਰੀਬਨ ਦੁਪਹਿਰ 3.30 ਵਜੇ ਭੀੜ ਨੇ ਅਰਦਾਸ ਕੀਤੀ ਅਤੇ ਨਗਰ ਵੱਲ ਸ਼ਹਿਰ ਨੂੰ ਅੱਗ ਲਗਾਉਣ ਅਤੇ ਲੋਕਾਂ ਨੂੰ ਫੱਟੜ ਕਰਨ/ਮਾਰਨ ਦਾ ਸਬੰਧ ਬਣਾਉਣ ਦੇ ਮਨਸ਼ੇ ਨਾਲ ਤੁਰਨਾ ਸ਼ੁਰੂ ਕੀਤਾ ਅਤੇ ਕਿ ਸੁੱਰਖਿਆ ਬਲਾਂ ਨੇ ਭੀੜ ਨੂੰ ਕਿਹਾ ਕਿ ਅੱਗੇ ਨਾ ਵਧਣ, ਪ੍ਰੰਤੂ ਉਨ੍ਹਾਂ ਨੇ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਭੀੜ ਨੇ ਇਕ ਹੱਥ ਗੋਲਾ (ਗਰਨੇਡ) ਪੁਲਿਸ ਤੇ ਸੁੱਟਿਆ ਅਤੇ ਪੁਲਿਸ ਨੇ ਭੀੜ ਨੂੰ ਪਿੱਛੇ ਮੁੜਨ ਦੀ ਚਿਤਾਵਨੀ ਨਾਲ ਕੁਝ ਰੌਂਦ ਹਵਾ ਵਿਚ ਚਲਾਏ, ਪ੍ਰੰਤੂ ਭੀੜ ਨਗਰ ਵੱਲ ਚਲੀ ਗਈ ਅਤੇ ਉਨ੍ਹਾਂ ਨੇ ਗੋਲੀਆਂ ਦੀਆਂ ਕਈ ਆਵਾਜ਼ਾਂ ਸੁਣੀਆਂ ਅਤੇ ਲੋਕਾਂ ਨੂੰ ਵਾਪਸ ਭੱਜਦੇ ਹੋਏ ਦੇਖਿਆ, ਉਨ੍ਹਾਂ ਨੇ ਅੱਗੇ ਬਿਆਨ ਦਿੱਤਾ ਕਿ ਬਾਅਦ ਵਿਚ ਉਨ੍ਹਾਂ ਨੂੰ ਪਤਾ ਲੱਗਾ ਕਿ ਗੋਲੀਆਂ ਚੱਲਣ ਦੀ ਘਟਨਾ ਵਿਚ 4 ਵਿਅਕਤੀ ਮਾਰੇ ਗਏ ਸਨ। ਸਰਵਸ੍ਰੀ ਲਵਕੇਸ਼ ਚੰਦਰ, ਬਲਵਿੰਦਰ ਅਤੇ ਨਸੀਬ ਚੰਦ ਨੇ ਵੀ ਇਹ ਬਿਆਨ ਦਿੱਤਾ ਕਿ ਉਹ ਕੈਨਾਲ ਪੁਲ ਦੇ ਕੋਲ ਮੌਜੂਦ ਸਨ ਕਿ ਦੁਪਹਿਰ 3.30 ਵਜੇ ਦੇ ਕਰੀਬ ਭੀੜ ਨੇ ਨਕੋਦਰ ਸ਼ਹਿਰ ਵਿਚ ਪ੍ਰਵੇਸ਼ ਕਰਨ ਦਾ ਫੈਸਲਾ ਕੀਤਾ ਕਿ ਪੁਲਿਸ ਤੇ ਸੁੱਰਖਿਆ ਬਲਾਂ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਅੱਗੇ ਨਾ ਆਉਣ ਕਿ ਇਕ ਉਚੀ ਆਵਾਜ ਦਾ ਧਮਾਕਾ ਸੁਣਿਆ ਅਤੇ ਕੁਝ ਮਿੰਟਾਂ ਬਾਅਦ ਉਨ੍ਹਾਂ ਨੇ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ ਅਤੇ ਲੋਕ ਵਾਪਸ ਭੱਜਦੇ ਵੇਖੇ। ਆਵਾਜ਼ ਵਾਲੇ ਧਮਾਕੇ ਦੀ ਕਹਾਣੀ ਵੀ ਇਨ੍ਹਾਂ ਵਿਅਕਤੀਆਂ ਵਲੋਂ ਦੱਸੀ ਗਈ। ਪੁਲਿਸ ਅਫ਼ਸਰਾਂ ਦੇ ਬਿਆਨ ਤੇ ਕੋਈ ਤਾਕੀਦ ਨਹੀਂ ਹੁੰਦੀ। ਉਨ੍ਹਾਂ ਅਨੁਸਾਰ ਭੀੜ ਸਿਰਫ਼ ਸ਼ਹਿਰ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੀ ਸੀ। ਭੀੜ ਨੇ ਕਥਿਤ ਤੌਰ 'ਤੇ ਲੋੜੋਂ ਵੱਧ ਕੋਈ ਚੁਸਤੀ ਨਹੀਂ ਦਿਖਾਈ। ਜਿਸ ਨਾਲ ਸੁੱਰਖਿਆ ਕਰਮੀਆਂ ਨੂੰ ਗੋਲੀ ਚਲਾਉਣ ਦਾ ਸੱਬਬ ਮਿਲ ਸਕੇ।

48. ਪੁਲਿਸ ਦੁਆਰਾ ਗੋਲੀਆਂ ਚਲਾਉਣ ਨਾਲ ਭੀੜ ਵਿਚੋਂ ਚਾਰ ਵਿਅਕਤੀ ਮਾਰੇ ਗਏ ਸਨ । ਭੀੜ ਵਿਚੋਂ ਜ਼ਖਮੀ ਹੋਏ ਵਿਅਕਤੀਆਂ ਵਿਚੋਂ ਸੱਟਾਂ ਖਾਣ ਵਾਲੇ 8 ਵਿਅਕਤੀਆਂ ਦਾ ਪੁਲਿਸ ਦੁਆਰਾ ਡਾਕਟਰੀ ਮੁਆਇਨਾ ਕਰਵਾਇਆ ਗਿਆ ਅਤੇ ਪੁਲਿਸ ਵਾਲੇ ਪਾਸਿਓਂ ਚਾਰ ਵਿਅਕਤੀ ਜ਼ਖਮੀ ਹੋਏ ਸਨ।

49. ਇਕ ਲਾਸ਼ ਦਾ ਪੋਸਟ ਮਾਰਟਮ ਡਾ. ਧਰਮਪਾਲ ਕਪੂਰ ਦੁਆਰਾ 4 ਫਰਵਰੀ 1986 ਨੂੰ ਰਾਤ 10 ਵਜੇ ਕੀਤਾ ਗਿਆ ਸੀ। ਡਾਕਟਰ ਨੇ ਨਿਮਨਲਿਖਤ ਜ਼ਖਮ ਪਾਏ।

(1). 10x8 ਸੈਂਟੀਮੀਟਰ ਦਾ ਪੱਛਿਆ ਅੰਦਰਲੇ ਵਖਫਿਆਂ ਵਾਲਾ ਜ਼ਖ਼ਮ ਗਰਦਨ ਦੇ ਹੇਠਲੇ ਹਿੱਸੇ ਸਾਹਮਣੇ ਗਲ ਪੱਠੇ ਤੋਂ 3 ਸੈਂਟੀਮੀਟਰ ਥੱਲੇ ਅਤੇ ਐਮਨਯਬਰਿਅਮ ਸਟਰਮ ਤੋਂ 2 ਸੈਂਟੀਮੀਟਰ ਉਪਰ ਪਾਇਆ ਗਿਆ। ਜਖਮ 10 ਸੈਂਟੀਮੀਟਰ ਡੂੰਘਾ ਸੀ। ਹੋਰ ਡਾਕਟਰੀ ਘੋਖ ਕਰਨ ਤੇ ਦੋਵੇਂ ਪਸਲੀਆਂ ਦੇ ਕਿਨਾਰੇ ਟੁਕੜਿਆਂ ਵਿਚ ਟੁੱਟੇ ਪਾਏ ਗਏ। ਮੈਲਯੂਬਰਿਅਮ ਸਟੇਰਨੀ ਵੀ ਕਈ ਟੁਕੜਿਆਂ ਵਿਚ ਟੁੱਟੀ ਪਾਈ ਗਈ। ਗਰਦਨ ਦੇ ਸਾਹਮਣੇ ਵਾਲੇ ਹੇਠਲੇ ਪੱਠੇ ਪੱਛੇ ਪਾਏ ਗਏ, ਐਕਰੋਟਾਈਡ ਆਰਟੀਜ਼ ਦੋਵੇਂ ਪਾਸਿਆਂ ਦੀਆਂ ਧੜਕਣ ਵਾਲੀਆਂ ਲਹੂ ਨਾੜੀਆਂ ਧੌਣ (ਗਰਦਨ) ਦੀਆਂ ਨਾੜੀਆਂ (ਜਗਯੁਲਰ ਵੀਨਜ਼) ਪੂਰੀ ਤਰ੍ਹਾਂ ਕੱਟੀਆਂ ਤੇ ਪੱਛੀਆਂ ਪਾਈਆਂ ਗਈਆਂ। ਸਾਹ ਨਾਲੀ (ਛਕੀਆ) ਅਤੇ ਭੋਜਨ ਨਾਲੀ (ਈਸੋਫਗੱਸ) ਸੈਮਰ 1 ਸੈਂਟੀਮੀਟਰ ਦੇ ਇਸ ਖੇਤਰ ਵਿਚ ਪੱਛੀ ਅਤੇ ਕੱਟੀ ਗਈ ਸੀ। ਚੀਰਫਾੜ ਕਰਦੇ ਸਮੇਂ ਸੱਜੇ ਫੇਫੜੇ ਦਾ ਉਪਰਲੇ ਅੱਧ ਦਾ ਵਧਿਆ ਮਾਸ ਬੁਰੀ ਤਰ੍ਹਾਂ ਪੱਛਿਆ ਗਿਆ ਸੀ। ਸੱਜੇ ਪਾਸੇ ਦੀ ਦੂਸਰੀ ਤੇ ਤੀਸਰੀ ਪਸਲੀ ਵਿਚਕਾਰੋਂ ਟੁੱਟੀ ਹੋਈ ਸੀ। ਲਗਭਗ 2 ਲੀਟਰ ਖ਼ੂਨ ਸੱਜੇ ਫੇਫੜੇ ਦੀ ਝਿੱਲੀ ਦੀ ਖੌੜ ਵਿਚ ਅਤੇ 1 ਲੀਟਰ ਖ਼ੂਨ ਖੱਬੇ ਫੇਫੜੇ ਦੀ ਝਿੱਲੀ ਦੀ ਖੌੜ ਵਿਚ ਮੌਜੂਦ ਸੀ। ਦੂਜੀ ਪਸਲੀਆਂ ਦੇ ਵਿਚਕਾਰਲੀ ਥਾਂ ਤੋਂ ਸੱਜੇ ਵਾਸੇ ਵੱਲ ਮੌਜੂਦ ਸੀ। ਕਾਰਤੂਸ ਦੇ ਧਾਤ ਦੇ ਦੋ ਹਿੱਸੇ ਬਰਾਬਰ ਕੀਤੇ ਗਏ ਜੋ ਕਿ ਪੁਲਿਸ ਨੂੰ ਭੇਜ ਦਿੱਤੇ ਗਏ ਸਨ।

(2) ਡਾਕਟਰ ਦੇ ਵਿਚਾਰ ਅਨੁਸਾਰ, ਮੌਤ ਦਾ ਕਾਰਨ ਸੱਟ ਨੰਬਰ 1 ਦੇ ਸਿੱਟੇ ਵਜੋਂ ਲਹੂ ਵਗਣਾ, ਸਦਮਾ ਨਾ ਸਹਿਣਾ, ਸਾਹ ਪਰਕਿਰਿਆ ਦਾ ਰੁਕਣਾ ਇਹ ਜ਼ਖ਼ਮ ਮਰਨ ਤੋਂ ਪਹਿਲਾਂ ਦੀ ਕਿਸਮ ਦਾ ਸੀ ਅਤੇ ਖਤਰਨਾਕ ਹਥਿਆਰ ਨਾਲ ਅਜਿਹਾ ਕੀਤਾ ਗਿਆ ਸੀ ਅਤੇ ਇਸ ਆਮ ਕਿਸਮ ਦਾ ਢੰਗ ਮੌਤ ਲਈ ਕਾਫੀ ਸੀ। ਜਖਮ ਤੇ ਮੌਤ ਸਮੇਂ ਵਿਚਕਾਰਲਾ ਸਮਾਂ ਤਤਕਾਲੀ ਸੀ ਅਤੇ ਮੌਤ ਤੋਂ ਬਾਅਦ ਨਿਰੀਖਣ, ਵਿਚਕਾਰਲਾ ਸਮਾਂ ਛੇ ਘੰਟੇ ਦਾ ਸੀ।

**(ਬਾਕੀ ਅਗਲੇ ਅੰਕ 'ਚ)**

# ਪੰਜਾਬ ਦੇ ਨੌਜਵਾਨ ਦੀ ਲਿਬਨਾਨ ’ਚ ਗੋਲੀ ਮਾਰ ਕੇ ਹੱਤਿਆ

**ਭਿੱਖੀਵਿੰਡ/ਏਟੀ ਨਿਊਜ਼ :** ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੇ ਥਾਣਾ ਭਿੱਖੀਵਿੰਡ ਅਧੀਨ ਆਉਂਦੇ ਪਿੰਡ ਬਲੇਰ ਵਾਸੀ ਗੁਰਲਵਜੀਤ ਸਿੰਘ ਪੁੱਤਰ ਹਰਦੇਵ ਸਿੰਘ ਦੀ ਲਿਬਨਾਨ ਦੇਸ਼ ਵਿਚ ਹੱਤਿਆ ਕਰ ਦੇਣ ਦੀ ਖਬਰ ਹੈ। ਉਹ ਕਰੀਬ ਸੱਤ ਕੁ ਮਹੀਨੇ ਪਹਿਲਾਂ ਹੀ ਰੋਜ਼ੀ-ਰੋਟੀ ਕਮਾਉਣ ਲਈ ਲਿਬਨਾਨ ਗਿਆ ਸੀ। ਇੱਕ ਪੰਜਾਬੀ ਨੌਜਵਾਨ ਦੀ ਪੰਜਾਬ ਵਿਚ ਘਰ ਵਾਪਸੀ ਨੂੰ ਲੈ ਕੇ ਇਹ ਲੋਕ ਡੀਜੇ ਲਗਾ ਕੇ ਖੁਸ਼ੀਆਂ ਮਨਾ ਰਹੇ ਸਨ ਕਿ ਇਨ੍ਹਾਂ ਦੇ ਨੇੜੇ ਰਹਿ ਰਹੇ ਕਿਸੇ ਨੌਜਵਾਨ ਨੇ ਇਨ੍ਹਾਂ ਨੂੰ ਉੱਚੀ ਆਵਾਜ਼ ਵਿਚ ਡੀਜੇ ਲਗਾਉਣ ਤੋਂ ਰੋਕਿਆ। ਝਗੜਾ ਵਧਦਾ ਦੇਖ ਕੇ ਪੰਜਾਬੀ ਨੌਜਵਾਨਾਂ ਨੇ ਡੀਜੇ ਬੰਦ ਕਰ ਦਿੱਤਾ। ਕੁਝ ਦੇਰ ਬਾਅਦ ਜਦ ਇਹ ਸਭ ਸੁੱਤੇ ਪਏ ਸੀ, ਤਾਂ ਗੁੱਸੇ ਵਿਚ ਆਏ ਇਕ ਨੌਜਵਾਨ ਨੇ ਇਨ੍ਹਾਂ ਉੱਤੇ ਗੋਲੀਆਂ ਚਲਾ ਕੇ ਹਮਲਾ ਕਰ ਦਿੱਤਾ, ਜਿਸ ਵਿਚ ਗੁਰਲਵਜੀਤ ਸਿੰਘ ਦੇ ਮਾਰੇ ਜਾਣ ਦੀ ਪੁਸ਼ਟੀ ਹੋਈ ਹੈ।ਉਸ ਦੇ ਪਰਿਵਾਰ ਵਲੋਂ ਇਹ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਕੁਝ ਪੰਜਾਬੀ ਨੌਜਵਾਨਾਂ ਦੇ ਜ਼ਖਮੀ ਹੋਣ ਦੀ ਖ਼ਬਰ ਵੀ ਹੈ। ਪਰਿਵਾਰ ਨੇ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅਤੇ ਪੰਜਾਬ ਦੇ ਮੁੱਖ ਮੰਤਰੀ ਕੋਲੋਂ ਇਸ ਮਾਮਲੇ ਵਿਚ ਬਣਦੀ ਕਾਰਵਾਈ ਕਰਵਾ ਕੇ ਮ੍ਰਿਤਕ ਦੀ ਦੇਹ ਜਲਦੀ ਭਾਰਤ ਲਿਆਉਣ ਅਤੇ ਆਰਥਿਕ ਸਹਾਇਤਾ ਦੀ ਮੰਗ ਵੀ ਕੀਤੀ ਹੈ।

# ਹਰਿਆਣੇ ’ਚ ਭਗਵੇਂਵਾਦੀਆਂ ਦੀ ਗੁੰਡਾਗਰਦੀ

## *ਗੁਰਦੁਆਰੇ ’ਤੇ ਹਮਲਾ, ਇਕ ਸਿੰਘ ਸ਼ਹੀਦ*



**ਕੈਥਲ/ਏਟੀ ਨਿਊਜ਼ :** ਹਰਿਆਣਾ ਦੇ ਕੈਥਲ ਜ਼ਿਲ੍ਹੇ ਦੇ ਪਿੰਡ ਬਦਸੂਈ ਵਿਚ ਮੰਦਰ ਤੇ ਗੁਰਦੁਆਰਾ ਸਾਹਿਬ ਦੀ ਜ਼ਮੀਨ ਦੇ ਵਿਵਾਦ ਨੂੰ ਲੈ ਕੇ ਭਗਵੇਂਵਾਦੀਆਂ ਨੇ ਗੁਰਦੁਆਰੇ ’ਤੇ ਹਮਲਾ ਕਰ ਦਿੱਤਾ। ਇਸ ਲੜਾਈ ਦੌਰਾਨ ਕਰੀਬ ਇੱਕ ਦਰਜਨ ਸਿੱਖਾਂ ਨੂੰ ਸੱਟਾਂ ਵੱਜੀਆਂ ਹਨ, ਜਿਨ੍ਹਾਂ ਵਿਚੋਂ ਇਕ ਸਿੱਖ ਸ਼ਮਸ਼ੇਰ ਸਿੰਘ ਦੀ ਮੌਤ ਹੋ ਗਈ ਹੈ, ਜਦ ਕਿ ਸੰਦੀਪ ਪੁਨੀਆ, ਪ੍ਰਤਾਪ ਸਿੰਘ, ਮਨਪ੍ਰੀਤ, ਦਵਿੰਦਰ ਸਿੰਘ, ਸਰਬਜੀਤ ਸਿੰਘ, ਕਰਮਜੀਤ ਸਿੰਘ ਤੇ ਰਣਜੀਤ ਨੂੰ ਜ਼ਖ਼ਮੀ ਹਾਲਤ ਵਿਚ ਪਟਿਆਲਾ ਦੇ ਸਰਕਾਰੀ ਰਜਿੰਦਰਾ ਹਪਸਤਾਲ ਵਿਚ ਦਾਖਲ ਕਰਵਾਇਆ ਗਿਆ ਤੇ ਇਨ੍ਹਾਂ ਦੇ ਸਾਥੀ ਬਲਜੀਤ ਸਿੰਘ ਤੇ ਜਗਮੇਲ ਸਿੰਘ ਜੋ ਕਿ ਗੰਭੀਰ ਤੌਰ ’ਤੇ ਜ਼ਖ਼ਮੀ ਸਨ, ਨੂੰ ਪੀਜੀਆਈ ਚੰਡੀਗੜ੍ਹ ਰੈਫਰ ਕੀਤਾ ਜਾ ਚੁੱਕਾ ਹੈ। ਇਸ ਘਟਨਾ ਵਿਚ ਤਕਰੀਬਨ 15 ਸਿੱਖ ਫੱਟੜ ਹੋਏ ਹਨ। ਹਸਪਤਾਲ ਵਿਚ ਦਾਖ਼ਲ ਸਿੱਖਾਂ ਨੇ ਦੱਸਿਆ ਹੈ ਕਿ ਸਿੱਖ ਪਰਿਵਾਰ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਨਾ ਚਾਹੁੰਦੇ ਸਨ ਪਰ ਬਾਕੀ ਦੇ ਫਿਰਕਾਪ੍ਰਸਤ ਲੋਕ ਜੋ ਕਿ ਇਸ ਦੇ ਖਿਲਾਫ ਹਨ, ਉਨ੍ਹਾਂ ਨੇ ਲੱਗਭਗ 250 ਦੇ ਕਰੀਬ ਲੋਕਾਂ ਨਾਲ ਸਿੱਖਾਂ ’ਤੇ ਹਮਲਾ ਕਰ ਦਿੱਤਾ ,ਜਿਸ ਵਿੱਚ ਔਰਤਾਂ ਵੀ ਸ਼ਾਮਿਲ ਸਨ।

**ਦਿੱਲੀ ਕਮੇਟੀ ਵੱਲੋਂ ਹਮਲੇ ਦਾ ਲਿਆ ਨੋਟਿਸ-** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਹਰਿਆਣਾ ਦੇ ਕੈਥਲ ਜ਼ਿਲ੍ਹੇ ਵਿਚ ਪਿੰਡ ਬਦਸੂਈ ਵਿਖੇ ਵਾਪਰੀ ਘਟਨਾ ਦਾ ਨੋਟਿਸ ਲਿਆ ਹੈ। ਉਨ੍ਹਾਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਆਖਿਆ ਹੈ ਕਿ ਉਹ

**ਬਾਕੀ ਸਫ਼ਾ 32 ’ਤੇ**

When tired of all treatments for any disease at any age Try
**HOMEOPATHIC**
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.

**BSons Travel & Tax Services, Inc.**
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

**A-ONE EXPRESS**
ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
• ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
• ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
• ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
• 50% ਹੁੱਕ ਡਰਾਪ
• ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
• Excellent Payment
• Easy Aboard ELD Logbook

MC NO. # 464630
6120 Faith Home Rd Ceres, CA 95307
TAX ID #32-0065398
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ
TOLL FREE 888.725.7441 OFFICE : 209.537.0975 FAX : 209.537.0375

# ਹੋਲੇ-ਮਹੱਲੇ ਮੌਕੇ ਵਿਰਸਾ ਸੰਭਾਲ ਗੱਤਕਾ ਕੱਪ

## *ਸਵੈ-ਰੱਖਿਆ ਦੀ ਵਿਰਾਸਤੀ ਖੇਡ ਲਈ ਕੀਤਾ ਪ੍ਰੇਰਿਤ*



**ਅਨੰਦਪੁਰ ਸਾਹਿਬ/ਏਟੀ ਨਿਊਜ਼ :**
ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ (ਇਸਮਾ) ਅਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਵੱਲੋਂ ਆਰੰਭੀ ਵਿਰਸਾ ਸੰਭਾਲ ਗੱਤਕਾ ਲੜੀ ਤਹਿਤ ਹੋਲੇ-ਮਹੱਲੇ ਦੇ ਪਵਿੱਤਰ ਦਿਹਾੜੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ 5ਵਾਂ ਵਿਰਸਾ ਸੰਭਾਲ ਹੋਲਾ ਮਹੱਲਾ ਗੱਤਕਾ ਕੱਪ ਪੂਰੇ ਖਾਲਸਾਈ ਜਾਹੋ-ਜਲਾਲ ਨਾਲ ਸਮਾਪਤ ਹੋਇਆ ਜਿਸ ਵਿੱਚ ਵੱਖ-ਵੱਖ ਜਿਲ੍ਹਿਆਂ ਤੋਂ ਅੱਠ ਚੋਟੀ ਦੀਆਂ ਟੀਮਾਂ ਨੇ ਜੰਗਜੂ ਕਰਤੱਬ ਦਿਖਾਏ। ਇਸ ਮੌਕੇ ਸੰਬੋਧਨ ਕਰਦਿਆਂ ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ, ਬਾਬਾ ਜਸਪਾਲ ਸਿੰਘ ਬੱਦੋਵਾਲ, ਬਾਬਾ ਗੁਰਚਰਨ ਸਿੰਘ ਦੂੱਲਚੀਮਾਜਰਾ ਅਤੇ ਸੰਤ ਬਾਬਾ ਬਖਸ਼ੀਸ ਸਿੰਘ ਚੱਕ ਮਾਹੋਰਾਣਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਗੱਤਕਾ ਗੁਰੂ ਸਾਹਿਬਾਨ ਵੱਲੋਂ ਵਰੋਸਾਈ ਵਿਰਾਸਤੀ ਯੁੱਧ ਕਲਾ ਹੈ ਅਤੇ ਸਵੈ-ਰੱਖਿਆ ਲਈ ਸਹਾਈ ਹੋਣ ਕਰਕੇ ਇਸ ਖੇਡ ਵਿੱਚ ਵੱਧ ਤੋਂ ਵੱਧ ਬੱਚਿਆਂ ਨੂੰ ਭਾਗ ਲੈਣਾ ਚਾਹੀਦਾ ਹੈ। ਸਮੂਹ ਮਹਾਂਪੁਰਸ਼ਾਂ ਨੇ ਦਿੱਲੀ ਵਾਸੀ ਨੌਜਵਾਨ ਵੱਲੋਂ ਸਿੱਖ ਵਿਰਾਸਤੀ ਖੇਡ ਗੱਤਕਾ ਕਲਾ ਨੂੰ ਟਰੇਡਮਾਰਕ ਕਾਨੂੰਨ ਤਹਿਤ ਪੇਟੈਂਟ ਕਰਵਾਉਣ ਦੀ ਸਖਤ ਨਿੰਦਾ ਕਰਦਿਆਂ ਇਸ ਧਾਰਮਿਕ ਮੁੱਦੇ 'ਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਤੁਰੰਤ ਕਾਰਵਾਈ ਕਰਨ ਲਈ ਕਿਹਾ। ਉਨ੍ਹਾਂ ਸਮੂਹ ਬੱਚਿਆਂ ਨੂੰ ਗੁਰਬਾਣੀ ਦੇ ਲੜ ਲੱਗਣ ਅਤੇ ਬਾਣੀ-ਬਾਣੇ ਦੇ ਧਾਰਨੀ ਬਣਨ ਦੀ ਪ੍ਰੇਰਿਤ ਕੀਤਾ ਅਤੇ ਸਮੂਹ ਟੀਮਾਂ ਨੂੰਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ।

ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਸਟੇਟ ਐਵਾਰਡੀ ਨੇ ਐਸੋਸੀਏਸ਼ਨ ਵੱਲੋਂ ਗੱਤਕਾ ਖੇਡ ਲਈ ਕੀਤੀਆਂ ਪ੍ਰਾਪਤੀਆਂ ਬਾਰੇ ਵੇਰਵੇ ਦਿੰਦਿਆਂ ਖਿਡਾਰੀਆਂ ਨੂੰ ਐਸੋਸੀਏਸ਼ਨ ਦੀ ਪ੍ਰਚੱਲਤ ਗੱਤਕਾ ਨਿਯਮਾਂਵਲੀ ਅਨੁਸਾਰ ਹੀ ਸਿਖਲਾਈ ਲੈਣ ਅਤੇ ਖੇਡਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਵਿਸ਼ਵ ਗੱਤਕਾ ਫ਼ੈਡਰੇਸ਼ਨ ਤੇ ਏਸ਼ੀਅਨ ਗੱਤਕਾ ਫ਼ੈਡਰੇਸ਼ਨ ਦੀ ਅਗਵਾਈ ਹੇਠ ਗੱਤਕੇ ਨੂੰ ਉਲੰਪਿਕ ਖੇਡਾਂ ਵਿੱਚ ਸ਼ਾਮਲ ਕਰਵਾਇਆ ਜਾਵੇਗਾ। ਗੱਤਕਾ ਪ੍ਰਦਰਸ਼ਨੀ ਮੁਕਾਬਿਲਆਂ ਵਿੱਚ ਧੰਨ ਧੰਨ ਬਾਬਾ ਸ਼ਾਦੀ ਸਿੰਘ ਗੱਤਕਾ ਅਖਾੜਾ ਰੂਪਨਗਰ, ਖਾਲਸਾ ਮੀਰੀ-ਪੀਰੀ ਗੱਤਕਾ ਅਖਾੜਾ ਘਨੌਲੀ, ਖਾਲਸਾ ਖ਼ਾਸ ਗੱਤਕਾ ਅਖਾੜਾ ਸ਼ਾਹਬਾਦ ਮਾਰਕੰਡਾ, ਹਰਿਆਣਾ, ਦਸਮੇਸ਼ ਗੱਤਕਾ ਅਖਾੜਾ ਹਰਿਆਣਾ,

**ਬਾਕੀ ਸਫ਼ਾ 30 'ਤੇ**

# ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਬੀਬੀ ਖਾਲੜਾ ਦੀ ਹਮਾਇਤ

## *ਰਾਜਾਂ ਦੇ ਵੱਧ ਅਧਿਕਾਰਾਂ ਉੱਪਰ ਪਹਿਰਾ ਦੇਣ ਲਈ ਕੀਤੀ ਅਪੀਲ*



**ਜਲੰਧਰ/ਏਟੀ ਨਿਊਜ਼ :**
ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਚੇਅਰਮੈਨ ਰਜਿੰਦਰ ਸਿੰਘ ਪੁਰੇਵਾਲ ਤੇ ਸੂਬਾ ਪ੍ਰਧਾਨ ਪਰਮਿੰਦਰਪਾਲ ਸਿੰਘ ਨੇ ਲੋਕ ਸਭਾ ਚੋਣਾਂ ਲਈ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ 19 ਮਈ ਦੌਰਾਨ ਉਹ ਉਨ੍ਹਾਂ ਉਮੀਦਵਾਰਾਂ ਨੂੰ ਵੋਟਾਂ ਪਾਉਣ ਜੋ ਪੰਜਾਬ ਦੇ ਵਿਕਾਸ, ਪੰਜਾਬੀ ਏਕਤਾ ਤੇ ਰਾਜਾਂ ਨੂੰ ਵੱਧ ਅਧਿਕਾਰਾਂ ਦੇ ਹੱਕ ਵਿਚ ਹੋਣ। ਉਨ੍ਹਾਂ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਖਡੂਰ ਸਾਹਿਬ ਹਲਕੇ ਤੋਂ ਜਿਤਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਅਜਿਹਾ ਕਰਨਾ ਮਨੁੱਖੀ ਅਧਿਕਾਰਾਂ ਦੇ ਚੈਂਪੀਅਨ ਸ. ਜਸਵੰਤ ਸਿੰਘ ਖਾਲੜਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਲਈ ਉਨ੍ਹਾਂ ਦੀ ਤਨ, ਮਨ, ਧਨ ਨਾਲ ਮਦਦ ਕੀਤੀ ਜਾਵੇ।

ਪੁਰੇਵਾਲ ਤੇ ਖਾਲਸਾ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਅਸੀਂ ਪਿਛਲੇ ਦਸ ਸਾਲਾਂ ਦੇ ਰੁਝਾਨਾਂ ਤੋਂ ਦੇਖੀਏ ਤਾਂ ਪੰਜਾਬ ਏਜੰਡਾ ਇਨ੍ਹਾਂ ਸਾਰੀਆਂ ਪਾਰਟੀਆਂ ਦੇ ਚੋਣ ਮੈਨੀਫੈਸਟੋ ਵਿਚੋਂ ਗਾਇਬ ਹੈ, ਇਸ ਵਿਚ ਪੰਜਾਬ ਦੇ ਵੱਧ ਅਧਿਕਾਰ ਨਜ਼ਰ ਨਹੀਂ ਆਉਂਦੇ। ਜਦੋਂ ਇਹ ਧਿਰਾਂ ਪੰਜਾਬ ਦੀ ਸੱਤਾ ਉੱਪਰ ਕਾਬਜ਼ ਹੁੰਦੀਆਂ ਹਨ ਤਾਂ ਪੰਜਾਬ ਦੇ ਅਧਿਕਾਰਾਂ ਦੇ ਏਜੰਡੇ ਨੂੰ ਭੁੱਲ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸੱਤਾਧਾਰੀ ਪਾਰਟੀਆਂ ਪੰਜਾਬ ਹਿੱਤਾਂ ਵਲ ਧਿਆਨ ਨਹੀਂ ਦੇ ਸਕੀਆਂ, ਜਿਸ ਕਰਕੇ ਪੰਜਾਬ ਬਰਬਾਦ ਹੋਇਆ ਹੈ। ਪੰਜਾਬ ਦੇ ਕਿਸਾਨ ਇਸ ਲਈ ਆਤਮ-ਹੱਤਿਆਵਾਂ ਕਰ ਰਹੇ ਹਨ, ਕਿਉਂਕਿ ਆੜਤੀਏ ਤੇ ਸਰਮਾਏਦਾਰ ਘਿਓ ਖਿੱਚੜੀ ਹੋ ਕੇ ਇਨ੍ਹਾਂ ਦੀ ਲੁੱਟ ਕਰ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਅਫ਼ਸਰਸ਼ਾਹੀ ਭ੍ਰਿਸ਼ਟ ਮਾਰਗ ਅਪਨਾ ਕੇ ਰਾਜਨੀਤਕਾਂ ਨੂੰ ਸੇਧ ਦੇਣ ਦੀ ਥਾਂ ਖੁਸ਼ ਕਰਦੀ ਰਹੀ ਹੈ। ਪੰਜਾਬੀਆਂ ਨੂੰ ਅਪੀਲ ਕਰਦਿਆਂ ਪੁਰੇਵਾਲ ਤੇ ਖਾਲਸਾ ਨੇ ਕਿਹਾ ਕਿ ਪੰਜਾਬ ਨੂੰ ਇਸ ਬਦਹਾਲ ਸਥਿਤੀ ਵਿਚੋਂ ਕੱਢਣ ਲਈ ਪੰਜਾਬੀ ਚੇਤੰਨ ਹੋਣ ਤਾਂ ਹੀ ਪੰਜਾਬ ਨੂੰ ਖੁਸ਼ਹਾਲ ਸੂਬਾ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਆਪਣਾ ਵੋਟ ਸ਼ਰਾਬ ਤੇ ਪੈਸੇ ਲਈ ਨਾ ਵੇਚਣ, ਸਗੋਂ ਪੰਜਾਬ ਦੇ ਹਿੱਤਾਂ ਲਈ ਵੋਟਾਂ ਦੀ ਯੋਗ ਵਰਤੋਂ ਕਰਨ।

ਪੁਰੇਵਾਲ ਨੇ ਕਿਹਾ ਕਿ ਪੰਜਾਬ ਬਾਰੇ ਕੋਈ ਲੰਮੀ ਤੇ ਭਵਿੱਖਮਈ ਸੋਚ ਸਿਰਜਣ ਲਈ ਪੰਜਾਬ ਵਿਚ ਭ੍ਰਿਸ਼ਟਾਚਾਰ, ਅੰਧ-ਵਿਸ਼ਵਾਸਾਂ, ਤਾਂਤਰਿਕਾਂ, ਰਿਸ਼ਵਤਖੋਰਾਂ ਤੇ ਪਾਖੰਡੀ ਡੇਰਾਦਾਰਾਂ ਨੂੰ ਨੱਥ ਪਾਉਣੀ ਚਾਹੀਦੀ ਹੈ, ਪਰਿਵਾਰਵਾਦ ਦੀ ਰਾਜਨੀਤੀ ਦਾ ਅੰਤ ਕਰਨਾ ਚਾਹੀਦਾ ਹੈ, ਗੁੰਡਿਆਂ ਤੇ ਡਰੱਗ ਦੀ ਰਾਜਨੀਤੀ ਤੋਂ ਜਕੜ ਤੋੜਨੀ ਚਾਹੀਦੀ ਹੈ, ਪੰਜਾਬੀ ਬੋਲੀ ਦੀ ਰੱਖਿਆ ਕਰਨੀ ਤੇ ਸਟੇਟ ਦੇ ਵੱਧ ਅਧਿਕਾਰਾਂ 'ਤੇ ਪਹਿਰੇਦਾਰੀ ਕਰਨੀ ਸਭ ਪਾਰਟੀਆਂ ਦਾ ਚੋਣ ਏਜੰਡਾ ਹੋਣਾ ਚਾਹੀਦਾ ਹੈ।

ਨੌਕਰੀਆਂ, ਸਵੈ ਰੁਜ਼ਗਾਰ, ਸਿਹਤ ਸਹੂਲਤਾਂ ਤੇ ਵਿਦਿਅਕ ਸਹੂਲਤਾਂ ਦੀ ਪੰਜਾਬ ਦੇ ਲੋਕਾਂ ਨੂੰ ਪਹਿਲੀ ਲੋੜ ਹੈ। ਇਸ ਨੂੰ ਹਰੇਕ ਪਾਰਟੀ ਆਪਣੇ ਚੋਣ ਏਜੰਡੇ ਵਜੋਂ ਪ੍ਰਮੁਖ ਰੱਖੇ। ਇਸ ਮੌਕੇ ਪਾਲ ਸਿੰਘ ਫਰਾਂਸ ਨੇ ਕਿਹਾ ਕਿ ਪੰਜਾਬੀਆਂ ਨੂੰ ਨਵੇਂ ਸਿਆਸੀ ਪ੍ਰੋਗਰਾਮ ਦੁਆਲੇ ਨਵੇਂ ਸਿਰਿਓਂ ਜਥੇਬੰਦ ਹੋਣ ਦੀ ਲੋੜ ਹੈ ਤਾਂ ਜੋ ਪੰਜਾਬ ਦੇ ਕੁਦਰਤੀ ਸੋਮਿਆਂ ਦੀ ਰਾਖੀ ਕੀਤੀ ਜਾ ਸਕੇ ਤੇ ਪੰਜਾਬੀ ਏਕਤਾ ਨੂੰ ਕਾਇਮ ਰੱਖਿਆ ਜਾ ਸਕੇ। ਇਸ ਮੌਕੇ ਸਿੱਖ ਸੇਵਕ ਸੁਸਾਇਟੀ ਵੱਲੋਂ ਪੰਜਾਬੀਆਂ ਨੂੰ ਚੇਤੰਨ ਕਰਨ ਦੇ ਲਈ ਪੰਜਾਬ ਚੋਣ ਏਜੰਡੇ ਦਾ ਇਸ਼ਤਿਹਾਰ ਜਾਰੀ ਕੀਤਾ ਗਿਆ, ਜੋ ਸਮੂਹ ਪੰਜਾਬ ਵਿਚ ਹਰ ਜਨਤਕ ਥਾਂ 'ਤੇ ਲਗਾਇਆ ਜਾਵੇਗਾ।

ਇਸ ਮੌਕੇ ਰਘਬੀਰ ਸਿੰਘ ਪ੍ਰਧਾਨ ਸਿੰਘ ਸਭਾ ਡਰਬੀ, ਗੁਰਮੁਖ ਸਿੰਘ ਪੰਚਾਇਤ ਮੈਂਬਰ ਢੱਡੋਵਾਲ, ਮਨਜੀਤ ਸਿੰਘ ਗਤਕਾ ਮਾਸਟਰ ਅੰਮ੍ਰਿਤਸਰ, ਸੁਰਿੰਦਰਪਾਲ ਸਿੰਘ ਗੋਲਡੀ ਸੀਨੀਅਰ ਮੀਤ ਪ੍ਰਧਾਨ, ਪ੍ਰੋ. ਬਲਵਿੰਦਰਪਾਲ ਸਿੰਘ ਸਕੱਤਰ ਜਨਰਲ, ਹਰਪ੍ਰਿਤਪਾਲ ਸਿੰਘ ਚੇਅਰਮੈਨ ਤਿਰਛੀ ਨਜ਼ਰ, ਕਮਲ ਚਰਨਜੀਤ ਸਿੰਘ ਹੈਪੀ, ਮਹਿੰਦਰ ਸਿੰਘ ਚਮਕ, ਹਰਦੇਵ ਸਿੰਘ ਗਰਚਾ, ਸ. ਸੰਤੋਖ ਸਿੰਘ ਦਿੱਲੀ ਪੇਂਟ, ਅਰਵਿੰਦਰਜੀਤ ਸਿੰਘ ਚੱਡਾ ਆਦਿ ਹਾਜ਼ਰ ਸਨ।




ਅੰਮ੍ਰਿਤਸਰ ਟਾਈਮਜ਼
Weekly Punjabi Newspaper

**Corporate Office**
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਕੌਫ਼ੀ ਨਾਲ ਕੈਂਸਰ ਦਾ ਇਲਾਜ

**ਨਵੀਂ ਦਿੱਲੀ/ਏਟੀ ਨਿਊਜ਼ :** ਕੌਫ਼ੀ ਪੀਣਾ ਕਿਸ ਨੂੰ ਪਸੰਦ ਨਹੀਂ ਹੋਵੇਗਾ। ਪਰ ਕੀ ਕਦੇ ਤੁਸੀਂ ਸੋਚ ਸਕਦੇ ਹੋ ਕਿ ਹਰ ਰੋਜ਼ ਕੌਫ਼ੀ ਪੀਣ ਨਾਲ ਤੁਸੀਂ ਕੈਂਸਰ ਜਿਹੀ ਬਿਮਾਰੀ ਤੋਂ ਸੁਰੱਖਿਅਤ ਰਹਿ ਸਕਦੇ ਹੋ। ਜੀ ਹਾਂ, ਸਵੇਰ ਦੇ ਸਮੇਂ ਕੌਫ਼ੀ ਪੀਣ ਦੇ ਨਾਲ ਇਹ ਤੁਹਾਨੂੰ ਪ੍ਰੋਸਟੇਟ ਕੈਂਸਰ ਤੋਂ ਵੀ ਬਚਾਉਂਦੀ ਹੈ। ਜਪਾਨ ਦੇ ਕਨਾਜਾਵਾ ਯੂਨੀਵਰਸੀਟੀ ਦੇ ਵਿਗਿਆਨੀਆਂ ਨੇ ਕਹਵਿਓਲ ਐਸਿਟੇਟ ਅਤੇ ਕੈਫੇਸਟੋਲ ਤੱਥਾਂ ਦੀ ਪਛਾਣ ਕੀਤੀ ਹੈ ਜੋ ਪ੍ਰੋਸਟੇਟ ਕੈਂਸਰ ਵਿਚ ਵਾਧਾ ਕਰ ਸਕਦੇ ਹਨ। ਇਹ ਦੋਵੇਂ ਤੱਥ ਗਾਈਡ੍ਰੋਕਾਰਬਨ ਯੌਗਿਕ ਹਨ ਜੋ ਕੁਦਰਤੀ ਤੌਰ 'ਤੇ ਅਰੇਬਿਕਾ ਕੌਫ਼ੀ ਵਿਚ ਪਾਏ ਜਾਂਦੇ ਹਨ। ਇਸ ਬਾਰੇ ਇੱਕ ਸੋਧ ਵਿਚ ਪਤਾ ਲੱਗਿਆ ਹੈ ਕਿ ਕਹਵਿਓਲ ਐਸਿਟੇਟ ਅਤੇ ਕੈਫੇਸਟੋਲ ਕੋਸ਼ਿਕਾਵਾਂ ਵਿਚ ਵਾਧੇ ਨੂੰ ਰੋਕ ਸਕਦੇ ਹਨ, ਜੋ ਆਮ ਤੌਰ 'ਤੇ ਕੈਂਸਰ ਰੋਕੂ ਦਵਾਇਆਂ ਜਿਵੇਂ ਕਬਾਜਿਟੇਕਸੇਲ ਦੇ ਪ੍ਰਤੀਰੋਧੀ ਹਨ। ਸੋਧ ਦੇ ਮੁੱਖ ਲੇਖਕ ਹਿਰੋਕੀ ਇਵਾਨੋਟੋ ਦਾ ਕਹਿਣਾ ਹੈ, "ਅਸੀਂ ਰਿਸਰਚ ਵਿਚ ਪਾਇਆ ਕਿ ਕਹਵਿਓਲ ਐਸਿਟੇਟ ਅਤੇ ਕੈਫੇਸਟੋਲ ਨੇ ਚੂਹਿਆਂ ਵਿਚ ਕੈਂਸਰ ਕੋਸ਼ਿਕਾਵਾਂ ਦੇ ਵਾਧੇ ਨੂੰ ਰੋਕ ਦਿੱਤਾ। ਪਰ ਇਨ੍ਹਾਂ ਦਾ ਸੁਮੇਲ ਦਾ ਪ੍ਰਭਾਅ ਜ਼ਿਆਦਾ ਹੋਵੇਗਾ।" ਇਸ ਖੋਜ ਦੇ ਲਈ ਸਮੂਹ ਨੇ ਕੌਫ਼ੀ ਵਿਚ ਕੁਦਰਤੀ ਤੌਰ 'ਤੇ ਪਾਏ ਜਾਣ ਵਾਲੇ ਛੇ ਤੱਤਾਂ ਦਾ ਪ੍ਰੀਖਣ ਕੀਤਾ। ਇਸ ਖੋਜ ਨੂੰ ਯੂਰੋਪੀਅਨ ਐਸੋਸ਼ੀਏਸ਼ਨ ਆਫ ਯੂਰੋਲੋਜੀ ਕਾਂਗਰਸ ਵਿਚ ਬਾਰਸੀਲੋਨਾ ਵਿਚ ਪੇਸ਼ ਕੀਤਾ ਗਿਆ।

## ਡਾਈਬੀਟੀਜ਼ ਦੇ ਮਰੀਜ਼ਾਂ ਨੂੰ ਹਾਰਟ ਅਟੈਕ ਅਤੇ ਮੌਤ ਦਾ ਖਤਰਾ

**ਨਵੀਂ ਦਿੱਲੀ/ਏਟੀ ਨਿਊਜ਼ :** ਟਾਈਪ-2 ਡਾਇਬੀਟੀ ਦੇ ਮਰੀਜ਼ਾਂ ਵਿਚ 58 ਫ਼ੀਸਦ ਮੌਤਾਂ ਦਿਲ ਦਾ ਦੌਰਾ ਪੈਣ ਕਾਰਨ ਹੁੰਦੀਆਂ ਹਨ। ਅਜਿਹਾ ਕਹਿਣਾ ਹੈ ਮੈਕਸਿਕਨ ਡਾਈਬਿਟੀਜ਼ ਫੈਡਰੇਸ਼ਨ ਦੇ ਪ੍ਰਧਾਨ ਹੈਕਟਰ ਸਾਂਚੇਜ ਮਿਜੰਗੋਸ ਦਾ। ਉਨ੍ਹਾਂ ਦੱਸਿਆ ਕਿ ਡਾਈਬਿਟੀਜ਼ ਦੀ ਬੀਮਾਰੀ ਦੇ ਸ਼ਿਕਾਰ ਲੋਕਾਂ ਵਿਚ ਬੇਵਕਤੀ ਮੌਤ ਦਾ ਕਾਰਨ ਦਿਲ ਸਬੰਧੀ ਰੋਗਾਂ ਕਰਕੇ ਹੁੰਦੀਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਡਾਈਬੀਟੀਜ਼ ਕਾਰਨ ਹਾਈ ਸ਼ੂਗਰ ਲੈਵਲ ਬਲੱਡ ਵੈਸਲਸ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਇਸ ਵਿਚ ਬਲੱਡ ਪ੍ਰੈਸ਼ਰ, ਅੰਨ੍ਹਾਪਣ ਅਤੇ ਜੋੜਾਂ ਵਿਚ ਦਰਦ ਦੇ ਨਾਲ ਹੋਰ ਕਈ ਬਿਮਾਰੀਆਂ ਸ਼ੁਰੂ ਹੋ ਜਾਂਦੀਆਂ ਹਨ। ਵਿਸ਼ਵ ਸਿਹਤ ਆਰਗੇਨਾਈਜੇਸ਼ਨ ਦੇ ਅੰਕੜਿਆਂ ਤੋਂ ਪਤਾ ਲੱਗਿਆ ਹੈ ਕਿ ਟਾਈਪ-2 ਡਾਈਬੀਟੀਜ਼ ਨਾਲ 44.2 ਕਰੋੜ ਲੋਕ ਪੀੜਤ ਹਨ। ਮੈਕਸਿਕੋ ਦੇ ਸਿਹਤ ਸਕੱਤਰੇਤ ਦਾ ਕਹਿਣਾ ਹੈ ਕਿ ਸ਼ੂਗਰ ਨਾਲ ਪ੍ਰਭਾਵਿਤ ਲੋਕਾਂ ਵਿਚੋਂ ਅੱਧੇ ਲੋਕਾਂ ਨੂੰ ਹੀ ਪਤਾ ਹੈ ਕਿ ਉਨ੍ਹਾਂ ਨੂੰ ਇਹ ਬਿਮਾਰੀ ਹੈ।

# ਪੰਜਾਬ 'ਚ ਡਰੱਗ ਦਾ ਦਹਿਸ਼ਤਵਾਦ ਜਾਰੀ

### ✪ ਨਸ਼ੇ ਦੀ ਓਵਰਡੋਜ਼ ਕਾਰਨ ਦੋ ਨੌਜਵਾਨਾਂ ਦੀ ਮੌਤ ✪ ਪੰਦਰਾਂ ਹਜ਼ਾਰ ਲਈ ਨਸ਼ੇੜੀ ਨੇ ਸਾਥੀ ਦਾ ਕਤਲ ਕੀਤਾ



**ਚੰਡੀਗੜ੍ਹ/ਏਟੀ ਨਿਊਜ਼ :** ਪਿੰਡ ਨੌਸ਼ਹਿਰਾ ਬਹਾਦੁਰ ਵਿਚ ਇੱਕ ਨੌਜਵਾਨ ਸੰਦੀਪ ਸਿੰਘ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਗਈ। ਮ੍ਰਿਤਕ ਦੇ ਪਿਤਾ ਦਾ ਕਹਿਣਾ ਹੈ ਕਿ ਸੰਦੀਪ ਸ਼ਨਿਚਰਵਾਰ ਸ਼ਾਮ ਨੂੰ ਘਰੋਂ ਗਿਆ ਸੀ ਅਤੇ ਵਾਪਸ ਨਹੀਂ ਆਇਆ। ਉਨ੍ਹਾਂ ਦੀ ਗੁਆਂਢਣ ਨੇ ਉਸ ਨੂੰ ਘਰ ਦੇ ਬਾਹਰ ਡਿੱਗਿਆ ਦੇਖਿਆ।

**ਡਰੱਗ ਕਾਰਨ ਬੰਦਾ ਲਾਸ਼ ਹੋ ਗਿਆ-**

ਗੋਇੰਦਵਾਲ ਸਾਹਿਬ ਬੱਸ ਸਟੈਂਡ ਕੋਲ ਪੁਲੀਸ ਨੂੰ ਲਖਵਿੰਦਰ ਸਿੰਘ ਲੱਕੀ ਦੀ ਲਾਸ਼ ਬਰਾਮਦ ਹੋਈ ਹੈ। ਮ੍ਰਿਤਕ ਦੀ ਭੈਣ ਬਲਜੀਤ ਕੌਰ ਨੇ ਦੱਸਿਆ ਕਿ ਲਖਵਿੰਦਰ ਪਿਛਲੇ ਛੇ-ਸੱਤ ਸਾਲਾਂ ਤੋਂ ਨਸ਼ਿਆਂ ਦਾ ਆਦੀ ਸੀ ਜਿਸ ਤੋਂ ਦੁਖੀ ਹੋ ਕੇ ਉਸ ਦੀ ਪਤਨੀ ਵੀ ਘਰ ਛੱਡ ਕੇ ਜਾ ਚੁੱਕੀ ਹੈ।

**ਨਸ਼ੇੜੀਆਂ ਨੇ ਆਪਣੇ ਦੋਸਤ ਦਾ ਕੀਤਾ ਕਤਲ-**

ਪਿੰਡ ਤੁੰਬੜ ਭੰਨ ਵਿੱਚ ਨਸ਼ੇੜੀ ਨੌਜਵਾਨ ਜਗਵਿੰਦਰ ਨੇ ਪੰਦਰਾਂ ਹਜ਼ਾਰ ਰੁਪਏ ਖ਼ਾਤਰ ਆਪਣੇ ਦੋਸਤ ਦਾ ਕਤਲ ਕਰ ਦਿੱਤਾ। ਮਨਜਿੰਦਰ ਨੇ ਪੁਲੀਸ ਨੂੰ ਦੱਸਿਆ ਕਿ ਘਟਨਾ ਵਾਲੀ ਰਾਤ ਜਗਵਿੰਦਰ ਸਿੰਘ ਉਸ ਦੇ ਵੱਡੇ ਭਰਾ ਮਨਜੀਤ ਸਿੰਘ ਨੂੰ ਘਰੋਂ ਆਪਣੇ ਮੋਟਰਸਾਈਕਲ 'ਤੇ ਨਾਲ ਲੈ ਗਿਆ ਸੀ। ਜਾਂਦੇ ਸਮੇਂ ਮਨਜੀਤ ਦੀ ਜੇਬ ਵਿੱਚ ਪੰਦਰਾਂ ਹਜ਼ਾਰ ਰੁਪਏ ਸਨ। ਮਨਜਿੰਦਰ ਨੇ ਦੱਸਿਆ ਕਿ ਨਸ਼ਾ ਕਰਨ ਦਾ ਆਦੀ ਹੈ ਜਿਸ ਨੇ ਪੈਸਿਆਂ ਖ਼ਾਤਰ ਉਸ ਦੇ ਵੱਡੇ ਭਰਾ ਦਾ ਕਤਲ ਕਰ ਦਿੱਤਾ ਹੈ। ਮੁਲਜ਼ਮ ਫ਼ਰਾਰ ਹੈ।

## ਸ਼ਰਾਬ ਤਸਕਰਾਂ ਨਾਲ ਘਰੋਂ ਗਏ ਗੱਭਰੂ ਦੀ ਲਾਸ਼ ਭਾਖੜਾ 'ਚੋਂ ਮਿਲੀ

ਕਰੀਬ ਦੋ ਮਹੀਨੇ ਪਹਿਲਾਂ ਸ਼ਰਾਬ ਤਸਕਰਾਂ ਨਾਲ ਘਰੋਂ ਗਏ 25 ਸਾਲਾ ਨੌਜਵਾਨ ਦੀ ਲਾਸ਼ ਅਤੇ ਸਕਾਰਪੀਓ ਗੱਡੀ ਖਨੌਰੀ ਭਾਖੜਾ ਮੇਨ ਲਾਈਨ ਵਿਚੋਂ ਬੀਤੀ ਦਿਨੀਂ ਮੋਗਾ ਪੁਲੀਸ ਨੇ ਬਰਾਮਦ ਕੀਤੀ। ਇਸ ਸਬੰਧੀ ਮ੍ਰਿਤਕ ਦੇ ਪਿਤਾ ਤੇਜਾ ਸਿੰਘ ਨੇ ਦੱਸਿਆ ਕਿ ਤਕਰੀਬਨ ਦੋ ਮਹੀਨੇ ਪਹਿਲਾਂ ਸੁਖਪਾਲ ਸਿੰਘ ਨਾਂ ਦਾ ਵਿਅਕਤੀ ਕਿਸੇ ਕੰਮ ਲਈ ਉਸ ਦੇ ਲੜਕੇ ਗੁਰਬੰਤ ਸਿੰਘ ਨੂੰ ਆਪਣੇ ਨਾਲ ਲੈ ਗਿਆ ਸੀ। ਉਹ ਦੂਜੇ ਦਿਨ ਪਿੰਡ ਆ ਗਿਆ ਪਰ ਗੁਰਬੰਤ ਸਿੰਘ ਘਰ ਨਾ ਪਰਤਿਆ। ਉਨ੍ਹਾਂ ਜਦੋਂ ਸੁਖਪਾਲ ਤੋਂ ਆਪਣੇ ਪੁੱਤਰ ਬਾਰੇ ਪੁੱਛਿਆ ਉਸ ਨੇ ਦੱਸਿਆ ਕਿ ਉਸ ਨੂੰ ਪੁਲੀਸ ਨੇ ਫੜ ਲਿਆ ਹੈ। ਤੇਜਾ ਸਿੰਘ ਨੇ ਦੱਸਿਆ ਕਿ ਸੁਖਪਾਲ ਤੇ ਉਹ ਹਰਿਆਣੇ ਤੋਂ ਸ਼ਰਾਬ ਲੈਣ ਗਏ ਸਨ। ਇਸ ਦੌਰਾਨ ਗੁਰਬੰਤ ਦਾ ਫੋਨ ਆਇਆ ਕਿ ਉਨ੍ਹਾਂ ਦੀ ਕਾਰ ਦਾ ਪਿੱਛਾ ਕੀਤਾ ਜਾ ਰਿਹਾ ਸੀ। ਫਿਰ ਉਨ੍ਹਾਂ ਦੇ ਮੋਬਾਈਲ ਬੰਦ ਆਉਣ ਲੱਗ ਗਏ। ਤੇਜਾ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਸੁਖਪਾਲ ਖ਼ਿਲਾਫ਼ ਥਾਣਾ ਬੱਧਨੀ ਕਲਾਂ ਵਿਚ ਸ਼ਿਕਾਇਤ ਦਰਜ ਕਰਵਾਈ ਸੀ। ਪੁਲੀਸ ਨੇ ਕੇਸ ਦਰਜ ਕਰਕੇ ਗੁਰਬੰਤ ਦੀ ਭਾਲ ਸ਼ੁਰੂ ਕਰ ਦਿੱਤੀ। ਉਸ ਦੇ ਮੋਬਾਈਲ ਦੀ ਲੋਕੇਸ਼ਨ ਖਨੌਰੀ ਭਾਖੜਾ ਨਹਿਰ ਦੇ ਪੁਲ ਦੀ ਆਈ ਜਿਸ ਮਗਰੋਂ ਉਨ੍ਹਾਂ ਦਾ ਮੋਬਾਈਲ ਬੰਦ ਹੋ ਗਿਆ। ਪੁਲੀਸ ਨੇ ਗੋਤਾਖੋਰ ਆਸ਼ੂ ਮਲਿਕ ਦੀ ਟੀਮ ਨਾਲ ਖਨੌਰੀ ਤੋਂ ਕਰੇਨ ਮੰਗਵਾ ਕੇ ਗੱਡੀ ਨੂੰ ਬਾਹਰ ਕੱਢਿਆ ਗਿਆ। ਇਸ ਵਿੱਚੋਂ ਗੁਰਬੰਤ ਸਿੰਘ ਦੀ ਲਾਸ਼ ਮਿਲੀ। ਗੱਡੀ ਵਿਚੋਂ ਸ਼ਰਾਬ ਵੀ ਬਰਾਮਦ ਹੋਈ।

## ਨਸ਼ੇੜੀ ਨੇ ਦਸ ਸਾਲਾ ਬੱਚੇ ਦੇ ਸਿਰ 'ਚ ਮਾਰੇ ਹਥੌੜੇ

ਪਾਰਕ 'ਚ ਖੇਡ ਰਹੇ ਬੱਚਿਆਂ ਤੇ ਹਮਲਾ ਕਰ ਕੇ ਨਸ਼ੇ ਵਿਚ ਟੱਲੀ ਇਕ ਵਿਅਕਤੀ ਨੇ ਦਸ ਸਾਲ ਦੇ ਬੱਚੇ ਦੀਪਕ ਦੇ ਸਿਰ 'ਚ ਹਥੌੜੇ ਮਾਰੇ। ਬੁਰੀ ਤਰ੍ਹਾਂ ਜ਼ਖ਼ਮੀ ਹੋਏ ਬੱਚੇ ਨੂੰ ਲਾਗੇ ਦੇ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ, ਜਿੱਥੇ ਉਸ ਦੀ ਹਾਲਤ ਗੰਭੀਰ ਦੇਖਦਿਆਂ ਡਾਕਟਰਾਂ ਨੇ ਉਸ ਨੂੰ ਦਿਆਨੰਦ ਹਸਪਤਾਲ ਲੁਧਿਆਣਾ ਰੈਫਰ ਕਰ ਦਿੱਤਾ। ਇਸ ਘਟਨਾ ਤੋਂ ਬਾਅਦ ਗੁੱਸੇ ਵਿਚ ਆਏ ਇਲਾਕਾ ਵਾਸੀਆਂ ਨੇ ਮੁਲਜ਼ਮ ਹਨੂਮਾਨ ਨੂੰ ਕਾਬੂ ਕਰ ਕੇ ਉਸ ਦੀ ਕੁੱਟਮਾਰ ਕੀਤੀ ਤੇ ਪੁਲਿਸ ਹਵਾਲੇ ਕਰ ਦਿੱਤਾ। ਬੱਚੇ ਦੇ ਸਿਰ ਵਿਚ ਐਨੀ ਜ਼ੋਰ ਨਾਲ ਸੱਟਾਂ ਲੱਗੀਆਂ ਕਿ ਉਸ ਦੇ ਸਿਰ ਦੀ ਹੱਡੀ ਟੁੱਟ ਗਈ। ਡੀਐੱਮਸੀ ਦੇ ਡਾਕਟਰਾਂ ਮੁਤਾਬਕ ਬੱਚੇ ਦੀ ਹਾਲਤ ਗੰਭੀਰ ਹੈ।



ਨਸ਼ੇੜੀ ਦੇ ਹਮਲੇ ਦਾ ਸ਼ਿਕਾਰ ਦੀਪਕ


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ 209.487.3699

ਹਰਨੇਕ ਸਿੰਘ ਅਟਵਾਲ 209.351.5965

2850 Loomis Rd, Stockton, CA 95205

# ਜਥੇਦਾਰਾਂ ਨੇ ਕੇਸਗੜ੍ਹ ਵਿਖੇ ਹੋਲੇ ਦੀ ਥਾਂ ਹੋਲੀ ਮਨਾਈ

- **ਸ਼ੋਸ਼ਲ ਮੀਡੀਆ ’ਤੇ ਫੈਲਿਆ ਜਥੇਦਾਰਾਂ ਖਿਲਾਫ਼ ਰੋਸ**
- **ਸ਼੍ਰੋਮਣੀ ਕਮੇਟੀ ਨੇ ਧਾਰੀ ਸਾਜ਼ਿਸ਼ੀ ਚੁੱਪ**
- **ਪੁਲਿਸ ਦੁਆਰਾ ਫੜੇ ਖਾਲਿਸਤਾਨ ਪੱਖੀ ਸਿੱਖ ਨੌਜਵਾਨਾਂ ਨੂੰ ਪੰਥਕ ਜਥੇਬੰਦੀਆਂ ਨੇ ਛੁਡਵਾਇਆ**



**ਸ੍ਰੀ ਅਨੰਦਪੁਰ ਸਾਹਿਬ/ਚੀਫ ਬਿਊਰੋ :** ਅਨੰਦਪੁਰ ਸਾਹਿਬ ਵਿਖੇ ਹੋਲਾ-ਮਹੱਲਾ ਮੌਕੇ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿਚ ਪਹੁੰਚੀਆਂ ਸੰਗਤਾਂ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਹੋਰ ਇਤਿਹਾਸਕ ਧਾਰਮਿਕ ਅਸਥਾਨ ਜਿਨ੍ਹਾਂ ਵਿਚ ਗੁਰਦੁਆਰਾ ਗੁਰੂ ਕੇ ਮਹਿਲ ਭੋਰਾ ਸਾਹਿਬ, ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ, ਗੁਰਦੁਆਰਾ ਕਿਲ੍ਹਾ ਫ਼ਤਹਿਗੜ੍ਹ ਸਾਹਿਬ ਆਦਿ ਵਿਖੇ ਮੱਥਾ ਟੇਕਿਆ।

**ਹੋਲੇ ਦੀ ਥਾਂ ਹੋਲੀ ਮਨਾਈ ਪੰਥਕ ਆਗੂਆਂ ਨੇ-**

ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸਮੁੱਚੀ ਕੌਮ ਨੂੰ ਇਕਜੁੱਟ ਕਰਨ ਦਾ ਸੱਦਾ ਦੇਣ ਵਾਲੀ ਸ਼੍ਰੋਮਣੀ ਕਮੇਟੀ ਖਾਲਸਾ ਪੰਥ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਹੋਲੇ ਮਹੱਲੇ ਮੌਕੇ ਨਿਹੰਗ ਸਿੰਘਾਂ ਨੂੰ ਵੱਖਰੇ ਤੌਰ ’ਤੇ ਮਹੱਲਾ ਕੱਢਣ ਤੋਂ ਰੋਕਣ ਦੀ ਬਜਾਏ ਸੰਗਤ ਨੂੰ ਹੀ ਇੱਕ ਝੰਡੇ ਹੇਠਾਂ ਲੈ ਕੇ ਆਉਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪਹਿਲੀ ਵਾਰ ਬਾਬਾ ਹਰਨਾਮ ਸਿੰਘ ਧੁੰਮਾ ਦੀ ਅਗਵਾਈ ਵਿਚ ਹੋਲੀ ਖੇਡੀ ਗਈ। ਇਸ ਮੌਕੇ ਥੋੜ੍ਹਾ ਸਮਾਂ ਕੱਢ ਕੇ ਪਹੁੰਚੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਮਰਿਆਦਾ ਤੋਂ ਉਲਟ ਤਖ਼ਤ ਕੇਸਗੜ੍ਹ ਵਿਖੇ ਬਾਬਾ ਹਰਨਾਮ ਸਿੰਘ ਧੁੰਮਾ ਨਾਲ ਗੁਲਾਲ ਖੇਡ ਕੇ ਸੰਬੋਧਨ ਕਰਨ ਉਪਰੰਤ ਚਲਦੇ ਬਣੇ। ਗਿਆਨੀ ਰਘਬੀਰ ਸਿੰਘ ਜਥੇਦਾਰ ਕੇਸਗੜ੍ਹ ਸਾਹਿਬ ਹੋਲੀ ਦੇ ਰੰਗਾਂ ਵਿਚ ਰੰਗੇ ਗਏ। ਦੂਸਰੇ ਪਾਸੇ 13 ਸਾਲਾਂ ਤੱਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ ਪ੍ਰੋਫੈਸਰ ਮਨਜੀਤ ਸਿੰਘ ਨੇ ਗੁਲਾਲ ਲਗਵਾਉਣ ਤੋਂ ਸਾਫ ਇਨਕਾਰ ਕਰ ਦਿੱਤਾ। ਉਹਨਾਂ ਇਸ ਕਾਂਡ ਦੀ ਨਿਖੇਧੀ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਨਾਮ ਦੇ ਰੰਗ ਵਿਚ ਰੰਗਣ ਦੀ ਗੱਲ ਆਖੀ ਸੀ, ਨਾ ਕਿ ਦੁਨਿਆਵੀ ਰੰਗਾਂ ਵਿਚ ਰੰਗਣ ਨੂੰ ਤਰਜੀਹ ਦਿੱਤੀ ਸੀ।

ਇਸ ਦਾ ਸ਼ੋਸ਼ਲ ਮੀਡੀਆ ’ਤੇ ਖਾਸਾ ਵਿਰੋਧ ਹੋ ਰਿਹਾ ਹੈ। ਸ਼੍ਰੋਮਣੀ ਕਮੇਟੀ ਦੀ ਸਾਬਕਾ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਵੀ ਇਸ ਦੀ ਸਖਤ ਨਿਖੇਧੀ ਕੀਤੀ ਹੈ। ਪਰ ਸ਼੍ਰੋਮਣੀ ਕਮੇਟੀ ਨੇ ਹਾਲੇ ਤੱਕ ਇਸ ਦਾ ਨੋਟਿਸ ਨਹੀਂ ਲਿਆ ਤੇ ਨਾ ਹੀ ਕੋਈ ਬਿਆਨ ਜਾਰੀ ਕੀਤਾ ਹੈ।

ਦਿਲਬਾਗ ਸਿੰਘ ਨਾਗੋਕੇ ਜੋ ਦਮਦਮੀ ਟਕਸਾਲ ਦੇ ਚਿੰਤਕ ਹਨ, ਦਾ ਮੰਨਣਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹੱਲੇ ਦੌਰਾਨ ਬਾਬਾ ਠਾਕੁਰ ਸਿੰਘ ਜੀ ਵੀ ਸ਼ਾਮਲ ਹੁੰਦੇ ਸਨ, ਸਿੰਘ ਗੱਤਕੇ ਦੇ ਜ਼ੌਹਰ ਦਿਖਾਉਂਦੇ ਸਨ , ਮਹੱਲੇ ਦੀ ਸਮਾਪਤੀ ਤੱਕ ਚਿੱਟੇ ਚੋਲ਼ਿਆਂ ’ਤੇ ਰੰਗ ਦਾ ਇਕ ਵੀ ਦਾਗ ਦਿਖਾਈ ਨਹੀਂ ਸੀ ਦਿੰਦਾ। ਸਭ ਨਿਹੰਗ ਸਿੰਘ ਦਲ ਪੰਥ ਦੇ ਮੁਖੀ ਸਿੰਘਾਂ ਨੇ ਆਪੋ ਆਪਣੇ ਨਿਹੰਗ ਸਿੰਘਾਂ ਨੂੰ ਚੰਗੀ ਤਰ੍ਹਾਂ ਤਾੜਨਾ ਕੀਤੀ ਹੁੰਦੀ ਸੀ ਕਿ “ਇਹ ਦਸਮ ਪਾਤਸ਼ਾਹ ਵੱਲੋਂ ਚਲਾਈ ਹੋਈ ਗਿਆਨੀਆਂ ਦੀ ਟਕਸਾਲ ਹੈ, ਇਹਨਾਂ ’ਤੇ ਕਿਸੇ ਕਿਸਮ ਦਾ ਰੰਗ ਨਹੀਂ ਸੁੱਟਣਾ। ਇਹ ਬ੍ਰਹਮਗਿਆਨੀਆਂ ਦੀ ਟਕਸਾਲ ਹੈ, ਇਸ ਟਕਸਾਲ ਦੀ ਕਾਰਜ ਸ਼ੈਲੀ, ਵਿਚਰਨ ਸ਼ੈਲੀ ਹੋਰਨਾਂ ਸਤਿਕਾਰਤ ਸੰਪਰਦਾਵਾਂ, ਦਲ ਪੰਥਾਂ ਤੋਂ ਵੱਖਰੀ ਹੈ। ਇਹ, ਚਾਹ ਨਹੀਂ ਛਕਦੇ, ਝਟਕਾ ਨਹੀਂ ਛਕਦੇ ਸਗੋਂ ਮੂੰਗੀ ਨਾਲ ਹੀ ਸ਼ੁਕਰਾਨਾ ਕਰਦੇ ਹਨ ਤੇ ਖੁਸ਼ ਪ੍ਰਸੰਨ ਰਹਿੰਦੇ ਹਨ , ਭੰਗ ਨਹੀਂ ਛਕਦੇ, ਇਹ ਦਿਨ ਰਾਤ ਨਾਮ ਸਿਮਰਨ ਅਭਿਆਸ ਤੇ ਸੇਵਾ ਵਿੱਚ ਵਕਤ ਗੁਜ਼ਾਰਦੇ ਹਨ। ਉਥੇ ਹਮੇਸ਼ਾਂ ਗਿਆਨ ਦੀ ਗੱਲ ਚੱਲਦੀ ਹੈ , ਵੱਖ ਵੱਖ ਗ੍ਰੰਥ ਪੜ੍ਹਾਏ ਜਾਂਦੇ ਹਨ, ਗੁਰਬਾਣੀ ਦਾ ਸ਼ੁੱਧ ਉਚਾਰਨ, ਗਿਆਨੀ ਰਾਗੀ ਸਿੰਘ, ਸਿੱਕੇ ਦੀ ਤਰ੍ਹਾਂ ਘੜੇ ਜਾਂਦੇ ਹਨ, ਜੋ ਜਥਿਆਂ ਦੇ ਰੂਪ ਵਿੱਚ ਪਿੰਡ-ਪਿੰਡ ਸ਼ਹਿਰ-ਸ਼ਹਿਰ ਵਿਚਰ ਕੇ ਸੰਗਤਾਂ ਨੂੰ ਗੁਰੂ ਨਾਲ ਜੋੜਦੇ ਹਨ। ਪੰਥ ’ਤੇ ਭੀੜ ਪੈਣ ’ਤੇ ਇਹ ਮੂੰਗੀ ਛਕਣ ਵਾਲੇ ਸਭ ਤੋਂ ਅੱਗੇ ਹਿੱਕਾਂ ਡਾਹ ਲੜਦੇ ਹਨ ਤੇ ਸ਼ਹੀਦੀਆਂ ਪਾਉਂਦੇ ਹਨ। ਜਿਥੇ ਟਕਸਾਲੀ ਸਿੰਘ ਮਿਲਣ ਉਹਨਾਂ ’ਤੇ ਰੰਗ ਨਹੀਂ ਸੁੱਟਣਾ ਸਗੋਂ ਸਤਿਕਾਰ ਕਰਨਾ ਹੈ।” ਇਸੇ ਤਰਾਂ ਹੁੰਦਾ ਸੀ ਟਕਸਾਲੀ ਸਿੰਘਾਂ ਉਪਰ ਤਾਂ ਕੀ ਜਿਸ ਗੱਡੀ ’ਤੇ ਦਮਦਮੀ ਟਕਸਾਲ ਜਥਾ (ਭਿੰਡਰਾਂ ਮਹਿਤਾ) ਲਿਖਿਆ ਹੁੰਦਾ ਸੀ ਉਸ ਉਪਰ ਵੀ ਕੋਈ ਰੰਗ ਨਹੀਂ ਸੀ ਸੁੱਟਦਾ। ਜੇਕਰ ਕੋਈ ਅਣਜਾਣ ਜਾਂ ਜਾਣਬੁੱਝ ਕੇ ਰੰਗ ਸੁੱਟ ਵੀ ਦੇਂਦਾ ਤਾਂ ਕਈ ਵਾਰ ਹੱਥ ਕਿਰਪਾਨਾਂ ਦੀਆਂ ਮੁੱਠਾਂ ਤੱਕ ਵੀ ਪਹੁੰਚ ਜਾਂਦੇ । ਕਈ ਦਹਾਕਿਆਂ ਤੋਂ ਇਸੇ ਤਰਾਂ ਚੱਲਿਆ ਆ ਰਿਹਾ ਸੀ। ਪਰ.... ਪਿਛਲੇ ਦੋ ਸਾਲਾਂ ਤੋਂ ......ਗੁਰੂ ਭਲੀ ਕਰੇ...ਸੁਮੱਤ ਬਖ਼ਸ਼ੇ।

**ਕੀ ਫਰਕ ਹੈ ਹੋਲੀ ਤੇ ਹੋਲੇ ’ਚ-**

ਪੰਥ ਦੇ ਵੱਡੇ ਲੀਡਰਾਂ ਜਥੇਦਾਰਾਂ, ਸਿੰਘ ਸਾਹਿਬਾਨਾਂ ਨੇ ਬਾਦਲ ਦਲ ਦੀਆਂ ਨਾਗਪੁਰੀ ਭਗਵੀਆਂ ਹਦਾਇਤਾਂ ਉਤੇ ਤਖਤ ਕੇਸਗੜ੍ਹ ਸਾਹਿਬ ਵਿਚ ਹੋਲਾ ਮਹੱਲਾ ਦੀ ਥਾਂ ਹੋਲੀ ਮਨਾਈ ਗਈ। ਅਸਲ ਵਿਚ ਇਹ ਭਗਵਾਂ ਮਿਸ਼ਨ ਹੈ। ਹੋਲੀ ਤਿਉਹਾਰ ਬਾਰੇ ਹਿੰਦੂ ਧਰਮ ਵਿੱਚ ਇਹ ਮਿਥਿਹਾਸ ਭਗਤ ਪ੍ਰਹਿਲਾਦ ਨਾਲ ਜੁੜਦਾ ਹੈ ਕਿ ਇਸ ਦਿਨ ਰਾਜਾ ਹਰਣਾਖਸ਼ ਨੇ ਭਗਤ ਪ੍ਰਹਿਲਾਦ ਨੂੰ ਆਪਣੀ ਭੈਣ ਹੋਲਿਕਾ ਦੀ ਗੋਦੀ ਵਿੱਚ ਬਿਠਾ ਕੇ ਸਾੜਨ ਦੀ ਕੋਸ਼ਿਸ਼ ਕੀਤੀ। ਹੋਲਿਕਾ ਨੂੰ ਵਰ ਸੀ ਕਿ ਉਹ ਅੱਗ ਵਿੱਚ ਨਹੀਂ ਸੜਦੀ ਪਰ ਹੋਲਿਕਾ ਸੜ ਗਈ ਅਤੇ ਪ੍ਰਹਿਲਾਦ ਬਚ ਗਿਆ। ਰੱਬ ਦੇ ਭਗਤ ਦੀ ਲਾਜ ਰੱਖਣ ਸਬੰਧੀ ਜ਼ਿਕਰ ਗੁਰਬਾਣੀ ਵਿੱਚ ਵੀ ਆਉਂਦਾ ਹੈ :-

ਹਰਿ ਜੁਗੁ ਜੁਗੁ ਭਗਤ ਉਪਾਇਆ<br>
ਪੈਜ ਰਖਦਾ ਆਇਆ ਰਾਮ ਰਾਜੇ<br>
ਹਰਣਾਖਸੁ ਦੁਸਟੁ ਹਰਿ ਮਾਰਿਆ<br>
ਪ੍ਰਹਲਾਦੁ ਤਰਾਇਆ॥

ਉਸ ਦਿਨ ਤੋਂ ਹੀ ਹੋਲੀ ਦਾ ਤਿਉਹਾਰ ਪੂਰੇ ਭਾਰਤ ਵਿਚ ਹਰ ਸਾਲ ਮਨਾਇਆ ਜਾਣ ਲੱਗਿਆ। ਹੋਲੀ ਦੇ ਤਿਉਹਾਰ ਸਬੰਧੀ ਇਸ ਕਥਾ ਨੂੰ ਆਧਾਰ ਬਣਾ ਕੇ ਹੀ ਰਾਤ ਨੂੰ ਹੋਲੀ ਜਲਾਈ ਜਾਂਦੀ ਸੀ ਤੇ ਅੱਗ ਨਾਲ ਬਣੀ ਸੁਆਹ ਨੂੰ ਹੋਲਿਕਾ ਦੀ ਰਾਖ਼ ਮੰਨ ਕੇ ਸਵੇਰੇ ਉਡਾਇਆ ਜਾਂਦਾ ਸੀ। ਪਰ ਗੁਰੂ ਸਾਹਿਬਾਨ ਇਸ ਤਿਉਹਾਰ ਨੂੰ ਰਦ ਕਰਦੇ ਹਨ। ਮਨੁੱਖ ਲਈ ਹਮੇਸ਼ਾਂ ਕਰਤੇ ਦੇ ਰੰਗ ਵਿਚ ਰੰਗੇ ਰਹਿਣਾ ਹੀ ਹੋਲੀ ਦਾ ਖੇਡਣਾ ਹੈ, ਨਾ ਕਿ ਰੰਗ ਗੁਲਾਲ ਆਦਿ ਉਡਾਉਣਾ। ਗੁਰੂ ਸਾਹਿਬਾਨਾਂ ਨੇ ਗੁਰੂ ਆਸ਼ੇ ਤੇ ਚਲਣ ਵਾਲਿਆਂ ਨੂੰ ਰੰਗ-ਗੁਲਾਲਾਂ-ਚਿੱਕੜਾਂ ਵਾਲੀ ਹੋਲੀ ਤੋਂ ਪੂਰੀ ਤਰ੍ਹਾਂ ਮਨ੍ਹਾ ਕੀਤਾ ਤੇ ਨਾਮ ਬਾਣੀ ਵਾਲੇ ਰੰਗ ਚ ਰੰਗੇ ਰਹਿਣ ਦੀ ਸੇਧ ਦਿੱਤੀ।

ਆਜੁ ਹਮਾਰੈ ਗ੍ਰਿਹਿ ਬਸੰਤ॥<br>
ਗੁਨ ਗਾਏ ਪ੍ਰਭ !<br>
ਤੁਮ ਬੇਅੰਤ ॥੧॥ ਰਹਾਉ ॥<br>
ਆਜੁ ਹਮਾਰੈ; ਬਨੇ ਫਾਗ॥<br>
ਪ੍ਰਭ ਸੰਗੀ ਮਿਲਿ; ਖੇਲਨ ਲਾਗ॥<br>
ਹੋਲੀ ਕੀਨੀ; ਸੰਤ ਸੇਵ॥<br>
ਰੰਗੁ ਲਾਗਾ ਅਤਿ ਲਾਲ ਦੇਵ ॥੨॥<br>
ਮਨੁ ਤਨੁ ਮਉਲਿਓ<br>
ਅਤਿ ਅਨੂਪ ॥<br>
ਸੂਕੈ ਨਾਹੀ ਛਾਵ ਧੂਪ ॥<br>
ਸਗਲੀ ਰੂਤੀ ਹਰਿਆ ਹੋਇ ॥<br>
ਸਦ ਬਸੰਤ ਗੁਰ ਮਿਲੇ ਦੇਵ ॥੩॥<br>
ਬਿਰਖੁ ਜਮਿਓ ਹੈ ਪਾਰਜਾਤ ॥<br>
ਫੂਲ ਲਗੇ ਫਲ ਰਤਨ ਭਾਂਤਿ ॥<br>
ਤ੍ਰਿਪਤਿ ਅਘਾਨੇ<br>
ਹਰਿ ਗੁਣਹ ਗਾਇ ॥<br>
ਜਨ ਨਾਨਕ !<br>
ਹਰਿ ਹਰਿ, ਹਰਿ ਧਿਆਇ ॥੪॥<br>
(ਬਸੰਤੁ, ਮ: ੫, ਪੰਨਾ ੧੧੮੦)

ਹੋਲਾ ਮਹੱਲਾ ਖ਼ਾਲਸਾ ਪੰਥ ਦੀ ਸੁਤੰਤਰ ਹੋਂਦ ਹਸਤੀ ਦਾ ਪ੍ਰਤੀਕ ਹੈ। ਗੁਰੂ ਸਾਹਿਬਾਨ ਨੇ ਪਰੰਪਰਾਗਤ ਤਿਉਹਾਰਾਂ ਵਿਚ ਨਰੋਆ ਪਰਿਵਰਤਨ ਲਿਆਉਂਦਿਆਂ ਹੋਲੀ ਦੀ ਥਾਂ ’ਤੇ ਹੋਲਾ ਮਹੱਲਾ ਦਾ ਆਰੰਭ ਕੀਤਾ, ਜਿਸ ਨੇ ਭਾਰਤੀ ਧਾਰਮਿਕ ਪਰੰਪਰਾ ਅੰਦਰ ਕ੍ਰਾਂਤੀਕਾਰੀ ਮੋੜ ਲਿਆਦਾ। ਹੋਲੇ ਮਹੱਲੇ ਦਾ ਆਰੰਭ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੇ ਚੇਤ ਵਦੀ ਇਕ ਸੰਮਤ 1757 ਬਿਕ੍ਰਮੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਚ ਕਿਲ੍ਹਾ ਹੋਲਗੜ੍ਹ ਦੇ ਸਥਾਨ ’ਤੇ ਕੀਤਾ ਸੀ। ਹੋਲਾ ਮਹੱਲਾ ਮਨਾਉਣ ਦਾ ਮੁੱਖ ਮੰਤਵ ਗੁਰਸਿੱਖਾਂ ਅੰਦਰ ‘ਫ਼ਤਹਿ’ ਦੇ ਅਨੁਭਵ ਨੂੰ ਹੋਰ ਦ੍ਰਿੜ੍ਹ ਕਰਨਾ ਸੀ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਹੋਲਾ ਮਹੱਲਾ ਦੇ ਰੂਪ ਵਿਚ ਮਨਾਏ ਜਾਂਦੇ ਇਸ ਜੰਗਜੂ ਤਿਉਹਾਰ ਵੇਲੇ ਸਿੰਘਾਂ ਦੀਆਂ ਆਪਸ ਵਿਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋ-ਬਲ ਨੂੰ ਉੱਚਾ ਕੀਤਾ। ਪਰ ਜੋ ਕੇਸਗੜ੍ਹ ਸਾਹਿਬ ਵਿਚ ਹੋਲੀ ਦਾ ਕਾਰਨਾਮਾ ਵਾਪਰਿਆ ਹੈ, ਉਸ ਨੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਤੌਹੀਨ ਕੀਤੀ ਹੈ।

**ਨਿਹੰਗ ਸਿੰਘਾਂ ਨਾਲ ਵਿਵਾਦ-**

ਇਸ ਵਾਰੀ ਇਹ ਵਿਵਾਦ ਵੀ ਚੱਲ ਰਿਹਾ ਸੀ ਕਿ ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਹੱਲਾ 21 ਮਾਰਚ ਨੂੰ ਕੱਢਿਆ ਜਾਵੇਗਾ ਜਦਕਿ ਸਮੁੱਚੀਆਂ ਨਿਹੰਗ ਸਿੰਘ ਜਥੇਬੰਦੀਆਂ ਪੁਰਾਤਨ ਰਵਾਇਤ ਅਨੁਸਾਰ ਮਹੱਲਾ 22 ਮਾਰਚ ਨੂੰ ਕੱਢਣ ਲਈ ਬਜ਼ਿੱਦ ਸਨ। ਇਸ ਕਾਰਨ ਖਾਲਸਾ ਪੰਥ ਇਸ ਦਿਹਾੜੇ ਨੂੰ ਮਨਾਉਣ ਲਈ ਦੁਬਿਧਾ ਵਿੱਚ ਸੀ। ਨਿਹੰਗ ਸਿੰਘਾਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਰਖਵਾਏ ਅਖੰਡ ਪਾਠ ਦੇ ਭੋਗ ਮੌਕੇ ਤਾਂ ਕੇਸਗੜ੍ਹ ਸਾਹਿਬ ਵਿਚ ਆਪਣੀ ਹਾਜ਼ਰੀ ਲਵਾਈ ਪਰ ਸ਼੍ਰੋਮਣੀ ਕਮੇਟੀ ਵੱਲੋਂ ਸਜਾਏ ਮਹੱਲੇ ਵਿਚ ਉਨ੍ਹਾਂ ਸ਼ਿਰਕਤ ਨਾ ਕੀਤੀ।

ਸ਼੍ਰੋਮਣੀ ਕਮੇਟੀ ਵੱਲੋਂ 21 ਮਾਰਚ ਨੂੰ ਸਜਾਏ ਗਏ ਮਹੱਲੇ ਵਿਚ ਜਥੇਦਾਰ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਹਿਮਾਚਲ ਪ੍ਰਦੇਸ਼ ਤੋਂ ਮੈਂਬਰ ਡਾ. ਦਿਲਜੀਤ ਸਿੰਘ ਭਿੰਡਰ, ਸਹਾਇਕ ਹੈੱਡ ਗ੍ਰੰਥੀ ਦਰਬਾਰ ਸਾਹਿਬ ਗਿਆਨੀ ਜਗਤਾਰ ਸਿੰਘ ਅਤੇ ਹੈੱਡ ਗ੍ਰੰਥੀ ਕੇਸਗੜ੍ਹ ਸਾਹਿਬ ਗਿਆਨੀ ਫੂਲਾ ਸਿੰਘ ਹੀ ਸ਼ਾਮਲ ਹੋਏ। ਇਹ ਵੀ ਸ਼ਾਇਦ ਪਹਿਲੀ ਵਾਰ ਹੋਇਆ ਹੋਵੇਗਾ ਕਿ ਪੰਥਕ ਅਖਵਾਉਣ ਵਾਲੀ ਪਾਰਟੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਰਪ੍ਰਸਤ ਹੀ ਨਹੀਂ ਬਲਕਿ ਟਕਸਾਲੀ ਅਕਾਲੀ ਦਲ ਦੇ ਆਗੂਆਂ ਨੇ ਵੀ ਹੋਲਾ ਮਹੱਲਾ ਦੇ ਕਿਸੇ ਵੀ ਦਿਨ ਤਖ਼ਤ ਸਾਹਿਬ ’ਤੇ ਨਤਮਸਤਕ ਹੋਣਾ ਜ਼ਰੂਰੀ ਨਹੀਂ ਸਮਝਿਆ।

## ਸ਼ੋਸ਼ਲ ਮੀਡੀਆ ’ਤੇ ਹੋਲੀ ਮਨਾਉਣ ਵਾਲੇ ਪੰਥਕ ਆਗੂਆਂ ਦੀ ਅਲੋਚਨਾ

ਫੇਸਬੁੱਕ ’ਤੇ ਬੀਬੀ ਕਿਰਨਜੋਤ ਆਖ ਰਹੇ ਹਨ ਕਿ ਦੋ ਦਿਨਾਂ ਤੋਂ ਉਡੀਕ ਰਹੀ ਹਾਂ ਸ਼ਾਇਦ ਕੋਈ “ਅਕਾਲੀ” ਅਨੰਦਪੁਰ ਸਾਹਿਬ ਤਖਤ ਸ੍ਰੀ ਕੇਸਗੜ੍ਹ ਸਾਹਿਬ ਉਤੇ ਖੇਡੀ ਹੋਲੀ ਦੀ ਮੁਆਫੀ ਮੰਗੇਗਾ ਪਰ ਚੁੱਪੀ ਛਾਈ ਰਹੀ। ਇਹ ਵੀ ਨਹੀਂ ਕਹਿ ਸਕਦੇ ਕਿ ਬਾਬਾ ਧੁੰਮਾ ਦਾ ਅਕਾਲ ਤਖਤ ’ਤੇ ਸਪਸ਼ਟੀਕਰਨ ਲਿਆ ਜਾਵੇ, ਕਿਉਕਿ ਜਿਸ ਨੇ ਲੈਣਾ ਹੈ ਉਸ ਨੇ ਤਾਂ ਆਪ ਆਪਣੀ ਪੱਗ ’ਤੇ ਰੰਗ ਪਵਾਇਆ! ਸਿੱਖ ਸਿਧਾਂਤਾਂ ਤੋਂ ਦਿਨ ਬ ਦਿਨ ਦੂਰੀ ਵਧ ਰਹੀ ਹੈ “ਧਾਰਮਿਕ” ਲੀਡਰਾਂ ਦੀ....ਅਫ਼ਸੋਸ!

ਯਸ਼ਪ੍ਰੀਤ ਕੌਰ ਆਖਦੇ ਹਨ ਕਿ “ਸਿੱਖ ਹਿੰਦੂ ਹੀ ਹਨ, ਇਹ ਅਸੀਂ ਪੱਕਾ ਕਰਕੇ ਰਹਾਂਗੇ” ਇਹੀ ਤਾਂ ਵਾਅਦਾ ਬਾਦਲ ਦਲ ਦਾ ਹਿੰਦੂ ਰਾਸ਼ਟਰ ਦੇ ਆਕਾਵਾਂ ਨਾਲ ਹੈ। ਇਸ ਲਈ ਪੰਥ ਦੀਆਂ ਸਿਰਮੌਰ ਜਥੇਬੰਦੀਆਂ ਅਕਾਲੀ ਦਲ ਤੇ ਦਮਦਮੀ ਟਕਸਾਲ ਨੂੰ ਹੈਕ ਕਰਨਾ ਅਤਿਅੰਤ ਜ਼ਰੂਰੀ ਸੀ ਜੋ ਉਹ ਸਫਲਤਾ ਪੂਰਵਕ ਕਰ ਚੁੱਕੇ ਹਨ।

ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਤੇ ਲੇਖਕ ਤਰਲੋਚਨ ਸਿੰਘ ਦੁਪਾਲਪੁਰ ਦਾ ਕਹਿਣਾ ਹੈ ਕਿ ਬੀਬੀ ਕਿਰਨਜੋਤ ਕੌਰ ਜੀ ਕਿੰਨਾ ਕੁ ਚਿਰ ਉਡੀਕੀ ਜਾਵਾਂਗੇ, ਇਨ੍ਹਾਂ ਮਸੰਦਾਂ ਦਾ ਕੋਈ ਨਾ ਕੋਈ ਇਲਾਜ ਕਰਨਾ ਹੀ ਪਵੇਗਾ। ਤੁਸੀਂ ਭਾਵੇਂ ਅੰਮ੍ਰਿਤਸਰ ਦੀ ਸੰਗਤ ਨੂੰ ਨਾਲ਼ ਲੈ ਕੇ ਸ੍ਰੀ ਅਕਾਲ ਤਖਤ ਮੋਹਰੇ ਖਲੋ ਕੇ ਮੀਡੀਆ ਦੀ ਹਾਜ਼ਰੀ ਵਿਚ ਅਰਦਾਸ ਕਰ ਆਵੋ ਤਾਂ ਜੋ ਸੰਗਤ ਜਾਗ੍ਰਿਤ ਹੋ ਸਕੇ।

ਅਰੁਣਜੋਤ ਸਿੰਘ ਸੋਢੀ ਦਾ ਕਹਿਣਾ ਹੈ ਕਿ ਅਕਾਲੀ ਦਲ ਬਾਦਲ ਸਿੱਖੀ ਸਿਧਾਂਤਾਂ ਤੋਂ ਭਟਕ ਗਿਆ ਹੈ, ਧਰਮ ਪ੍ਰਚਾਰ ਵਾਲੇ ਰਾਜਸੀ ਬਣ ਗਏ ਹਨ।

ਗੁਰਪ੍ਰੀਤ ਸਿੰਘ ਕਲਕੱਤਾ ਦਾ ਕਹਿਣਾ ਹੈ ਕਿ ਅਖੌਤੀ ਧਾਰਮਿਕ ਲੀਡਰਾਂ ਦੀ ਸਿੱਖੀ ਸਿਧਾਂਤਾਂ ਤੋਂ ਵਧ ਰਹੀ ਦੂਰੀ ਇਕ ਸੋਚੀ ਸਮਝੀ ਸਾਜ਼ਿਸ਼ ਤਹਿਤ ਹੀ ਹੈ ਜਿਸ ਦਾ ਮਕਸਦ ਸਿਰਫ ਤੇ ਸਿਰਫ ਸਿੱਖਾਂ ਦੀਆਂ ਜਥੇਬੰਦੀਆਂ ਤੇ ਉੱਚ ਰੁਤਬਿਆਂ ਨੂੰ ਨੁਕਸਾਨ ਪਹੁੰਚਾਉਣਾ ਹੈ।

## ਖਾਲਿਸਤਾਨ ਪੱਖੀ ਸਿੱਖ ਨੌਜਵਾਨ ਗ੍ਰਿਫ਼ਤਾਰੀ ਤੋਂ ਬਾਅਦ ਰਿਹਾਅ

ਅੰਮ੍ਰਿਤਸਰ ਦੇ ਇੱਕ ਇਲਾਕੇ ਨਾਲ ਸਬੰਧਿਤ 4 ਸਿੱਖ ਨੌਜਵਾਨਾਂ ਨੂੰ ਆਪਣੇ ਵਾਹਨ (ਟਰੈਕਟਰ ਟਰਾਲੀ) ’ਤੇ ਖਾਲਿਸਤਾਨ ਪੱਖੀ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਸਾਥੀ ਸਿੰਘਾਂ ਦੇ ਪੋਸਟਰ ਲੱਗੇ ਹੋਣ ਕਾਰਨ ਅਨੰਦਪੁਰ ਸਾਹਿਬ ਵਿਖੇ ਹਿਰਾਸਤ ਵਿੱਚ ਲਿਆ ਗਿਆ ਸੀ। ਰੋਪੜ ਦੇ ਥਾਣਾ ਸਦਰ ਕੋਲ 26 ਸਿੱਖ ਨੌਜਵਾਨਾਂ ਨਾਲ ਭਰੇ ਟਰੈਕਟਰ ਟਰਾਲੀ ਨੂੰ ਪੁਲਿਸ ਨੇ ਰੋਕ ਲਿਆ। ਇਨਾਂ 26 ਨੌਜਵਾਨਾਂ ਵਿੱਚੋਂ 4 ਸਿੱਖ ਨੌਜਵਾਨਾਂ ਨੂੰ ਵਾਹਨ ਸਮੇਤ ਪੁਲਿਸ ਥਾਣੇ ਲੈ ਗਈ ਅਤੇ ਬਾਕੀਆਂ ਨੂੰ ਜਾਣ ਲਈ ਕਹਿ ਦਿੱਤਾ। ਪੁਲਿਸ ਦਾ ਇਲਜ਼ਾਮ ਸੀ ਕਿ ਇਨਾਂ ਨੇ ਆਪਣੀ ਟਰਾਲੀ ਨੂੰ ਦੇਸ਼ ਵਿਰੋਧੀ ਪੋਸਟਰਾਂ ਨਾਲ ਸ਼ਿੰਗਾਰਿਆ ਹੈ ਜੋ ਕਿ ਕਾਨੂੰਨ ਦੀ ਨਜ਼ਰ ਵਿੱਚ ਗੁਨਾਹ ਹੈ। ਸਿੱਖ ਨੌਜਵਾਨ ਸਰਵਨ ਸਿੰਘ ਮੁਤਾਬਕ,





“ਅਸੀਂ ਹੋਲਾ ਮਹੱਲਾ ਮਨਾਉਣ ਲਈ ਆਨੰਦਪੁਰ ਸਾਹਿਬ ਆਏ ਸੀ, ਬੁੱਧਵਾਰ ਦੀ ਰਾਤ ਨੂੰ ਜਿੱਥੇ ਰੁਕੇ ਹੋਏ ਸੀ ਭਾਰੀ ਪੁਲਿਸ ਫੋਰਸ ਉਨ੍ਹਾਂ ਦੇ ਤੰਬੂ ਨੇੜੇ ਪਹੁੰਚੀ ਅਤੇ ਬਿਨਾਂ ਕੋਈ ਕਾਰਨ ਦੱਸੇ ਥਾਣੇ ਲਿਜਾਣ ਲਈ ਕਹਿਣ ਲੱਗੇ।

ਪਰ ਮੌਕੇ ’ਤੇ ਸਿੰਘ ਇਕੱਠੇ ਹੋ ਗਏ ਅਤੇ ਪੁਲਿਸ ਦੀ ਇਸ ਕਾਰਵਾਈ ਦਾ ਵਿਰੋਧ ਕਰਨ ਲੱਗੇ, ਜਿਸ ਕਾਰਨ ਪੁਲਿਸ ਨੂੰ ਖਾਲੀ ਹੱਥ ਵਾਪਸ ਜਾਣਾ ਪਿਆ। ਵੀਰਵਾਰ ਨੂੰ ਜਦੋਂ 26 ਸਿੱਖ ਨੌਜਵਾਨ ਟਰਾਲੀ ’ਤੇ ਸਵਾਰ ਹੋ ਕੇ ਵਾਪਸ ਅੰਮ੍ਰਿਤਸਰ ਵੱਲ ਜਾ ਰਹੇ ਸੀ ਤਾਂ ਪੁਲਿਸ ਦੀਆਂ ਕਈ ਗੱਡੀਆਂ ਨੇ ਉਨ੍ਹਾਂ ਦੀ ਟਰਾਲੀ ਦਾ ਪਿੱਛਾ ਕਰਕੇ ਰੂਪਨਗਰ ਦੇ ਥਾਣਾ ਸਦਰ ਨੇੜੇ ਰੋਕ ਲਿਆ। ਸਾਰੇ ਨੌਜਵਾਨਾਂ ਦੇ ਨਾਂ ਪਤਾ ਨੋਟ ਕੀਤੇ, ਮੋਬਾਈਲ ਕਬਜ਼ੇ ਵਿਚ ਲੈ ਲਏ ਅਤੇ ਪੋਸਟਰਾਂ ਵਾਲਾ ਟਰੈਕਟਰ ਟਰਾਲੀ ਪੁਲਿਸ ਨੇ ਆਪਣੇ ਕਬਜੇ ਵਿੱਚ ਲੈ ਲਏ।”

ਸਿੱਖ ਨੌਜਵਾਨ ਨੇ ਦੱਸਿਆ ਕਿ ਸ਼ਾਮ ਤੱਕ 22 ਨੌਜਵਾਨਾਂ ਨੂੰ ਵਾਪਸ ਜਾਣ ਲਈ ਕਹਿ ਦਿੱਤਾ ਗਿਆ ਪਰ 4 ਸਿੱਖ ਨੌਜਵਾਨਾਂ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ।

ਉਕਤ ਨੌਜਵਾਨ ਮੁਤਾਬਕ ਉਨਾਂ ਨੇ ਆਪਣੀ ਟਰਾਲੀ ’ਤੇ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਸਮਾਜ ਨੂੰ ਸੇਧ ਦੇਣ ਵਾਲੇ ਪਾਣੀ ਬਚਾਉ, ਧੀ ਬਚਾਉ ਆਦਿ ਪੋਸਟਰ ਲਾਏ ਹੋਏ ਸਨ। ਪੁਲਿਸ ਨੂੰ ਇਨ੍ਹਾਂ ਪੋਸਟਰਾਂ ’ਤੇ ਇਤਰਾਜ਼ ਸੀ। ਇਸ ਘਟਨਾ ਤੋਂ ਬਾਅਦ ਰੂਪਨਗਰ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਵੀ ਹਰਕਤ ਵਿੱਚ ਆਏ ਤੇ ਫੋਨ ਕਰਕੇ ਪੁਲਿਸ ਕਾਰਵਾਈ ਦੀ ਜਾਣਕਾਰੀ ਲਈ। ਵਿਧਾਇਕ ਮੁਤਾਬਕ ਪੁਲਿਸ ਦੀ ਇਹ ਕਾਰਵਾਈ ਨਿਖੇਧੀਜਨਕ ਹੈ, ਕਿਸੇ ਵੀ ਮੰਗ ਦੇ ਹੱਕ ਵਿੱਚ ਪੋਸਟਰ ਜਾਂ ਝੰਡੇ ਲਾਉਣੇ ਕੋਈ ਗੁਨਾਹ ਨਹੀਂ ਹੈ।

ਸੰਗਤਾਂ ਦੇ ਦਬਾਅ ਕਾਰਨ ਅੱਧੀ ਰਾਤ ਨੂੰ ਰੂਪਨਗਰ ਪੁਲਿਸ ਨੇ ਚਾਰੇ ਸਿੱਖ ਨੌਜਵਾਨਾਂ ਨੂੰ ਰਿਹਾਅ ਕਰ ਦਿੱਤਾ। ਛੱਡੇ ਗਏ ਨੌਜਵਾਨ ਪ੍ਰਭਜੀਤ ਸਿੰਘ ਮੁਤਾਬਕ ਪੁਲਿਸ ਨੇ ਕਰੀਬ 12 ਘੰਟੇ ਹਿਰਾਸਤ ਵਿੱਚ ਰੱਖਣ ਉਪਰੰਤ ਅੱਗੇ ਤੋਂ ਅਜਿਹੀ ਕੋਈ ਕਾਰਵਾਈ ਨਾ ਕਰਨ ਦੀ ਸ਼ਰਤ ’ਤੇ ਉਨਾਂ ਨੂੰ ਰਿਹਾਅ ਕਰ ਦਿੱਤਾ। ਪ੍ਰਭਜੀਤ ਨੇ ਦੱਸਿਆ ਕਿ ਪੁਲਿਸ ਦੀ ਇਸ ਕਾਰਵਾਈ ਤੋਂ ਬਾਅਦ ਅਸੀਂ ਦਲ ਖਾਲਸਾ ਦੇ ਪਪਲਪ੍ਰੀਤ ਸਿੰਘ ਨਾਲ ਸੰਪਰਕ ਕੀਤਾ ਸੀ ਅਤੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਲੀਡਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਵੀ ਠਾਣੇ ਵਿੱਚ ਫੋਨ ਕੀਤਾ ਸੀ। ਇਸ ਘਟਨਾ ਤੋਂ ਪਹਿਲਾਂ ਵੀ ਪੰਜਾਬ ਪੁਲਿਸ ਖਾਲਿਸਤਾਨ ਦੀ ਹਮਾਇਤ ਕਰਨ ਦੇ ਦੋਸ਼ ਵਿੱਚ ਕਈ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ, ਜੋ ਦੇਸ਼ ਧ੍ਰੋਹ ਦੇ ਦੋਸ਼ ਵਿੱਚ ਜੇਲ੍ਹਾਂ ਵਿੱਚ ਬੰਦ ਹਨ।

# ਪੰਜਾਬ ਨੂੰ ਲਾਵਾਰਸ ਲਾਸ਼ ਨਹੀਂ ਬਣਨ ਦੇਵਾਂਗੀ : ਬੀਬੀ ਖਾਲੜਾ

*ਮਨੁੱਖੀ ਅਧਿਕਾਰਾਂ ਦੀ ਜੰਗ, ਮਨੁੱਖੀ ਅਧਿਕਾਰਾਂ ਲਈ ਇਨਸਾਫ਼ ਹੀ ਮੇਰਾ ਨਿਸ਼ਾਨਾ*

**ਜਲੰਧਰ/ਪ੍ਰੋ. ਬਲਵਿੰਦਰਪਾਲ ਸਿੰਘ :** ਅਮਰ ਸ਼ਹੀਦ ਮਨੁੱਖੀ ਅਧਿਕਾਰਾਂ ਦੇ ਨਾਇਕ ਜਸਵੰਤ ਸਿੰਘ ਖਾਲੜਾ ਦੀ ਵਿਧਵਾ, ਸਰਦਾਰਨੀ ਪਰਮਜੀਤ ਕੌਰ ਖਾਲੜਾ ਖਡੂਰ ਸਾਹਿਬ ਪਾਰਲੀਮਾਨੀ ਹਲਕੇ ਤੋਂ ਚੋਣ ਲੜ ਰਹੇ ਹਨ, ਜਿਨ੍ਹਾਂ ਨੂੰ ਪੰਜਾਬੀ ਏਕਤਾ ਪਾਰਟੀ ਨੇ ਟਿਕਟ ਦਿੱਤੀ ਹੈ। ਖਡੂਰ ਸਾਹਿਬ ਨੂੰ ਪੰਥਕ ਸੀਟ ਮੰਨਿਆ ਜਾਂਦਾ ਹੈ। ਅਕਾਲੀ ਦਲ ਟਕਸਾਲੀ ਨੇ ਪਹਿਲਾਂ ਹੀ ਫੌਜ ਦੇ ਸਾਬਕਾ ਮੁਖੀ ਜਨਰਲ ਜੇ ਜੇ ਸਿੰਘ ਨੂੰ ਖਡੂਰ ਸਾਹਿਬ ਹਲਕੇ ਤੋਂ ਖੜ੍ਹਾ ਕੀਤਾ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਆਪਣਾ ਉਮੀਦਵਾਰ ਐਲਾਨਿਆ ਹੋਇਆ ਹੈ। ਪਰਮਜੀਤ ਕੌਰ ਖਾਲੜਾ ਲਈ ਲੋਕ ਸਭਾ ਚੋਣਾਂ ਵਿੱਚ ਆਪਣਾ ਸਭ ਤੋਂ ਵੱਡਾ ਏਜੰਡਾ ਮਨੁੱਖੀ ਅਧਿਕਾਰਾਂ ਦਾ ਹੋਵੇਗਾ।

ਇੱਥੇ ਜ਼ਿਕਰਯੋਗ ਹੈ ਕਿ ਜਸਵੰਤ ਸਿੰਘ ਖਾਲੜਾ ਨੂੰ 1995 ਵਿਚ ਪੰਜਾਬ ਦੇ ਪੁਲਿਸ ਅਫਸਰਾਂ ਨੇ ਆਪਣੇ ਘਰੋਂ ਅਗਵਾ ਕਰ ਲਿਆ ਸੀ ਅਤੇ ਉਸ ਦੀ ਹੱਤਿਆ ਕਰ ਦਿੱਤੀ ਸੀ। ਉਸ ਨੇ ਪੰਜਾਬ ਪੁਲਿਸ 'ਤੇ ਫਰਜ਼ੀ ਮੁਕਾਬਲਿਆਂ ਵਿਚ ਮਾਰੇ ਗਏ ਸਿੱਖਾਂ ਦੀਆਂ ਅਣਪਛਾਤੀਆਂ ਲਾਸ਼ਾਂ ਨੂੰ ਦਫਨ ਕਰਨ ਦਾ ਦੋਸ਼ ਲਗਾਇਆ ਸੀ। ਜਸਵੰਤ ਸਿੰਘ ਦੇ ਕਤਲ ਲਈ ਚਾਰ ਪੁਲੀਸ ਅਧਿਕਾਰੀਆਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ। ਪਰਮਜੀਤ ਕੌਰ ਖਾਲੜਾ ਨੇ ਆਪਣੇ ਪਤੀ ਦੇ ਕਤਲ ਤੋਂ ਬਾਅਦ ਖਾਲੜਾ ਮਿਸ਼ਨ ਸੰਸਥਾ ਬਣਾਈ ਸੀ। ਉਦੋਂ ਤੋਂ ਉਹ ਪੰਜਾਬ ਸੰਤਾਪ ਦੇ ਸਮੇਂ ਦੌਰਾਨ ਫਰਜ਼ੀ ਮੁਕਾਬਲਿਆਂ ਵਿਚ ਕਥਿਤ ਤੌਰ 'ਤੇ ਮਾਰੇ ਗਏ ਸਿੱਖਾਂ ਲਈ ਕਾਨੂੰਨੀ ਲੜਾਈ ਕਰ ਰਹੀ ਹੈ।

**ਕੀ ਨਿਸ਼ਾਨਾ ਹੈ ਬੀਬੀ ਖਾਲੜਾ ਦਾ-**

ਬੀਬੀ ਪਰਮਜੀਤ ਕੌਰ ਖਾਲੜਾ ਦਾ ਰਾਜਨੀਤਕ ਨਿਸ਼ਾਨਾ ਸਿਰਫ ਪੰਜਾਬ ਸੰਤਾਪ ਦੌਰਾਨ ਸਿੱਖਾਂ ਨੂੰ ਲਾਵਾਰਸ ਲਾਸ਼ਾਂ ਬਣਾਉਣ ਵਾਲੇ ਬੁੱਚੜ ਪੁਲਸੀਆਂ ਖਿਲਾਫ਼ ਜੂਝਣਾ ਤੇ ਇਨਸਾਫ਼ ਦਿਵਾਉਣਾ ਹੀ ਨਹੀਂ, ਸਗੋਂ ਉਹਨਾਂ ਦਾ ਨਿਸ਼ਾਨਾ ਪੰਜਾਬ ਨੂੰ ਲਾਵਾਰਸ ਲਾਸ਼ ਬਣਨ ਤੋਂ ਵੀ ਬਚਾਉਣਾ ਹੈ।

ਸਿਆਸੀ ਪਿੜ ਵਿੱਚ ਨਿਤਰਨ ਦਾ ਕਾਰਨ ਦੱਸਦਿਆਂ ਬੀਬੀ ਖਾਲੜਾ ਨੇ ਕਿਹਾ, 'ਅਸੀਂ ਭਾਈ ਜਸਵੰਤ ਸਿੰਘ ਖਾਲੜਾ ਦੇ ਅਧੂਰੇ ਕਾਰਜਾਂ ਨੂੰ ਕਾਨੂੰਨੀ ਸੰਘਰਸ਼ ਜ਼ਰੀਏ ਕਾਫੀ ਹੱਦ ਤੱਕ ਪੂਰਾ ਕਰ ਲਿਆ ਹੈ। ਹੁਣ ਮਨੁੱਖੀ ਅਧਿਕਾਰਾਂ ਦੀ ਇਸ ਲੜਾਈ ਨੂੰ ਸਰਕਾਰਾਂ ਦੇ ਬੋਲੇ ਕੰਨਾਂ ਤੱਕ ਪਹੁੰਚਾਉਣ ਲਈ ਸਿਆਸੀ ਪੌੜੀ ਚੜ੍ਹਨ ਦਾ ਸਹੀ ਵਕਤ ਹੈ। ਅਸੀਂ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਨੂੰ ਕੌਮਾਂਤਰੀ ਪੱਧਰ ਤੱਕ ਲੈ ਕੇ ਜਾਵਾਂਗੇ। ਸੁਖਪਾਲ ਸਿੰਘ ਖਹਿਰਾ ਸਿਆਸਤ ਵਿੱਚ ਇੱਕ ਨਵੀਂ ਸੋਚ ਲੈ ਕੇ ਆਏ ਹਨ, ਉਨ੍ਹਾਂ ਨੇ ਸੰਪਰਕ ਕੀਤਾ ਤਾਂ ਅਸੀਂ ਸਹੀ ਸਿਆਸਤ ਨਾਲ ਚੋਣ ਮੈਦਾਨ ਵਿੱਚ ਉਤਰਨ ਦਾ ਫੈਸਲਾ ਕੀਤਾ।' ਬੀਬੀ ਖਾਲੜਾ ਦਾ ਕਹਿਣਾ ਹੈ ਕਿ ਇਹ ਪਹਿਲੀ ਵਾਰ ਹੋਵੇਗਾ ਜਦੋਂ ਕੋਈ ਮਨੁੱਖੀ ਅਧਿਕਾਰਾਂ ਦੇ ਮੁੱਦੇ 'ਤੇ ਚੋਣ ਲੜ ਰਿਹਾ ਹੈ। "ਮੇਰਾ ਮੁੱਖ ਏਜੰਡਾ ਮਨੁੱਖੀ ਅਧਿਕਾਰ ਹੋਵੇਗਾ। ਜਦੋਂ ਤੁਹਾਨੂੰ ਰਿਸ਼ਵਤ ਦੇਣ ਲਈ ਮਜਬੂਰ ਕੀਤਾ ਜਾਂਦਾ ਹੈ, ਤਾਂ ਤੁਹਾਡੇ ਮਨੁੱਖੀ ਅਧਿਕਾਰਾਂ ਦਾ ਉਲੰਘਣ ਹੁੰਦਾ ਹੈ। ਜਦੋਂ ਪੁਲਿਸ ਨਸ਼ੀਲੇ ਪਦਾਰਥਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕਰ ਰਹੀ, ਤਾਂ ਤੁਹਾਡੇ ਮਨੁੱਖੀ ਅਧਿਕਾਰਾਂ ਦਾ ਉਲੰਘਣ ਕੀਤਾ ਜਾਂਦਾ ਹੈ। ਜਦੋਂ ਸਰਕਾਰੀ ਦਫਤਰਾਂ ਵਿਚ ਤੁਹਾਡੇ ਨਾਲ ਬਰਾਬਰ ਦਾ ਸਲੂਕ ਨਹੀਂ ਕੀਤਾ ਜਾਂਦਾ, ਤਾਂ ਤੁਹਾਡੇ ਮਨੁੱਖੀ ਅਧਿਕਾਰਾਂ ਦਾ ਉਲੰਘਣ ਹੁੰਦਾ ਹੈ। ਤੁਹਾਨੂੰ ਮਿਲਾਵਟ ਵਾਲੇ ਦੁੱਧ ਪੀਣ ਅਤੇ ਮਿਲਾਵਟ ਵਾਲੇ ਖਾਣੇ ਖਾਣ ਲਈ ਮਜਬੂਰ ਕੀਤਾ ਜਾਂਦਾ ਹੈ, ਤੁਹਾਨੂੰ ਘੱਟ ਤਨਖਾਹ 'ਤੇ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ, ਮਨੁੱਖੀ ਅਧਿਕਾਰਾਂ ਦੀ ਹਰ ਥਾਂ ਉਲੰਘਣਾ ਕੀਤੀ ਜਾਂਦੀ ਹੈ ਅਤੇ ਇਹ ਇਸ ਲਈ ਵਾਪਰਦਾ ਹੈ ਕਿਉਂਕਿ ਲੋਕ ਆਪਣੇ ਅਧਿਕਾਰਾਂ ਬਾਰੇ ਸੁਚੇਤ ਨਹੀਂ ਹਨ।"

ਬੀਬੀ ਖਾਲੜਾ ਨੇ ਕਿਹਾ ਕਿ ਉਹ ਆਪਣੇ ਪਤੀ ਦੀ ਸ਼ਹਾਦਤ ਤੋਂ ਬਾਅਦ ਮਨੁੱਖੀ ਅਧਿਕਾਰਾਂ ਲਈ ਲੰਬੀ ਲੜਾਈ ਲੜ ਰਹੀ ਹੈ ਤੇ ਉਸ ਦੇ ਏਜੰਡੇ ਵਿਚ ਪੰਥ, ਪੰਜਾਬ ਤੇ ਦੱਬੇ ਕੁਚਲੇ ਲੋਕ ਹਨ, ਜਿਨ੍ਹਾਂ ਦੇ ਮਨੁੱਖੀ ਅਧਿਕਾਰ ਕੁਚਲੇ ਜਾ ਰਹੇ ਹਨ ਤੇ ਉਹ ਪੰਜਾਬ ਨੂੰ ਲਾਵਾਰਸ ਲਾਸ਼ ਨਹੀਂ ਬਣਨ ਦੇਣਗੇ।

ਉਨ੍ਹਾਂ ਕਿਹਾ ਕਿ ਪੰਜਾਬ ਵਿਰੋਧੀ ਤਾਕਤਾਂ ਖਿਲਾਫ਼ ਮੇਰਾ ਜੂਝਣਾ ਧਰਮ ਹੈ। ਇਹ ਲੰਮੀ ਲੜਾਈ ਹੈ, ਮੈਂ ਹਰੇਕ ਪੰਜਾਬੀ ਦਾ ਸਾਥ ਚਾਹੁੰਦੀ ਹਾਂ। ਆਪਣੀ ਧਰਤੀ ਪੰਜਾਬ ਨੂੰ ਬਚਾਉਣ ਲਈ ਮੇਰੇ ਪਤੀ ਜਸਵੰਤ ਸਿੰਘ ਖਾਲੜਾ ਵੱਲੋਂ ਤੋਰੀ "ਇਹ ਮਨੁੱਖੀ ਅਧਿਕਾਰਾਂ ਦੀ ਲੜਾਈ ਅਜੇ ਵੀ ਜਾਰੀ ਹੈ।" ਪਰ ਇਕ ਸਮਾਂ ਸੀ ਜਦੋਂ ਸੱਤਾਧਾਰੀ ਲੋਕ ਸਾਨੂੰ ਸਲਾਹ ਦਿੰਦੇ ਸਨ ਕਿ ਪੰਜਾਬ ਪੁਲਿਸ ਨੇ ਜੋ ਕੁਝ ਕੀਤਾ ਹੈ, ਉਸ ਲਈ ਨਿਆਂ ਦੀ ਮੰਗ ਦਾ ਕੋਈ ਫਾਇਦਾ ਨਹੀਂ ਹੈ। ਇਹ ਤਾਂ ਬੀਤੀਆਂ ਗੱਲਾਂ ਹਨ। ਬੀਬੀ ਖਾਲੜਾ ਨੇ ਰੋਸ ਨਾਲ ਕਿਹਾ ਕਿ ਕਾਂਗਰਸ ਨੂੰ ਛੱਡੋ, ਉਸ ਨੇ ਤਾਂ ਇਹੀ ਕੁਝ ਕਹਿਣਾ ਸੀ, ਪਰ ਇੱਥੋਂ ਤੱਕ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਵੀ ਮਨੁੱਖੀ ਅਧਿਕਾਰਾਂ ਬਾਰੇ ਗੱਲ ਕਰਨ ਲਈ ਤਿਆਰ ਨਹੀਂ ਸਨ। ਹਾਲਾਂਕਿ ਉਸ ਨੇ 1997 ਵਿੱਚ ਫਰਜ਼ੀ ਮੁਕਾਬਲਿਆਂ ਦੀ ਜਾਂਚ ਕਰਨ ਦਾ ਵਾਅਦਾ ਕੀਤਾ ਸੀ ਪਰ ਜਦੋਂ ਅਸੀਂ ਇਨਸਾਫ਼ ਮੰਗਿਆ ਤਾਂ ਉਸ ਦਾ ਕਹਿਣਾ ਸੀ ਕਿ ਬੀਤੀਆਂ ਗੱਲਾਂ ਭੁੱਲ ਜਾਓ।

ਬੀਬੀ ਖਾਲੜਾ ਦਾ ਕਹਿਣਾ ਹੈ ਕਿ ਪੰਜਾਬ ਵਿਚ ਨਵੀਂ ਪੀੜ੍ਹੀ ਦਾ ਜਨਮ ਹੋ ਗਿਆ ਹੈ। ਉਹ ਆਪਣੇ ਅਧਿਕਾਰਾਂ ਬਾਰੇ ਜਾਣਦੀ ਹੈ ਤੇ ਉਸ ਦੇ ਮਨ ਵਿਚ ਕਿਸੇ ਵੀ ਤਰ੍ਹਾਂ ਦਾ ਭੈਅ ਨਹੀਂ ਹੈ। ਉਹ ਆਪਣੇ ਅਧਿਕਾਰਾਂ ਬਾਰੇ ਗੱਲ ਕਰਨ ਤੋਂ ਡਰਦੀ ਨਹੀਂ ਹੈ। ਉਹ ਜਾਣਦੀ ਹੈ ਕਿ ਉਹਨਾਂ ਨੂੰ ਰੁਜ਼ਗਾਰ ਤੋਂ ਲਾਂਭੇ ਕਰਕੇ, ਖੇਤੀ, ਸਨਅਤ ਖੋਹ ਕੇ, ਸਿਹਤ ਸਹੂਲਤਾਂ ਤੇ ਵਾਤਾਵਰਨ ਖੋਹ ਕੇ ਪੰਜਾਬ ਨੂੰ ਉਜਾੜਿਆ ਜਾ ਰਿਹਾ ਹੈ।

ਜਦੋਂ ਅਸੀਂ ਮਨੁੱਖੀ ਅਧਿਕਾਰਾਂ ਦੇ ਉਲੰਘਣ ਬਾਰੇ ਗੱਲ ਕਰਦੇ ਹਾਂ ਤਾਂ ਇਹ ਸਿਰਫ਼ ਪੰਜਾਬ ਦੇ ਸਿੱਖਾਂ ਨਾਲ ਹੀ ਨਹੀਂ ਹੋਇਆ, ਇਹ ਹਰ ਵਿਅਕਤੀ ਨਾਲ ਵਾਪਰਿਆ ਹੈ, ਜਿਸ ਦੇ ਅਧਿਕਾਰ ਕੁਚਲੇ ਗਏ ਹਨ। ਜਦ ਪੰਜਾਬ ਦੇ ਅਧਿਕਾਰ ਨਹੀਂ ਰਹੇ ਤਾਂ ਪੰਜਾਬੀਆਂ ਦੇ ਅਧਿਕਾਰ ਕਿੱਥੋਂ ਰਹਿਣਗੇ? ਬੀਬੀ ਖਾਲੜਾ ਨੇ ਕਿਹਾ ਕਿ ਉਹ ਆਪਣੀ ਚੋਣ ਮੁਹਿੰਮ ਦੌਰਾਨ ਮਨੁੱਖੀ ਅਧਿਕਾਰਾਂ ਦਾ ਏਜੰਡਾ ਪੇਸ਼ ਕਰੇਗੀ। ਹੁਣ ਇਸ ਬਾਰੇ ਗੱਲ ਕਰਨ ਦਾ ਚੰਗਾ ਸਮਾਂ ਹੈ ਅਤੇ ਅਸੀਂ ਯਕੀਨੀ ਤੌਰ 'ਤੇ ਇਸ ਮੁੱਦੇ 'ਤੇ ਵੋਟ ਮੰਗਾਂਗੇ, ਕਿਉਂਕਿ ਇਹ ਸਭ ਪੰਜਾਬੀਆਂ ਲਈ ਬੁਨਿਆਦੀ ਮੰਗ ਹੈ। ਪਰਮਜੀਤ ਕੌਰ ਖਾਲੜਾ ਦਾ ਕਹਿਣਾ ਹੈ ਕਿ "ਮੈਂ ਰਾਜਨੀਤੀ ਵਿਚ ਨਵੀਂ ਹਾਂ, ਪਰ ਮੈਨੂੰ ਵਿਸ਼ਵਾਸ ਹੈ ਕਿ ਮੈਂ ਇਸ ਸੀਟ 'ਤੇ ਜਿੱਤ ਪ੍ਰਾਪਤ ਕਰਾਂਗੀ।"

**ਟਕਸਾਲੀ ਅਕਾਲੀ ਦੁਚਿੱਤੀ 'ਚ-**

ਅਕਾਲੀ ਦਲ ਟਕਸਾਲੀ ਨੂੰ ਹੋਂਦ ਵਿਚ ਲਿਆਉਣ ਵਾਲੇ ਰਣਜੀਤ ਸਿੰਘ ਬ੍ਰਹਮਪੁਰਾ ਮੈਂਬਰ ਪਾਰਲੀਮੈਂਟ, ਸਾਬਕਾ ਮੰਤਰੀ ਸੇਵਾ ਸਿੰਘ ਸੇਖਵਾਂ, ਸਾਬਕਾ ਮੈਂਬਰ ਪਾਰਲੀਮੈਂਟ ਡਾ: ਰਤਨ ਸਿੰਘ ਅਜਨਾਲਾ ਅਤੇ ਹੋਰਨਾਂ ਕੋਰ ਕਮੇਟੀ ਮੈਂਬਰਾਂ ਵਲੋਂ ਪਿੰਡ ਬ੍ਰਹਮਪੁਰਾ ਵਿਖੇ ਮੀਟਿੰਗ ਕੀਤੀ ਗਈ। ਬੈਠਕ ਵਿਚ ਖਡੂਰ ਸਾਹਿਬ ਤੋਂ ਲੋਕ ਸਭਾ ਚੋਣ ਲੜ ਰਹੀ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਸਮਰਥਨ ਦੇਣ ਦੇ ਮਾਮਲੇ ਵਿਚ ਟਕਸਾਲੀ ਆਗੂਆਂ ਵਿਚ ਮਤਭੇਦ ਉੱਭਰ ਕੇ ਸਾਹਮਣੇ ਆਏ। ਅਕਾਲੀ ਦਲ ਟਕਸਾਲੀ ਦੇ ਸਕੱਤਰ ਜਨਰਲ ਸੇਵਾ ਸਿੰਘ ਸੇਖਵਾਂ, ਜਨਰਲ ਸਕੱਤਰ ਕਰਨੈਲ ਸਿੰਘ ਪੀਰ ਮੁਹੰਮਦ ਸਕੱਤਰ, ਮੱਖਣ ਸਿੰਘ ਨੰਗਲ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ, ਸਾਬਕਾ ਮੈਂਬਰ ਪਾਰਲੀਮੈਂਟ ਰਾਜਦੇਵ ਸਿੰਘ ਖ਼ਾਲਸਾ ਸਮੇਤ ਹੋਰ ਸੀਨੀਅਰ ਆਗੂਆਂ ਵਲੋਂ ਬੀਬੀ ਖਾਲੜਾ ਨੂੰ ਹਮਾਇਤ ਦੇ ਕੇ ਆਪਣੇ ਐਲਾਨੇ ਉਮੀਦਵਾਰ ਜਨਰਲ ਜੇਜੇ. ਸਿੰਘ ਨੂੰ ਚੋਣ ਮੈਦਾਨ ਵਿਚੋਂ ਪਿੱਛੇ ਹਟਾਉਣ ਬਾਰੇ ਗੱਲ ਕੀਤੀ ਗਈ ਪਰ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਜਥੇ. ਬ੍ਰਹਮਪੁਰਾ ਵਲੋਂ ਬਾਕੀ ਟਕਸਾਲੀ ਆਗੂਆਂ ਦੀ ਇਸ ਮੰਗ ਨੂੰ ਮੰਨਣ ਤੋਂ ਕੋਰਾ ਇਨਕਾਰ ਕਰ ਦਿੱਤਾ ਗਿਆ ਹੈ।



## ਬੀਬੀ ਪਰਮਜੀਤ ਕੌਰ ਖਾਲੜਾ ਤੇ ਈਰੋਮ ਸ਼ਰਮੀਲਾ

**ਪ੍ਰੋ. ਬਲਵਿੰਦਰਪਾਲ ਸਿੰਘ**

ਮਨੀਪੁਰ ਰਾਜ ਦੀ ਮਨੁੱਖੀ ਅਧਿਕਾਰ ਕਾਰਕੁੰਨ ਈਰੋਮ ਸ਼ਰਮੀਲਾ ਨਾਲ ਬੀਬੀ ਪਰਮਜੀਤ ਕੌਰ ਖਾਲੜਾ ਜੀ ਦੀ ਤੁਲਨਾ ਕਰਨੀ ਇਤਿਹਾਸਕ ਤੇ ਵਿਰਾਸਤੀ ਤੌਰ 'ਤੇ ਗਲਤ ਹੈ। ਜ਼ਿਕਰਯੋਗ ਹੈ ਕਿ ਆਪਣੇ ਲੋਕਾਂ ਨੂੰ ਇਨਸਾਫ ਦਵਾਉਣ ਲਈ ਮਨੀਪੁਰ ਵਿਚੋਂ ਹਥਿਆਰਬੰਦ ਫ਼ੋਰਸ ਵਿਸ਼ੇਸ਼ ਅਧਿਕਾਰ ਕਾਨੂੰਨ (ਅਫ਼ਸਪਾ) ਵਾਪਸ ਲੈਣ ਲਈ 16 ਸਾਲ ਤੱਕ ਭੁੱਖੀ ਰਹਿ ਕੇ ਆਪਣੇ ਸਰੀਰ 'ਤੇ ਤਸ਼ੱਦਦ ਝੱਲਣ ਵਾਲੀ ਈਰੋਮ ਸ਼ਰਮੀਲਾ ਜਦੋਂ ਭੁੱਖ ਹੜਤਾਲ ਖਤਮ ਕਰਨ ਤੋਂ ਬਾਅਦ ਮਨੀਪੁਰ ਤੋਂ ਚੋਣ ਲੜੀ ਸੀ, ਤਾਂ ਉਸ ਦੇ ਆਪਣੇ ਹੀ ਲੋਕਾਂ ਨੇ ਸ਼ਰਮੀਲਾ ਨੂੰ ਸਿਰਫ 90 ਵੋਟਾਂ ਪਾ ਕੇ ਨਮੋਸ਼ੀਜਨਕ ਹਾਰ ਦਿੱਤੀ ਸੀ। ਅਸਲੀਅਤ ਵਿਚ ਇਸ ਤੋਂ ਪਤਾ ਲਗਦਾ ਹੈ ਕਿ ਉਥੋਂ ਦੇ ਲੋਕਾਂ ਦੀ ਸੋਚ ਕਿੱਥੇ ਖੜ੍ਹੀ ਹੈ। ਪਰ ਬੀਬੀ ਖਾਲੜਾ ਦੇ ਸਮਾਜ ਦੀ ਹਾਲਤ ਅਜਿਹੀ ਨਹੀਂ ਹੈ। ਇਰੋਮ ਦੀ ਅਸਫਲਤਾ ਦਾ ਕਾਰਨ ਆਰਥਿਕ ਕਮਜ਼ੋਰੀ ਤੋਂ ਇਲਾਵਾ ਇਹ ਵੀ ਸੀ ਕਿ ਉਹ ਉਹਨਾਂ ਕਬੀਲਿਆਂ ਦੀ ਅਗਵਾਈ ਕਰ ਰਹੀ ਸੀ ਜੋ ਸਦੀਆਂ ਤੋਂ ਹੁਣ ਤੱਕ ਹਮੇਸ਼ਾਂ ਗੁਲਾਮ ਰਹੇ। ਪਰ ਬੀਬੀ ਖਾਲੜਾ ਖਾਲਸਾ ਪੰਥ ਦੀ ਧੀ ਹੈ ਜਿਸ ਖਾਲਸਾ ਪੰਥ ਨੇ ਦੋ ਸਦੀਆਂ ਰਾਜ ਕੀਤਾ, ਵੱਡੀਆਂ ਮੁਸੀਬਤਾਂ ਤੇ ਧਾੜਵੀਆਂ ਨੂੰ ਖਿਲਾਰਿਆ ਹੈ। ਬੀਬੀ ਜੀ ਦੇ ਪਤੀ ਜਸਵੰਤ ਸਿੰਘ ਖਾਲੜਾ ਦੀ ਮਹਾਨ ਸ਼ਹਾਦਤ ਹੈ। ਬੀਬੀ ਜੀ ਆਪ ਜੀਉਂਦੀ ਸ਼ਹੀਦ ਹੈ। ਉਹ ਆਪਣੇ ਪਤੀ ਦੀ ਸ਼ਹਾਦਤ ਤੋਂ ਬਾਅਦ ਹੁਣ ਤਕ ਲਾਵਾਰਸ ਲਾਸ਼ਾਂ ਤੇ ਪੰਜਾਬ ਦੇ ਕੁਚਲੇ ਗਏ ਅਧਿਕਾਰਾਂ ਲਈ ਜੱਦੋਜਹਿਦ ਕਰ ਰਹੀ ਹੈ। ਉਹ ਅਵਾਮ ਦੀ ਲੀਡਰ ਹੈ। ਇਹ ਅਵਾਮ ਖਾਲਸਾ ਪੰਥ ਦੇ ਰੂਪ ਵਿਚ ਪੂਰੇ ਵਿਸ਼ਵ ਵਿਚ ਹੈ ਤੇ ਆਰਥਿਕ ਤੌਰ 'ਤੇ ਮਜ਼ਬੂਤ ਹੈ। ਗੁਰੂ ਨਾਨਕ ਦੇ ਉਪਦੇਸ਼ ਉਤੇ ਚੱਲਦਿਆਂ ਕਿਰਤ ਕਰਨ, ਨਾਮ ਜਪਣ, ਵੰਡ ਛਕਣ ਕਾਰਣ ਇਸ ਅਵਾਮ ਨੇ ਦੋ ਪ੍ਰਤੀਸ਼ਤ ਹੁੰਦਿਆਂ ਵੀ ਪੂਰੇ ਵਿਸ਼ਵ ਵਿਚ ਗੁਰੂ ਨਾਨਕ ਪੰਥ ਦਾ ਬੋਲਬਾਲਾ ਕੀਤਾ ਹੈ। ਗੁਰੂ ਨਾਨਕ ਪੰਥ ਬੀਬੀ ਖਾਲੜਾ ਦੀ ਪਿੱਠ 'ਤੇ ਹੈ। ਵਿਦਵਾਨ ਲੋਕ ਬੀਬੀ ਜੀ ਦੀ ਈਰੋਮ ਸ਼ਰਮੀਲਾ ਨਾਲ ਤੁਲਨਾ ਕਰਕੇ ਬੀਬੀ ਜੀ ਦਾ ਕੱਦ ਤੇ ਸਿਦਕ ਨੂੰ ਨੀਵਾਂ ਨਾ ਦਿਖਾਉਣ। ਇਸ ਲਈ ਖਾਲਸਾ ਜੀ! ਚੜ੍ਹਦੀਕਲਾ ਵਿਚ ਰਹੋ। ਵਾਹਿਗੁਰੂ ਅੰਗ ਸੰਗ ਹੈ। ਪਾਤਸ਼ਾਹੀ ਸਾਨੂੰ ਵਾਹਿਗੁਰੂ ਨੇ ਬਖਸ਼ਣੀ ਹੈ। ਕਰਮ ਖਾਲਸਾ ਪੰਥ ਨੇ ਕਰਨਾ ਹੈ। ਬੀਬੀ ਦਾ ਕੌਮੀ ਸਿਦਕ ਦੇਖੋ ਕਿ ਇਹ ਸਰਬੰਸ ਵਾਰਨ ਵਾਲਾ ਇਤਿਹਾਸਕ ਮਾਰਗ ਹੈ, ਜਿਸ 'ਤੇ ਬੀਬੀ ਖਾਲੜਾ ਦਾ ਪਰਿਵਾਰ ਚੱਲਿਆ।

## ਚੋਣਾਂ ਵਿਚ ਸ਼ਮੂਲੀਅਤ ਲਈ 'ਪੰਜਾਬ ਬਚਾਓ ਮੋਰਚੇ' ਦਾ ਗਠਨ

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਦੀਆਂ ਪੰਥਕ ਧਿਰਾਂ ਦੇ ਨੁਮਾਇੰਦਿਆਂ ਨੇ ਲੋਕ ਸਭਾ ਚੋਣਾਂ ਵਿਚ ਭਰਵੀਂ ਸ਼ਮੂਲੀਅਤ ਲਈ ਇਕ ਸਾਂਝਾ ਪਲੇਟਫਾਰਮ – ਪੰਜਾਬ ਬਚਾਓ ਮੋਰਚੇ ਦਾ ਗਠਨ ਕਰਨ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਸੈਕਟਰ 28 ਏ, ਚੰਡੀਗੜ੍ਹ ਵਿਖੇ ਲੰਬੀ ਮੀਟਿੰਗ ਤੋਂ ਬਾਅਦ ਕੀਤਾ ਗਿਆ। ਮੀਟਿੰਗ ਵਿਚ ਇਹ ਫੈਸਲਾ ਵੀ ਕੀਤਾ ਗਿਆ ਕਿ ਲੋਕ ਸਭਾ ਚੋਣਾਂ ਨਾਲ ਸਬੰਧਤ ਰਣਨੀਤੀ ਦਾ ਐਲਾਨ ਕੀਤਾ ਜਾਵੇਗਾ।

ਮੀਟਿੰਗ ਵਿਚ ਸ਼ਾਮਲ ਧਾਰਮਿਕ, ਸਮਾਜਿਕ ਅਤੇ ਬੌਧਿਕ ਆਗੂ ਸਹਿਮਤ ਸਨ ਕਿ ਪੰਜਾਬ ਦੀ ਸਿਆਸਤ ਵਿਚ ਨਿਰੋਲ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਵਾਲਾ ਧਿਰ ਅਜੇ ਬੱਝਵੇਂ ਰੂਪ ਵਿਚ ਉਭਰ ਕੇ ਸਾਹਮਣੇ ਨਹੀਂ ਆਈ। ਸ਼੍ਰੋਮਣੀ ਅਕਾਲੀ ਦਲ ਨੇ ਇੱਕ ਸਦੀ ਦੀ ਘਾਲ ਕਮਾਈ ਨੂੰ ਭਾਜਪਾ ਦੇ ਰਾਸ਼ਟਰਵਾਦੀ ਏਜੰਡੇ ਉੱਤੇ ਕੁਰਬਾਨ ਕਰ ਦਿੱਤਾ ਹੈ। ਇਸ ਪਾਰਟੀ ਨੇ ਪਹਿਲਾਂ ਕੇਂਦਰਵਾਦੀ ਫਿਰਕੂ ਤਨਜ਼ੀਮ ਨਾਲ "ਬਿਨਾਂ ਸ਼ਰਤ ਅਧੀਨਗੀ ਵਾਲਾ ਰਿਸ਼ਤਾ" ਕਾਇਮ

**ਬਾਕੀ ਸਫ਼ਾ 32 'ਤੇ**

## ਜਸਵੰਤ ਸਿੰਘ ਖਾਲੜਾ ਬਨਾਮ ਕੇਪੀਐਸ ਗਿੱਲ

**ਹਰਸ਼ਰਨ ਕੌਰ ਚੰਡੀਗੜ੍ਹ**

ਪੰਜਾਬ ਦੇ ਸਾਬਕਾ ਡੀਜੀਪੀ ਕੇਪੀਐਸ ਗਿੱਲ ਦਾ ਵਿਵਾਦਾਂ ਨਾਲ ਸਾਰੀ ਉਮਰ ਵਾਹ ਰਿਹਾ। ਮੌਤ ਤੋਂ ਬਾਅਦ ਸੋਸ਼ਲ ਮੀਡੀਆ ਦੇ ਵਰਤਾਰੇ 'ਤੇ ਝਾਤ ਮਾਰ ਲਈਏ ਤਾਂ ਬਹੁ-ਗਿਣਤੀ ਕੇਪੀਐਸ ਗਿੱਲ (ਕੰਵਰਪਾਲ ਸਿੰਘ ਗਿੱਲ) ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਵਜੋਂ ਯਾਦ ਕਰ ਕਰ ਰਹੀ ਸੀ।

ਕੇਪੀਐਸ ਗਿੱਲ 1988 ਤੋਂ 1990 ਤੱਕ ਤੇ ਫਿਰ 1991 ਤੋਂ 1995 ਸੇਵਾ ਮੁਕਤ ਹੋਣ ਤੱਕ ਦੋ ਵਾਰ ਪੰਜਾਬ ਦਾ ਡੀਜੀਪੀ ਰਿਹਾ। ਉਸ ਦੌਰ ਨੂੰ ਪੰਜਾਬ ਦੇ ਕਾਲੇ ਦੌਰ ਵਜੋਂ ਜਾਣਿਆ ਜਾਂਦਾ ਹੈ। ਉਸ ਦੌਰ ਦੌਰਾਨ ਹੀ ਗਿੱਲ ਖਿਲਾਫ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਇਲਜ਼ਾਮ ਲੱਗਦੇ ਰਹੇ। ਇਹ ਇਲਜ਼ਾਮ ਖੁੱਲ੍ਹ ਕੇ ਸਾਹਮਣੇ ਲਿਆਉਣ ਵਿੱਚ ਇੱਕ ਸਖਸ਼ੀਅਤ ਦਾ ਨਾਂ ਖਾਸ ਤੌਰ 'ਤੇ ਆਉਂਦਾ ਹੈ, ਉਹ ਵਿਅਕਤੀ ਜਸਵੰਤ ਸਿੰਘ ਖਾਲੜਾ ਸੀ। ਤਰਨ ਤਾਰਨ ਦੇ ਪਿੰਡ ਖਾਲੜਾ ਵਿੱਚ 1952 ਵਿੱਚ ਜਨਮੇ ਜਸਵੰਤ ਸਿੰਘ ਖਾਲੜਾ ਨੇ 1984 ਦੀ ਸਿੱਖ ਨਸਲਕੁਸ਼ੀ, 1984 ਦਾ ਦਰਬਾਰ ਸਾਹਿਬ 'ਤੇ ਘੱਲੂਘਾਰਾ ਸਮੇਤ ਪੰਜਾਬ ਦਾ ਕਾਲਾ ਦੌਰ ਆਪਣੇ ਅੱਖੀਂ ਦੇਖਿਆ ਸੀ। 1995 ਵਿੱਚ ਜਸਵੰਤ ਸਿੰਘ ਖਾਲੜਾ ਨੂੰ ਪੁਲਿਸ ਨੇ ਬਿਨਾਂ ਕਿਸੇ ਕਸੂਰ ਦੇ ਇਨ੍ਹਾਂ ਦੇ ਘਰੋਂ ਜਬਰੀ ਚੁੱਕ ਲਿਆ ਸੀ। ਤਿੰਨ ਸਾਲ ਕੋਈ ਉੱਘ-ਸੁੱਘ ਨਾ ਮਿਲਣ ਤੋਂ ਬਾਅਦ 1998 ਵਿੱਚ ਜਸਵੰਤ ਸਿੰਘ ਖਾਲੜਾ ਨੂੰ ਸਰਕਾਰ ਵੱਲੋਂ ਮ੍ਰਿਤਕ ਐਲਾਨ ਦਿੱਤਾ ਗਿਆ ਸੀ।

ਦਰਅਸਲ, ਜਸਵੰਤ ਸਿੰਘ ਖਾਲੜਾ ਨੇ ਪੰਜਾਬ ਵਿਚ ਖਾੜਕੂਵਾਦ ਦੇ ਦੌਰ ਦੌਰਾਨ ਜੂਨ 1984 ਤੋਂ ਲੈ ਕੇ ਦਸੰਬਰ 1994 ਦੌਰਾਨ ਮਾਰੇ ਗਏ ਪੰਜਾਬੀਆਂ (ਜਿਨ੍ਹਾਂ ਵਿੱਚ ਨੌਜਵਾਨਾਂ ਦੇ ਨਾਲ ਬਜ਼ੁਰਗ ਮਾਤਾਵਾਂ ਵੀ ਸ਼ਾਮਲ ਸਨ) ਦੀਆਂ 6017 ਅਣਪਛਾਤੀਆਂ ਲਾਸ਼ਾਂ ਦਾ ਵੇਰਵਾ ਤਿਆਰ ਕੀਤਾ ਸੀ। ਇਹ ਵੇਰਵਾ ਸਿਰਫ ਅੰਮ੍ਰਿਤਸਰ, ਪੱਟੀ ਤੇ ਤਰਨ ਤਾਰਨ ਦੇ ਸਿਵਿਆਂ ਤੋਂ ਇਕੱਠਾ ਕੀਤਾ ਗਿਆ ਸੀ।





ਸਿਵਿਆਂ ਵਿੱਚ ਇੱਕ ਰਜਿਸਟਰ ਹੁੰਦਾ ਹੈ ਜਿਸ ਵਿੱਚ ਲਾਸ਼ ਦਾ ਨਾਂ, ਉਸ ਦੇ ਪਿੰਡ ਦਾ ਨਾਂ, ਪਿਤਾ ਦਾ ਨਾਂ, ਉਮਰ, ਅੰਮ੍ਰਿਤਧਾਰੀ ਜਾਂ ਮੋਨਾ ਆਦਿ ਸਭ ਵੇਰਵਾ ਦਰਜ ਹੁੰਦਾ ਹੈ।

ਉਕਤ 6017 ਲਾਸ਼ਾਂ ਦੇ ਕਾਲਮ ਨਾਲ ਹੋਰ ਜਾਣਕਾਰੀ ਵਿੱਚ ਕਿਸ ਪੁਲਿਸ ਵਾਲੇ ਨੇ ਮੁਕਾਬਲਾ ਬਣਾ ਕੇ ਮਾਰਿਆ ਤੇ ਕਿਹੜਾ ਪੁਲਿਸ ਮੁਲਾਜ਼ਮ ਕਿੰਨੀਆਂ ਲਾਸ਼ਾਂ ਲੈ ਕੇ ਆਇਆ, ਇਹ ਵੀ ਦਰਜ ਕੀਤਾ ਹੋਇਆ ਹੋਇਆ ਸੀ। ਉਕਤ ਸਾਰੀਆਂ ਲਾਸ਼ਾਂ ਨੂੰ ਅਣਪਛਾਤੀਆਂ ਦਰਸਾ ਕੇ ਸਿਵਿਆਂ ਵਿੱਚ ਸਸਕਾਰਿਆ ਗਿਆ ਸੀ। ਖਾਲੜਾ ਨੇ ਇਹ ਅੰਕੜੇ ਇਕੱਠੇ ਕਰਕੇ ਅਦਾਲਤ ਵਿੱਚ ਪੇਸ਼ ਕਰ ਦਿੱਤੇ, ਪਰ ਅਦਾਲਤ ਨੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ (ਖਾਲੜਾ ਵੱਲੋਂ ਤਿਆਰ ਕੀਤੀ ਸੂਚੀ ਨੈੱਟ 'ਤੇ ਉਪਲਬਧ ਹੈ)। ਉਸ ਵਕਤ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਸੀ ਤੇ ਬੇਅੰਤ ਸਿੰਘ ਮੁੱਖ ਮੰਤਰੀ ਸਨ। ਦੇਸ਼ ਵਿਚੋਂ ਇਨਸਾਫ ਨਾ ਮਿਲਦਾ ਦੇਖ ਖਾਲੜਾ ਨੇ ਸਾਰਾ ਰਿਕਾਰਡ ਕੈਨੇਡਾ ਦੀ ਪਾਰਲੀਮੈਂਟ ਵਿੱਚ ਜਮ੍ਹਾਂ ਕਰਵਾ ਦਿੱਤਾ। ਕੈਨੇਡਾ ਦੇ ਸਿੱਖਾਂ ਸਾਹਮਣੇ ਵੀ ਇਸ ਵੇਰਵੇ ਦਾ ਖੁਲਾਸਾ ਕਰ ਦਿੱਤਾ। ਸਾਲ 1995 ਵਿੱਚ ਖਾਲੜਾ ਦੀ ਪੰਜਾਬ ਦੇ ਤਤਕਾਲੀ ਡੀਜੀਪੀ ਕੇਪੀਐਸ ਗਿੱਲ ਨਾਲ ਇਸ ਵੇਰਵੇ ਸਬੰਧੀ ਬਹਿਸ ਵੀ ਹੋਈ। ਖਾਲੜਾ ਨੇ ਪੁੱਛਿਆ ਇੰਨੇ ਨੌਜਵਾਨ ਪੁਲਿਸ ਨੇ ਕਿਸ ਆਧਾਰ 'ਤੇ ਅਤੇ ਕਿਉਂ ਖਤਮ ਕੀਤੇ?

ਕੇਪੀਐਸ ਗਿੱਲ ਦਾ ਵਿਅੰਗਮਈ ਜਵਾਬ ਸੀ ਕਿ ਇਹ ਸਾਰੇ ਮੁੰਡੇ ਯੂਰਪ, ਕੈਨੇਡਾ ਤੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਦਿਹਾੜੀਆਂ ਕਰਨ ਗਏ ਹਨ (ਇਹ ਜਸਵੰਤ ਸਿੰਘ ਖਾਲੜਾ ਨੇ ਕੈਨੇਡਾ ਵਿੱਚ ਆਪਣੀ ਤਕਰੀਰ ਦੌਰਾਨ ਦੱਸਿਆ ਸੀ)।

ਗਿੱਲ ਦਾ ਇਹ ਜਵਾਬ ਇਨਸਾਫ ਨਾਲ ਮਜ਼ਾਕ ਸੀ। ਉਸ ਮੁਲਾਕਾਤ ਤੋਂ ਬਾਅਦ ਪੁਲਿਸ ਲਗਾਤਾਰ ਜਸਵੰਤ ਸਿੰਘ ਖਾਲੜਾ ਨੂੰ ਘਰ ਆ ਕੇ ਲਾਵਾਰਸ ਲਾਸ਼ਾਂ ਵਾਲਾ ਮੁੱਦਾ ਬੰਦ ਕਰਨ ਲਈ ਧਮਕਾਉਣ ਲੱਗੀ। ਖਾਲੜਾ ਮਨੁੱਖੀ ਅਧਿਕਾਰਾਂ ਲਈ ਡਟਿਆ ਰਿਹਾ। ਕੇਪੀਐਸ ਗਿੱਲ ਨੇ ਅੰਮ੍ਰਿਤਸਰ ਵਿੱਚ ਵੀ ਪ੍ਰੈੱਸ ਕਾਨਫਰੰਸ ਕਰਕੇ ਬਿਆਨ ਦਿੱਤਾ ਸੀ, "ਮਨੁੱਖੀ ਅਧਿਕਾਰ ਜਥੇਬੰਦੀਆਂ ਵਾਲੇ ਪੰਜਾਬ ਦਾ ਮਾਹੌਲ ਮੁੜ ਤੋਂ ਖਰਾਬ ਕਰਨ ਲਈ ਸਾਜਿਸ਼ਾਂ ਕਰ ਰਹੇ ਹਨ। ਇਹ ਹਜ਼ਾਰਾਂ ਲਾਪਤਾ ਨੌਜਵਾਨਾਂ ਬਾਰੇ ਮੈਨੂੰ ਪੁੱਛਦੇ ਹਨ। ਮੈਂ ਅੱਜ ਦੱਸਦਾ ਹਾਂ ਕਿ ਉਹ ਸਾਰੇ ਨੌਜਵਾਨਾਂ ਯੂਰਪ, ਕੈਨੇਡਾ ਤੇ ਅਮਰੀਕਾ ਵਿੱਚ ਦਿਹਾੜੀਆਂ ਕਰਨ ਚਲੇ ਗਏ ਹਨ।"

ਆਖਿਰਕਾਰ 6 ਸਤੰਬਰ 1995 ਨੂੰ ਆਪਣੇ ਘਰ ਵਿੱਚ ਕਾਰ ਧੋ ਰਹੇ ਖਾਲੜਾ ਨੂੰ ਉਹਨਾਂ ਦੀ ਪਤਨੀ ਪਰਮਜੀਤ ਕੌਰ ਖਾਲੜਾ ਦੇ ਸਾਹਮਣੇ ਪੁਲਿਸ ਅਗਵਾ ਕਰਕੇ ਲੈ ਗਈ। ਤਿੰਨ ਸਾਲ ਤੱਕ ਲਗਾਤਾਰ ਪੁਲਿਸ ਖਾਲੜਾ ਦੇ ਆਪਣੇ ਕੋਲ ਨਾ ਹੋਣ ਤੋਂ ਇਨਕਾਰ ਕਰਦੀ ਰਹੀ।

1998 ਵਿੱਚ ਐਸਪੀਓ ਕੁਲਦੀਪ ਸਿੰਘ ਬਚੜਾ (ਪਿੰਡ ਬਚੜਾ) ਨੇ ਖੁਲਾਸਾ ਕੀਤਾ ਕਿ ਜਸਵੰਤ ਸਿੰਘ ਖਾਲੜਾ ਨੂੰ ਮੇਰੇ ਸਾਹਮਣੇ ਕਤਲ ਕਰਕੇ ਲਾਸ਼ ਹਰੀਕੇ ਪੱਤਣ ਦਰਿਆ ਵਿੱਚ ਸੁੱਟ ਦਿੱਤੀ ਗਈ ਸੀ। ਉਸ ਤੋਂ ਬਾਅਦ ਸਰਦਾਰ ਵੱਲੋਂ ਖਾਲੜਾ ਨੂੰ ਮ੍ਰਿਤਕ ਘੋਸ਼ਿਤ ਕੀਤਾ ਗਿਆ। ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਪਰਮਜੀਤ ਕੌਰ, ਪੁੱਤਰ ਜਨਮੀਤ ਸਿੰਘ ਤੇ ਧੀ ਨਵਕਿਰਨ ਕੌਰ ਮੁਤਾਬਕ ਉਨ੍ਹਾਂ ਦੇ ਪਤੀ ਤੇ ਪਿਤਾ ਦੀ ਮੌਤ ਦਾ ਹਾਲੇ ਤੱਕ ਇਨਸਾਫ ਨਹੀਂ ਮਿਲਿਆ। ਨਾ ਹੀ ਹਜ਼ਾਰਾਂ ਲਾਵਾਰਸ ਲਾਸ਼ਾਂ ਦੀ ਕੋਈ ਜਾਂਚ ਜਾਂ ਪੈਰਵਾਈ ਸਹੀ ਤਰੀਕੇ ਨਾਲ ਹੋਈ।

ਅੰਮ੍ਰਿਤਸਰ ਟਾਈਮਜ਼ AMRITSAR TIMES

27 ਮਾਰਚ 2019 ਤੋਂ 02 ਅਪ੍ਰੈਲ 2019

# ਚੋਣ-ਚਰਖੜੀ 'ਤੇ ਚੜ੍ਹਿਆ ਪੰਜਾਬ

**ਮਨਜੀਤ ਸਿੰਘ ਟਿਵਾਣਾ**

ਪੰਜਾਬ ਵਿਚ ਪਾਰਲੀਮੈਂਟ ਚੋਣਾਂ ਦਾ ਮੇਲਾ ਭਰਿਆ ਹੋਇਆ ਹੈ। ਸ਼ਾਇਦ ਕਈ ਦਹਾਕਿਆਂ ਬਾਅਦ ਪਹਿਲੀ ਵਾਰ ਹੈ ਕਿ ਪੰਜਾਬ ਦੀਆਂ ਕਿਸੇ ਆਮ ਚੋਣਾਂ ਵਿਚ ਪੰਥਕ ਮੁੱਦਿਆਂ ਦੀ ਗੱਲ ਉਸ ਪੱਧਰ ਉਤੇ ਨਹੀਂ ਸੁਣਾਈ ਦੇ ਰਹੀ, ਜਿਹਾ ਕਿ ਬੀਤੇ ਵਿਚ ਅਕਸਰ ਵਾਪਰਦਾ ਰਿਹਾ ਹੈ। ਇਹ ਵੀ ਨਹੀਂ ਹੈ ਕਿ ਪੰਥਕ ਮਸਲੇ ਹੱਲ ਹੋ ਗਏ ਹਨ ਜਾਂ ਪੰਥਕ ਰਾਜਨੀਤੀ ਵੇਲਾ ਵਿਹਾ ਗਈ ਹੈ। ਸਗੋਂ ਪੰਥ ਦੇ ਮਸਲੇ ਤੇ ਮੁਸ਼ਕਲਾਂ ਹੋਰ ਗੰਭੀਰ ਰੂਪ ਧਾਰਨ ਕਰ ਗਈਆਂ ਹਨ। ਦਰਅਸਲ ਪੰਜਾਬ ਤੇ ਪੰਥ ਦੇ ਮਸਲਿਆਂ ਨੂੰ ਵੱਖ-ਵੱਖ ਕਰ ਕੇ ਦੇਖਣਾ ਵੀ ਇਕ ਹੋਰ ਸਮੱਸਿਆ ਹੀ ਹੈ। ਪੰਜਾਬ ਖਾਲਸਾ ਪੰਥ ਦੀ ਸਰਜ਼ਮੀਂ ਹੈ, ਸਿੱਖ ਭਾਈਚਾਰਾ ਇਥੇ ਬਹੁਗਿਣਤੀ ਵਿਚ ਵਸਦਾ ਹੈ ਪਰ ਅਕਸਰ ਸਿੱਖਾਂ ਦੀਆਂ ਮੰਗਾਂ ਤੇ ਉਮੰਗਾਂ ਨੂੰ ਸਮੂਹ ਪੰਜਾਬੀਆਂ ਜਾਂ ਪੰਜਾਬ ਦੀਆਂ ਮੰਗਾਂ ਤੋਂ ਵੱਖਰਾ ਕਰ ਕੇ ਦੇਖਿਆ ਜਾਂਦਾ ਆ ਰਿਹਾ ਹੈ। ਪਹਿਲਾਂ ਇਸ ਤਰ੍ਹਾਂ ਦੀ 'ਸਮਝ' ਕਥਿਤ ਰਾਸ਼ਟਰੀ ਪਾਰਟੀਆਂ ਦੀ ਹੁੰਦੀ ਸੀ ਪਰ ਹੁਣ ਇਸ ਬਿਮਾਰੀ ਦਾ ਸ਼ਿਕਾਰ ਪੰਜਾਬ ਪੱਧਰ ਦੀਆਂ ਖੇਤਰੀ ਪਾਰਟੀਆਂ ਵੀ ਹੋ ਗਈਆਂ ਜਾਪਦੀਆਂ ਹਨ।

ਆਮ ਆਦਮੀ ਪਾਰਟੀ ਦੇ ਬਾਗੀ ਪਾਰਲੀਮੈਂਟ ਮੈਂਬਰ ਧਰਮਵੀਰ ਗਾਂਧੀ ਪੰਜਾਬ ਤੇ ਪੰਥ ਦੇ ਦਰਦ ਨੂੰ ਬਾਖੂਬੀ ਜਾਣਦੇ ਵੀ ਹਨ ਤੇ ਇਸ ਪ੍ਰਤੀ ਇਮਾਨਦਾਰਾਨਾ ਪਹੁੰਚ ਰੱਖਣ ਦਾ ਦਮ ਵੀ ਭਰਦੇ ਹਨ ਪਰ ਇਕ ਮੋੜ ਉਤੇ ਆ ਕੇ ਉਹ ਵੀ ਆਪਣੇ ਫੈਡਰਲ ਭਾਰਤ ਦੇ ਪੈਂਤੜੇ ਵਿਚੋਂ ਆਨੰਦਪੁਰ ਦੇ ਮਤੇ ਨੂੰ ਗੈਰ-ਹਾਜ਼ਰ ਕਰ ਕੇ ਹੀ ਅੱਗੇ ਵਧਦੇ ਹਨ। ਸੁਖਪਾਲ ਸਿੰਘ ਖਹਿਰਾ ਵੀ ਆਖਰੀ ਲਾਇਨ ਟੱਪਣ ਤੋਂ ਬਾਅਦ ਹੀ ਡਟਦਾ ਹੈ। ਇਸ ਤਰ੍ਹਾਂ ਕਰਦਿਆਂ ਉਹ ਜ਼ਰੂਰ ਹੀ ਆਪਣੀ ਜ਼ਮੀਰ ਦੀ ਕਚਹਿਰੀ ਵਿਚ ਸੁਰਖਰੂ ਹੋ ਜਾਂਦਾ ਹੋਵੇਗਾ। ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ 'ਇਨਕਲਾਬ-ਜਿੰਦਾਬਾਦ' ਵਿਚੋਂ ਹੀ ਹਾਲਾਂ ਵੀ ਪੰਜਾਬ ਤੇ ਪੰਥ ਦੀ ਮੁਕਤੀ ਦਾ ਰਾਹ ਲੱਭ ਰਹੀ ਹੈ। ਕਿਹਾ ਜਾਂਦਾਂ ਹੈ ਕਿ ਇਹ ਸਿਆਸੀ ਰਣਨੀਤੀ ਹੈ ਪਰ ਕਿਹਾ ਤੇ ਇਹ ਵੀ ਜਾਂਦਾ ਹੈ ਕਿ ਸਿੱਖਾਂ ਲਈ ਹੁਣ ਸਿਰਫ ਫੈਡਰਲ ਭਾਰਤ ਜਾਂ ਆਨੰਦਪੁਰ ਦੇ ਮਤੇ ਦੀ ਗੱਲ ਹੀ ਨਹੀਂ ਰਹੀ ਹੈ, ਸਗੋਂ ਲੜਾਈ ਸੰਪੂਰਨ ਆਜ਼ਾਦੀ ਦੇ ਨੁਕਤੇ ਉਤੇ ਕੇਂਦਰਿਤ ਹੋ ਚੁੱਕੀ ਹੈ। ਖੈਰ, ਜੇ ਹਿੰਦੁਸਤਾਨ ਦੇ ਸੰਵਿਧਾਨ ਦੀ ਸਹੁੰ ਖਾ ਕੇ ਚੋਣ ਅਮਲ ਵਿਚ ਪੈਣਾ ਹੈ ਤਾਂ ਰਣਨੀਤਕ ਪੈਂਤੜੇ ਅਤੇ ਦੋ ਕਦਮ ਕਦੇ ਅੱਗੇ ਤੇ ਕਦੇ ਪਿੱਛੇ ਹਟ ਜਾਣ ਦੀਆਂ ਦਲੀਲਾਂ ਵੀ ਮੰਨਣੀਆਂ ਹੀ ਪੈਣਗੀਆਂ। ਕੁੱਲ ਮਿਲਾ ਕੇ ਇਨ੍ਹਾਂ ਚੋਣਾਂ ਵਿਚ ਵੀ ਸਿੱਖਾਂ ਦੀ ਮੁਕੰਮਲ ਆਜ਼ਾਦੀ ਲਈ ਲੜਨ ਦਾ ਪੈਂਤੜਾ ਸਿਰਫ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਅਕਾਲੀ ਦਲ ਅੰਮ੍ਰਿਤਸਰ ਲਈ ਹੀ ਰਾਖਵਾਂ ਹੈ। ਬਹੁਜਨ ਸਮਾਜ ਪਾਰਟੀ, ਕਾਂਗਰਸ, ਆਮ ਆਦਮੀ ਪਾਰਟੀ ਤੇ ਭਾਜਪਾ ਨੂੰ ਇਸ ਤਰ੍ਹਾਂ ਦੇ ਨਿਹੋਰੇ ਮਾਰੇ ਹੀ ਨਹੀਂ ਜਾ ਸਕਦੇ। ਹਾਂ ਪੰਥਕ ਰਾਜਨੀਤੀ ਦੇ ਸਿਰ ਉਤੇ ਰਾਜ ਭਾਗ ਮਾਨਣ ਵਾਲੇ ਬਾਦਲ ਦਲੀਆਂ ਲਈ "ਗੁਨਾਹਗਾਰਾਂ" ਦੀ ਕਤਾਰ ਵਿਚ ਖੜ੍ਹੇ ਹੋਣਾ ਪੰਜਾਬ ਨੂੰ ਜ਼ਰੂਰ ਚੁਭਿਆ ਹੈ। ਇਸ ਕਰ ਕੇ ਹੁਣ ਪੰਥ ਨੇ ਇਨ੍ਹਾਂ ਕੋਲੋਂ ਆਸ ਰੱਖਣੀ ਵੀ ਲਗਭੱਗ ਬੰਦ ਕਰ ਦਿੱਤੀ ਹੈ। ਬਰਗਾੜੀ ਮੋਰਚਾ, ਯੂਨਾਇਟਡ ਅਕਾਲੀ ਦਲ, ਆਖੰਡ ਅਕਾਲੀ ਦਲ ਤੇ ਪੰਥਕ ਰਾਜਨੀਤੀ ਵਾਲੀਆਂ ਹੋਰ ਧਿਰਾਂ ਆਪਸੀ ਮੱਤਭੇਦਾਂ ਤੇ ਮਨਭੇਦਾਂ ਕਾਰਨ ਇਸ ਚੋਣ ਮੇਲੇ ਵਿਚੋਂ ਆਪਣੀਆਂ ਸਫਾਂ ਵਲ੍ਹੇਟ ਕੇ ਬੈਠੀਆਂ ਹਨ।

ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਕਿ ਪੰਜਾਬ ਇਸ ਸਮੇਂ ਆਰਥਿਕ ਪੱਖੋਂ ਟੁੱਟ ਚੁੱਕਿਆ ਹੈ। ਇਥੋਂ ਦਾ ਵਾਤਾਵਰਣ ਜ਼ਹਿਰੀਲਾ ਹੋ ਰਿਹਾ ਹੈ, ਭਿਆਨਕ ਬੀਮਾਰੀਆਂ ਨੇ ਇਥੋਂ ਦੇ ਲੋਕਾਂ ਨੂੰ ਆਪਣੀ ਜਕੜ 'ਚ ਲੈ ਲਿਆ ਹੈ। ਬੇਰੁਜ਼ਗਾਰੀ ਨੇ ਨਵੀਂ ਪੀੜ੍ਹੀ ਨੂੰ ਮਾਨਸਿਕ ਰੂਪ 'ਚ ਬੇਚੈਨ ਕਰ ਛੱਡਿਆ ਹੈ। ਪੜ੍ਹੇ ਲਿਖੇ ਬੱਚੇ ਵਿਦੇਸ਼ਾਂ ਨੂੰ ਉਡਾਰੀਆਂ ਮਾਰਨ ਲੱਗੇ ਹੋਏ ਹਨ। ਸਿੱਖਿਆ, ਸਿਹਤ ਤੇ ਸੱਭਿਆਚਾਰ ਤਬਾਹ ਹੋ ਰਹੇ ਹਨ। ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਚਾਰੇ ਪਾਸੇ ਭ੍ਰਿਸ਼ਟਾਚਾਰ ਤੇ ਨਸ਼ਿਆਂ ਦਾ ਬੋਲਬਾਲਾ ਹੈ। ਸਿੱਖਾਂ ਦੀ ਨਵੀਂ ਪੀੜ੍ਹੀ ਦਿਸ਼ਾਹੀਣ ਹੋ ਕੇ ਭਟਕ ਰਹੀ ਹੈ। ਇਸ ਸਭ ਦੇ ਬਾਵਜੂਦ ਕੀ ਪੰਜਾਬ ਵਿਚ ਸਿੱਖ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰਨ, ਨਵੰਬਰ ੧੯੮੪ ਦੇ ਸਿੱਖ ਕਤਲੇਆਮ, ਸਿੱਖਾਂ ਦੇ ਮਾਨਵੀ ਅਧਿਕਾਰਾਂ ਦਾ ਘਾਣ ਕਰਨ, ਪੰਜਾਬ ਦੇ ਪਾਣੀਆਂ ਦੀ ਲੁੱਟ, ਪੰਜਾਬੀ ਬੋਲਦੇ ਇਲਾਕਿਆਂ ਨੂੰ ਰਾਜ ਤੋਂ ਬਾਹਰ ਕਰਨਾ ਅਤੇ ਸਿੱਖ ਸੱਭਿਆਚਾਰ, ਬੋਲੀ ਤੇ ਵਿਰਾਸਤ ਨੂੰ ਸੂਖਮ ਹਮਲਿਆਂ ਨਾਲ ਮਲੀਆਮੇਟ ਕਰਨ ਦੀਆਂ ਸਾਜਿਸ਼ਾਂ ਦੇ ਮੁੱਦੇ ਗੌਣ ਹੋ ਜਾਣੇ ਚਾਹੀਦੇ ਹਨ ? ਕੇਂਦਰ ਪੂਰੀ ਤਰ੍ਹਾਂ ਨਿੱਠ ਕੇ ਪੰਜਾਬ ਨੂੰ ਤਬਾਹ ਕਰਨ ਤੇ ਬੰਜਰ ਬਣਾਉਣ ਦੇ ਖਤਰਨਾਕ ਮਨਸੂਬਿਆਂ ਨੂੰ ਲਾਗੂ ਕਰਨ ਦੇ ਰਾਹ ਤੁਰਿਆ ਹੈ। ਅਸੀਂ ਰਾਜਨੀਤਕ ਗਿਣਤੀਆਂ-ਮਿਣਤੀਆਂ ਵਿਚ ਫਸ ਕੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕੰਡੇ ਬੀਜ ਰਹੇ ਹਾਂ। ਸਿਰਫ਼ ਫ਼ੋਕੀ ਬਿਆਨਬਾਜ਼ੀ ਨਾਲ ਕੁਝ ਹੋਣ ਵਾਲਾ ਨਹੀਂ ਹੈ। ਕੌਮੀ ਮੁਸੀਬਤ ਦੇ ਸਾਂਝੇ ਕਾਰਜ ਲਈ ਨਿੱਜੀ ਹਉਮੈ, ਲਾਲਸਾ, ਸੁਆਰਥ ਤੇ ਚੌਧਰ ਦੀ ਭੁੱਖ ਦਾ ਤਿਆਗ ਕਰਨਾ ਹੋਵੇਗਾ।

ਚੋਣਾਂ ਤੋਂ ਪਹਿਲਾਂ ਪੰਥਕ ਤੇ ਹਮਖਿਆਲੀ ਧਿਰਾਂ ਵਿਚ ਏਕਤਾ ਦੀ ਗੱਲ ਚੱਲੀ ਸੀ। ਸ਼ਾਇਦ ਸਾਡੇ ਆਗੂਆਂ ਨੇ ਇਹ ਪੱਕੀ ਠਾਣ ਲਈ ਹੈ ਕਿ ਪੰਜਾਬ ਦੀ ਚਿੰਤਾ ਬਾਅਦ ਵਿਚ ਕਰ ਲਵਾਂਗੇ ਪਹਿਲਾਂ ਆਪਣੇ ਸਿਆਸੀ ਵਿਰੋਧੀ ਦਾ ਮੱਕੂ ਠੱਪਣਾ ਜ਼ਰੂਰੀ ਹੈ। ਇਸ ਕਸਰਤ ਵਿਚ ਪੰਜਾਬ ਤੇ ਪੰਥ ਦਾ ਭਾਵੇਂ ਕਿੰਨਾ ਵੀ ਨੁਕਸਾਨ ਹੋ ਜਾਵੇ। ਪੰਜ ਸਿਆਸੀ ਧਿਰਾਂ ਦਾ ਗੱਠਜੋੜ ਸੀਟਾਂ ਦੀ ਵੰਡ ਉਤੇ ਆ ਕੇ ਖੱਖੜੀਆਂ ਹੋ ਗਿਆ। ਤਿਆਗ ਤੇ ਕੁਰਬਾਨੀ ਜੋ ਸਿੱਖੀ ਦੇ ਮੁਢਲੇ ਗੁਣ ਹਨ, ਹੁਣ ਕਿਸੇ ਸਿੱਖ ਆਗੂ 'ਚ ਵਿਖਾਈ ਹੀ ਨਹੀਂ ਦਿੰਦੇ। ਲੋਕ ਪੰਜਾਬ ਦੀ ਦੁਰਦਸ਼ਾ ਨੂੰ ਦੇਖ ਕੇ ਦੁਖੀ ਹਨ। ਕੋਈ ਵੀ ਧਿਰ ਤੇ ਆਗੂ ਪੰਜਾਬ ਦੇ ਦੁਖ ਕੱਟਣ ਲਈ ਮੈਦਾਨ ਵਿਚ ਜੂਝ ਰਿਹਾ ਦਿਖਾਈ ਨਹੀਂ ਦੇ ਰਿਹਾ। ਪੰਜਾਬ ਚੋਣਾਂ ਦੀ ਚਰਖੜੀ 'ਤੇ ਚੜ੍ਹਿਆ ਬੁਰੀ ਤਰ੍ਹਾਂ ਨਪੀੜਿਆ ਜਾ ਰਿਹਾ ਹੈ। ਇਹ ਠੀਕ ਹੈ ਕਿ ਸਿੱਖਾਂ ਨੂੰ ਰਾਜਸੀ ਤਾਕਤ ਦੀ ਵੱਡੀ ਲੋੜ ਹੈ ਪਰ ਇਸ ਨੂੰ ਪ੍ਰਾਪਤ ਕਰਨ ਲਈ ਸਿੱਖ ਸਿਧਾਂਤਾਂ ਤੇ ਪੰਥਕ ਮੁੱਦਿਆਂ ਨੂੰ ਤਿਲਾਂਜਲੀ ਦੇ ਕੇ ਅੱਗੇ ਵਧਣ ਵਾਲੇ ਆਗੂਆਂ ਦੀ ਇਹ ਜ਼ਾਮਨੀ ਕਿਵੇਂ ਹੋ ਸਕਦੀ ਹੈ ਕਿ ਉਹ ਸੱਤਾ ਪ੍ਰਾਪਤ ਕਰ ਲੈਣ ਤੋਂ ਬਾਅਦ ਪੰਜਾਬ ਲਈ ਕੋਈ ਕੁਰਬਾਨੀ ਦੇਣ ਦਾ ਵਚਨ ਪੁਗਾਉਣਗੇ। ਇਸ ਕਰ ਕੇ ਕੌਮ ਦੇ ਉਜਲੇ ਭਵਿੱਖ ਲਈ ਸਿੱਖਾਂ ਨੂੰ ਸਿਆਣੀ, ਦੂਰਅੰਦੇਸ਼ ਅਤੇ ਸਿੱਖ-ਪੰਥ ਨੂੰ ਸਮਰਪਿਤ ਲੀਡਰਸ਼ਿਪ ਪੈਦਾ ਕਰਨ ਦੀ ਡਾਹਢੀ ਲੋੜ ਹੈ।

# ਨਸਲੀ ਦਹਿਸ਼ਤਵਾਦ ਅਤੇ ਸੰਸਾਰ ਦੀ ਸਿਆਸਤ

**ਬੂਟਾ ਸਿੰਘ**
ਸੰਪਰਕ : 94634-74342



ਨਿਊਜ਼ੀਲੈਂਡ ਦੇ ਸ਼ਹਿਰ ਕਰਾਈਸਟਚਰਚ ਦੀਆਂ ਦੋ ਮਸਜਿਦਾਂ ਵਿਚ ਨਮਾਜ਼ ਮੌਕੇ ਵਾਪਰੇ ਕਤਲੇਆਮ ਦੀ ਨਿੰਦਾ ਕਰਨਾ ਹੀ ਕਾਫ਼ੀ ਨਹੀਂ ਹੈ। ਇਸ ਵਾਰਦਾਤ ਵਿਚ ਆਸਟਰੇਲੀਆਈ ਨਸਲਵਾਦੀ ਬਰੈਂਟਨ ਟੇਰੰਟ ਨੇ 49 ਮੁਸਲਮਾਨਾਂ ਨੂੰ ਗੋਲੀਆਂ ਨਾਲ ਮਾਰ-ਮੁਕਾਇਆ। ਇਸ ਵਰਤਾਰੇ ਦੀਆਂ ਵਿਚਾਰਧਾਰਕ ਜੜ੍ਹਾਂ ਅਤੇ ਇਸ ਦੀ ਪਾਲਣਾ-ਪੋਸ਼ਣਾ ਤੇ ਪੁਸ਼ਤਪਨਾਹੀ ਕਰਨ ਵਾਲਿਆਂ ਦੀ ਨਿਸ਼ਾਨਦੇਹੀ ਜ਼ਰੂਰੀ ਹੈ। ਇਹ ਤਸੱਲੀ ਵਾਲੀ ਗੱਲ ਹੈ ਕਿ ਨਿਊਜ਼ੀਲੈਂਡ ਦੇ ਲੋਕਾਂ ਨੇ ਨਸਲਵਾਦ ਨੂੰ ਵਿਆਪਕ ਪੱਧਰ 'ਤੇ ਰੱਦ ਕਰਦਿਆਂ ਮੁਸਲਿਮ ਭਾਈਚਾਰੇ ਨਾਲ ਇਕਮੁੱਠਤਾ ਪ੍ਰਗਟਾਈ। ਸਰਕਾਰ ਤੁਰੰਤ ਪੀੜਤਾਂ ਦੇ ਹੱਕ ਵਿਚ ਹਰਕਤ ਵਿਚ ਆਈ ਅਤੇ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਨੇ ਆਪਣੇ ਲੋਕਾਂ ਨੂੰ ਮੁਸਲਿਮ ਭਾਈਚਾਰੇ ਪ੍ਰਤੀ ਸਹਿਣਸ਼ੀਲਤਾ ਦਿਖਾਉਣ ਦੀ ਅਪੀਲ ਕੀਤੀ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਨੇ ਵੀ ਹਮਲਾਵਰ ਨੂੰ 'ਘੋਰ ਸੱਜੇਪੱਖੀ ਦਹਿਸ਼ਤਗਰਦ' ਕਿਹਾ ਹੈ।ਇਹ ਚੇਤੇ ਰੱਖਣਾ ਹੋਵੇਗਾ ਕਿ ਪਿਛਲੇ ਦਹਾਕਿਆਂ ਵਿਚ ਅਗਾਂਹਵਧੂ ਤਾਕਤਾਂ ਨੂੰ ਕੁਲ ਦੁਨੀਆ ਵਿਚ ਵੱਡੀ ਪਛਾੜ ਦਾ ਸਾਹਮਣਾ ਕਰਨਾ ਪਿਆ ਹੈ; ਨਤੀਜੇ ਵਜੋਂ ਘੋਰ ਸੱਜੇਪੱਖੀ ਤਾਕਤਾਂ ਪਹਿਲਾਂ ਦੇ ਮੁਕਾਬਲੇ ਨਾ ਕੇਵਲ ਮਜ਼ਬੂਤ ਹੋਈਆਂ ਹਨ ਸਗੋਂ ਬਹੁਤ ਸਾਰੇ ਮੁਲਕਾਂ ਦੀ ਰਾਜਕੀ ਨੀਤੀ ਅਤੇ ਢਾਂਚੇ ਵਿਚ ਇਨ੍ਹਾਂ ਦੀ ਪੁੱਗਤ, ਰਸੂਖ਼ ਅਤੇ ਦਖ਼ਲ ਵੀ ਤੇਜ਼ੀ ਨਾਲ ਵਧਿਆ ਹੈ। ਲਿਹਾਜ਼ਾ, ਕਤਲੇਆਮ ਦੀ ਸੋਸ਼ਲ ਮੀਡੀਆ ਉੱਪਰ 'ਲਾਈਵ ਸਟਰੀਮਿੰਗ' ਕਰਨਾ ਕਿਸੇ 'ਸਿਰਫਿਰੇ' ਸ਼ਖ਼ਸ ਦਾ ਆਪਮੁਹਾਰਾ ਕਾਰਾ ਨਹੀਂ, ਜਿਵੇਂ ਹੁਣ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਬੁਲਾਰੇ ਅਤੇ ਹੋਰ ਮੁਲਕਾਂ ਦੇ ਸੱਜੇਪੱਖੀ ਦੁਨੀਆ ਨੂੰ ਜਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਕਾਂਡ ਪੂਰੀ ਤਰ੍ਹਾਂ ਸੋਚ-ਸਮਝ ਕੇ ਵਿਉਂਤਿਆ ਗਿਆ ਕਿਉਂਕਿ ਨਿਊਜ਼ੀਲੈਂਡ ਵਿਚ ਮੁਸਲਮਾਨ ਮੁਕਾਬਲਤਨ ਬਹੁਤ ਹੀ ਨਿੱਕਾ ਜਿਹਾ ਅਤੇ ਨਵਾਂ ਭਾਈਚਾਰਾ ਹਨ। ਅੰਕੜਿਆਂ ਅਨੁਸਾਰ 2017 ਵਿਚ ਇੱਥੇ 47 ਲੱਖ ਦੀ ਕੁਲ ਆਬਾਦੀ ਵਿਚੋਂ ਮੁਸਲਿਮ ਆਬਾਦੀ ਸਿਰਫ਼ 50817 (ਇਕ ਫ਼ੀਸਦੀ) ਹੀ ਸੀ।

ਗ਼ੌਰਤਲਬ ਹੈ ਕਿ ਪਿਛਲੇ ਪੰਜ ਸਾਲਾਂ ਵਿਚ ਨਿਊਜ਼ੀਲੈਂਡ ਦੀ ਕੁਲ ਆਬਾਦੀ ਵਿਚ 7.8 ਫ਼ੀਸਦੀ ਵਾਧਾ ਹੋਇਆ ਜਦਕਿ ਉੱਥੇ ਏਸ਼ਿਆਈ ਆਬਾਦੀ ਵਿਚ ਤਕਰੀਬਨ 50 ਫ਼ੀਸਦੀ ਵਾਧਾ ਦਰਜ ਹੋਇਆ ਹੈ। ਇਹ ਫ਼ਰਕ ਨਸਲਵਾਦੀਆਂ ਲਈ ਗੋਰੇ ਲੋਕਾਂ ਦੇ ਮਨਾਂ ਵਿਚ ਗ਼ੈਰ ਗੋਰਿਆਂ ਪ੍ਰਤੀ ਨਫ਼ਰਤ ਭੜਕਾਉਣ ਅਤੇ ਦੂਜੇ ਮੁਲਕਾਂ ਤੋਂ ਉੱਥੇ ਜਾ ਰਹੇ ਲੋਕਾਂ ਪ੍ਰਤੀ ਨੀਤੀ ਨੂੰ ਸਖ਼ਤ ਬਣਾਉਣ ਲਈ ਦਬਾਓ ਪਾਉਣ ਦਾ ਕਾਰਗਰ ਤਰੀਕਾ ਹੈ। ਕਤਲੇਆਮ ਮੌਕੇ ਜਾਰੀ ਕੀਤਾ ਗਿਆ 74 ਪੰਨਿਆਂ ਦਾ ਮੈਨੀਫੈਸਟੋ 'ਦਿ ਗਰੇਟ ਰੀਪਲੇਸਮੈਂਟ' ਯੋਜਨਾਬੱਧ ਸੰਦੇਸ਼ ਸੀ ਅਤੇ ਇਹ ਪਰਵਾਸ ਦੀ ਨੀਤੀ ਬਦਲਣ ਲਈ ਦਬਾਓ ਪਾਉਣ ਦਾ ਸਿਲਸਿਲੇਵਾਰ ਯਤਨ ਹੈ। ਮੈਨੀਫੈਸਟੋ ਦਾ ਮੂਲ ਸਰੋਤ ਫਰਾਂਸੀਸੀ ਆਵਾਸ ਵਿਰੋਧੀ ਲੇਖਕ ਯਾਂ ਔਲਨੋ ਗੈਬਰੀਅਲ ਕੈਮੂ ਦੀ ਲਿਖਤ 'ਦਿ ਗਰੇਟ ਰੀਪਲੇਸਮੈਂਟ' ਹੈ ਜੋ ਪੂਰੇ ਯੂਰੋਪ ਦੇ ਨਸਲਵਾਦੀਆਂ ਦੀਆਂ ਆਵਾਸ ਵਿਰੋਧੀ ਗਰੁੱਪਾਂ ਦੀ ਬਹਿਸਾਂ ਦਾ ਮੁੱਖ ਵਾਕ-ਅੰਸ਼ ਬਣ ਚੁੱਕਾ ਹੈ। ਇਸ ਦਾ ਤੱਤ ਇਹ ਹੈ ਕਿ ਪਰਵਾਸ ਦੇ ਬਹਾਨੇ ਗ਼ੈਰ ਯੂਰੋਪੀਅਨ ਵਸੋਂ ਯੂਰੋਪ ਦੀ ਮੂਲ ਵਸੋਂ ਤੋਂ ਉਨ੍ਹਾਂ ਦੀ ਧਰਤੀ ਖੋਹ ਕੇ ਕਾਬਜ਼ ਹੋ ਰਹੀ ਹੈ। ਮੈਨੀਫੈਸਟੋ ਵਿਚ ਨਸਲੀ ਦਹਿਸ਼ਤਗਰਦ ਇਸੇ ਨਜ਼ਰੀਏ ਨੂੰ ਹਿੱਕ ਠੋਕ ਕੇ ਐਲਾਨ ਕਰਦਾ ਹੈ, ਹਮਲਾਵਰਾਂ ਨੂੰ ਦੱਸਣਾ ਹੈ ਕਿ ਸਾਡੀ ਧਰਤੀ ਕਦੇ ਵੀ ਉਨ੍ਹਾਂ ਦੀ ਧਰਤੀ ਨਹੀਂ ਹੋਵੇਗੀ। ਸਾਡੇ ਘਰ ਸਾਡੇ ਆਪਣੇ ਹਨ ਅਤੇ ਜਦ ਤਕ ਇਕ ਵੀ ਗੋਰਾ ਸ਼ਖ਼ਸ ਰਹੇਗਾ, ਉਦੋਂ ਤਕ ਉਹ ਕਦੇ ਵੀ ਜਿੱਤ ਨਹੀਂ ਸਕਣਗੇ। ਇਹ ਧਰਤੀ ਸਾਡੀ ਹੈ ਅਤੇ ਉਹ ਕਦੇ ਵੀ ਸਾਡੇ ਲੋਕਾਂ ਦੀ ਜਗ੍ਹਾ ਨਹੀਂ ਲੈ ਸਕਣਗੇ।

ਯੂਰੋਪ ਵਿਚ 'ਜੈਨਰੇਸ਼ਨ ਆਈਡੈਂਟਿਟੀ' ਵਰਗੇ ਨਸਲਵਾਦੀ ਗੁੱਟ ਹਥਿਆਰਬੰਦੀ, ਸਿਖਲਾਈ ਅਤੇ ਹਿੰਸਕ ਹਮਲਿਆਂ ਲਈ ਮਸ਼ਹੂਰ ਹਨ। ਪੱਛਮ, ਖ਼ਾਸ ਕਰਕੇ ਕੁੱਝ ਯੂਰੋਪੀਅਨ ਮੁਲਕਾਂ ਅਤੇ ਅਮਰੀਕਾ ਅੰਦਰ ਨਸਲਵਾਦ ਦੀ ਨੁਮਾਇੰਦਗੀ ਸੱਤਾ ਅਤੇ ਪਾਰਲੀਮਾਨੀ ਸੰਸਥਾਵਾਂ ਅੰਦਰ ਵਧੀ ਹੈ। ਨਿਊਜ਼ੀਲੈਂਡ ਇਸ ਪੱਖੋਂ ਮੁਕਾਬਲਤਨ ਸ਼ਾਂਤ ਮੁਲਕ ਮੰਨਿਆ ਜਾਂਦਾ ਹੈ। ਉੱਥੇ ਨਸਲਵਾਦੀਆਂ ਦੀ ਸੱਤਾ ਵਿਚ ਐਸੀ ਸਿੱਧੀ ਮੌਜੂਦਗੀ ਭਾਵੇਂ ਨਹੀਂ ਲੇਕਿਨ ਫਾਸ਼ੀਵਾਦ ਅਤੇ ਨਾਜ਼ੀਵਾਦ ਤੋਂ ਪ੍ਰੇਰਤ ਨਸਲਵਾਦੀ ਸੰਸਥਾਵਾਂ ਪਿਛਲੀ ਸਦੀ ਦੇ ਤੀਜੇ ਦਹਾਕੇ ਤੋਂ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਰਹੀਆਂ ਹਨ। ਵਿਚਾਰਧਾਰਕ ਸਾਂਝ ਦੇ ਨਾਲ ਨਾਲ ਹੋਰ ਮੁਲਕਾਂ ਦੇ ਨਸਲਵਾਦੀਆਂ ਦਾ ਇਸ ਖਿੱਤੇ ਦੇ ਨਸਲਵਾਦੀਆਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਵਿਹਾਰਕ ਲੈਣ-ਦੇਣ ਵੀ ਹੁੰਦਾ ਰਿਹਾ ਹੈ। ਯੂਰੋਪ ਅਤੇ ਉਤਰੀ ਅਮਰੀਕਾ ਦੇ ਨਸਲਵਾਦੀ ਨਿਊਜ਼ੀਲੈਂਡ ਵਿਚ ਜਾ ਕੇ ਭਾਸ਼ਨ ਦਿੰਦੇ ਰਹਿੰਦੇ ਹਨ। ਪਿੱਛੇ ਜਿਹੇ ਇਨ੍ਹਾਂ ਤਾਕਤਾਂ ਨੇ ਇਹ ਦਲੀਲ ਦਿੰਦਿਆਂ 'ਯੂਐੱਨ ਗਲੋਬਲ ਮਾਈਗ੍ਰੇਸ਼ਨ ਕੰਪੈਕਟ' ਦਾ ਵਿਰੋਧ ਕੀਤਾ ਕਿ ਇਹ ਛੇ ਕਰੋੜ 'ਭੂਰੇ' ਲੋਕਾਂ ਨੂੰ ਯੂਰੋਪ ਵਿਚ ਵਸਾਉਣ ਦੀ ਯੋਜਨਾ ਹੈ। ਦੋ ਸਾਲ ਪਹਿਲਾਂ ਹੀ ਆਕਲੈਂਡ ਯੂਨੀਵਰਸਿਟੀ ਵਿਚ 'ਯੂਰੋਪੀਅਨ ਸਟੂਡੈਂਟਸ ਯੂਨੀਅਨ' ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਪਿਛਲੇ ਮਹੀਨੇ ਹੀ ਉੱਥੇ 'ਐਨਜ਼ੈੱਡ ਸੌਵਰੈਨਿਟੀ' ਦੇ ਨਾਂ ਥੱਲੇ 'ਯੂਐੱਨ ਗਲੋਬਲ ਮਾਈਗ੍ਰੇਸ਼ਨ ਕੰਪੈਕਟ' ਦੇ ਵਿਰੋਧ ਵਿਚ ਰੈਲੀਆਂ ਕੀਤੀਆਂ ਗਈਆਂ ਸਨ। 'ਪ੍ਰਭੂਸੱਤਾ' ਨੂੰ ਮੁੱਦਾ ਬਣਾ ਕੇ ਇਹ ਲੋਕ ਹੋਰ ਮੁਲਕਾਂ ਤੋਂ ਆ ਰਹੇ ਲੋਕਾਂ, ਖ਼ਾਸ ਕਰਕੇ ਸ਼ਰਨਾਰਥੀਆਂ ਉੱਪਰ ਰੋਕ ਲਗਾਉਣ ਦੀ ਜ਼ੋਰਦਾਰ ਮੰਗ ਕਰ ਰਹੇ ਹਨ।

ਨਿਸ਼ਚੇ ਹੀ, ਇਹ ਆਵਾਸੀਆਂ ਪ੍ਰਤੀ ਉਸ ਨਸਲਵਾਦੀ ਨਫ਼ਰਤ ਦਾ ਨਤੀਜਾ ਹੈ ਜੋ ਪਿਛਲੇ ਦਹਾਕਿਆਂ ਤੋਂ ਸਿਲਸਿਲੇਵਾਰ ਤਰੀਕੇ ਨਾਲ ਸਮੁੱਚੀ ਧਰਤੀ ਉੱਪਰ ਫੈਲਾਈ ਜਾ ਰਹੀ ਹੈ। ਨਾਲ ਹੀ ਇਹ ਅਮਰੀਕੀ ਹੁਕਮਰਾਨਾਂ ਦੀ ਅਗਵਾਈ ਹੇਠ ਪੱਛਮ ਵੱਲੋਂ ਫੈਲਾਏ ਗਏ 'ਇਸਲਾਮੀ ਹਊਏ' ਦੀ ਦੇਣ ਹੈ ਜਿਸ ਦੀ ਹਮਾਇਤ ਦੁਨੀਆ ਭਰ ਦੀਆਂ ਤਮਾਮ ਸੱਜੇਪੱਖੀ ਹੁਕਮਰਾਨ ਜਮਾਤਾਂ ਕਰ ਰਹੀਆਂ ਹਨ। ਪਿਛਲੇ ਸਾਲਾਂ ਵਿਚ ਅਮਰੀਕਾ, ਜਰਮਨੀ, ਫਰਾਂਸ ਤੇ ਹੋਰ ਯੂਰੋਪੀਅਨ ਮੁਲਕਾਂ ਵਿਚ ਵੀ ਮੁਸਲਿਮ ਭਾਈਚਾਰੇ ਦੇ ਧਾਰਮਿਕ ਸਥਾਨਾਂ ਉੱਪਰ ਹਮਲੇ ਹੋਏ। ਇਸ ਪਿੱਛੇ ਖ਼ਾਸ ਵਜ੍ਹਾ ਉਨ੍ਹਾਂ ਵਿਰੁੱਧ ਫੈਲਾਈ ਨਫ਼ਰਤ ਹੈ। ਇਸਲਾਮੀ ਹਊਆ ਖੜ੍ਹਾ ਕਰਨ ਵਾਲੇ ਚਾਹੇ ਯੂਰੋਪ ਜਾਂ ਅਮਰੀਕਾ ਦੇ ਹੁਕਮਰਾਨ ਹੋਣ ਜਾਂ ਭਾਰਤ ਦੇ, ਇਹ ਵਾਰ ਵਾਰ ਦੁਹਰਾਉਂਦੇ ਹਨ ਕਿ ਮਸਜਿਦਾਂ ਅਤੇ ਮਦਰੱਸੇ ਦਹਿਸ਼ਤਗਰਦਾਂ ਦੀ ਸਿਖਲਾਈ ਦੇ ਅੱਡੇ ਹਨ; ਜਦਕਿ ਤੱਥ ਇਹ ਹੈ ਕਿ ਅਫ਼ਗਾਨਿਸਤਾਨ ਅੰਦਰ ਸੋਵੀਅਤ ਯੂਨੀਅਨ ਵਿਰੋਧੀ ਯੁੱਧ ਦੌਰਾਨ ਪਾਕਿਸਤਾਨ ਤੇ ਅਫ਼ਗਾਨਿਸਤਾਨ ਵਿਚ ਮਸਜਿਦਾਂ, ਮਦਰੱਸਿਆਂ ਨੂੰ ਕੱਟੜ ਜਹਾਦੀਆਂ ਦੇ ਸਿਖਲਾਈ ਕੇਂਦਰ ਬਣਾਉਣ ਪਿੱਛੇ ਸਭ ਤੋਂ ਵੱਡਾ ਹੱਥ ਖ਼ੁਦ ਅਮਰੀਕੀ ਸਟੇਟ ਦਾ ਰਿਹਾ ਹੈ। ਬੇਸ਼ੱਕ, ਪਾਕਿਸਤਾਨ ਸਮੇਤ ਇਸਲਾਮੀ ਮੁਲਕਾਂ ਵਿਚ ਇਨ੍ਹਾਂ ਥਾਵਾਂ ਨੂੰ ਦਹਿਸ਼ਤਗਰਦੀ ਲਈ ਇਸਤੇਮਾਲ ਕੀਤੇ ਜਾਣ ਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ ਲੇਕਿਨ ਖ਼ਾਸ ਮੁਲਕਾਂ ਦੇ ਹੁਕਮਰਾਨਾਂ ਵੱਲੋਂ ਇਸਲਾਮੀ ਧਾਰਮਿਕ ਪਛਾਣ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਸਥਾਨਾਂ ਨੂੰ ਦਹਿਸ਼ਤਗਰਦੀ ਦੇ ਸਮਾਨਅਰਥੀ ਬਣਾ ਕੇ ਪੇਸ਼ ਕਰਨ ਪਿੱਛੇ ਇਨ੍ਹਾਂ ਦੇ ਸੌੜੇ ਹਿਤ ਅਤੇ ਸੋਚੇ-ਸਮਝੇ ਏਜੰਡੇ ਕੰਮ ਕਰਦੇ ਹਨ। 'ਕਮਿਊਨਿਸਟ ਹਊਆ' ਘਸ-ਪਿਟ ਗਿਆ ਤਾਂ ਇਨ੍ਹਾਂ ਨੇ 'ਇਸਲਾਮੀ ਹਊਆ' ਈਜਾਦ ਕਰ ਲਿਆ। ਹਮਲਾਵਰ ਦਹਿਸ਼ਤਗਰਦ ਨੇ ਆਪਣੇ 'ਮੈਨੀਫੈਸਟੋ' ਵਿਚ ਉਸ ਨਾਰਵੀਜੀਅਨ ਦਹਿਸ਼ਤਗਰਦ ਐਂਡਰਸ ਬੇਹਰਿੰਗ ਬਰੀਵਿਕ ਦੀ ਖ਼ੂਬ ਤਾਰੀਫ਼ ਕੀਤੀ ਹੈ ਜਿਸ ਨੇ 2011 ਵਿਚ ਨਾਰਵੇ ਦੀ ਰਾਜਧਾਨੀ ਓਸਲੋ ਵਿਚ 77 ਲੋਕਾਂ ਦੀ ਹੱਤਿਆ ਕੀਤੀ ਸੀ। ਉਹ ਅਮਰੀਕਨ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ 'ਮੁੜ ਸੁਰਜੀਤ ਹੋਈ ਗੋਰੀ ਪਛਾਣ ਅਤੇ ਸਾਂਝੇ ਮਨੋਰਥ ਦਾ ਚਿੰਨ੍ਹ' ਕਹਿੰਦਾ ਹੈ। ਉਸ ਦਾ ਇਨ੍ਹਾਂ ਸ਼ਖ਼ਸਾਂ ਤੋਂ ਐਨਾ ਮੁਤਾਸਿਰ ਹੋਣਾ ਹੈਰਤਅੰਗੇਜ਼ ਨਹੀਂ। ਟਰੰਪ ਵਰਗੇ ਰਾਜ ਨੇਤਾ ਨਸਲਵਾਦੀ ਤਾਕਤਾਂ ਲਈ ਸੱਚਮੁੱਚ ਰੋਲ ਮਾਡਲ ਹਨ। ਇਹ ਤੱਥ ਜੱਗ ਜ਼ਾਹਿਰ ਹੈ ਕਿ ਟਰੰਪ ਦਾ ਏਜੰਡਾ ਨਸਲਵਾਦੀ ਹੈ ਅਤੇ ਉਸ ਦਾ ਟਿਕਾਊ ਰਾਜਸੀ ਆਧਾਰ ਸੱਜੇਪੱਖੀ ਰਾਸ਼ਟਰਵਾਦੀ ਤਾਕਤਾਂ ਹਨ। ਟਰੰਪ ਹੋਰ ਮੁਲਕਾਂ ਦੇ ਲੋਕਾਂ, ਖ਼ਾਸ ਕਰਕੇ ਮੁਸਲਮਾਨਾਂ ਪ੍ਰਤੀ ਆਪਣੇ ਨਫ਼ਰਤ ਭਰੇ, ਭੜਕਾਊ ਤੇ ਨਸਲਵਾਦੀ ਬਿਆਨਾਂ ਲਈ ਅਕਸਰ ਵਿਵਾਦਾਂ ਵਿਚ ਘਿਰਿਆ ਰਹਿੰਦਾ ਹੈ। ਉਸ ਦੀ ਲੰਮੀ ਚੋਣ ਮੁਹਿੰਮ ਗ਼ੈਰ ਕਾਨੂੰਨੀ ਆਵਾਸੀਆਂ ਦੇ 'ਹਮਲੇ' ਦੇ ਖ਼ਤਰੇ ਅਤੇ ਇਸ ਨੂੰ ਰੋਕਣ ਲਈ ਅਮਰੀਕਨ-ਮੈਕਸੀਕਨ ਸਰਹੱਦ ਉੱਪਰ ਕੰਧਾਂ ਉਸਾਰਨ ਦੇ ਇਕਰਾਰ ਉੱਪਰ ਕੇਂਦਰਤ ਸੀ। ਇਹੀ ਨਹੀਂ, ਉਸ ਵੱਲੋਂ 2017 'ਚ ਵਰਜੀਨੀਆ ਵਿਚ ਨਵ-ਨਾਜ਼ੀਆਂ ਦੇ ਮਸ਼ਾਲ ਜਲੂਸ ਦੀ ਨਿੰਦਾ ਕਰਨ ਤੋਂ ਸਾਫ਼ ਨਾਂਹ ਕਰ ਦਿੱਤੀ ਗਈ ਜਿਸ ਦਾ ਮੁੱਖ ਨਾਅਰਾ ਨਾਜ਼ੀ ਦੌਰ ਦਾ 'ਲਹੂ ਤੇ ਮਿੱਟੀ' ਦਾ ਖ਼ੂਨੀ ਹੋਕਾ ਸੀ। ਹਾਲੀਆ ਕਾਂਡ ਤੋਂ ਬਾਅਦ ਟਰੰਪ ਨੇ ਬਿਆਨ ਦਿੱਤਾ ਹੈ ਕਿ ਦੁਨੀਆ ਨੂੰ 'ਗੋਰੀ ਸਰਵਸ਼੍ਰੇਸ਼ਟਤਾ' ਤੋਂ ਕੋਈ ਖ਼ਤਰਾ ਨਹੀਂ ਹੈ। ਟਰੰਪ ਨਿਜ਼ਾਮ ਤੋਂ ਐਸੀ ਕੂਟਨੀਤਕ ਬਿਆਨਬਾਜ਼ੀ ਦੀ ਉਮੀਦ ਹੀ ਕੀਤੀ ਜਾ ਸਕਦੀ ਹੈ ਜੋ ਦੁਨੀਆ ਨੂੰ ਇਸ ਗੰਭੀਰ ਖ਼ਤਰੇ ਪ੍ਰਤੀ ਅਵੇਸਲਾ ਕਰਕੇ ਇਨ੍ਹਾਂ ਤਾਕਤਾਂ ਦੇ ਚੁੱਪ-ਚੁਪੀਤੇ ਵਧਦੇ-ਫੁੱਲਦੇ ਰਹਿਣ ਲਈ ਸਾਜ਼ਗਰ ਰਾਜਸੀ ਮਾਹੌਲ ਸਿਰਜਦੀ ਹੈ।

ਯੂਰੋਪ ਅਤੇ ਅਮਰੀਕਾ ਅੰਦਰ ਮੁਸਲਮਾਨਾਂ ਜਾਂ ਉਨ੍ਹਾਂ ਨਾਲ ਮਿਲਦੇ-ਜੁਲਦੇ ਪਹਿਰਾਵੇ ਵਾਲੇ ਲੋਕਾਂ ਉੱਪਰ ਨਸਲੀ ਹਮਲੇ ਸਾਫ਼ ਸਬੂਤ ਹਨ ਕਿ ਗ਼ੈਰ ਮੁਸਲਿਮ ਲੋਕਾਂ ਅੰਦਰ ਮੁਸਲਿਮ ਭਾਈਚਾਰੇ ਪ੍ਰਤੀ ਕਿੰਨੀ ਡੂੰਘੀ ਨਫ਼ਰਤ ਬੀਜ ਦਿੱਤੀ ਗਈ ਹੈ। ਪੱਛਮ ਦੀਆਂ ਕਈ ਮੋਹਰੀ ਪ੍ਰਕਾਸ਼ਨਾਵਾਂ ਨੇ ਰਾਸ਼ਟਰਪਤੀ ਦੀ ਚੋਣ ਲਈ 2016 ਦੀ ਚੋਣ ਮੁਹਿੰਮ ਵਿਚ ਟਰੰਪ ਦੀ ਬੋਲਬਾਣੀ ਦੇ ਸਕੂਲਾਂ ਉੱਪਰ ਅਸਰ ਦੇ ਅਧਿਐਨ ਕੀਤੇ ਹਨ। ਟੀਚਰਜ਼ ਟਾਲਰੈਂਸ ਪ੍ਰਾਜੈਕਟ ਦੀ ਅਪਰੈਲ 20 16 ਰਿਪੋਰਟ ਦੱਸਦੀ ਹੈ ਕਿ ਵਿਦਿਆਰਥੀ ਰਾਜਸੀ ਆਗੂਆਂ ਦੀ ਕਿਸ ਕਦਰ ਨਕਲ ਕਰਦੇ ਹਨ। ਅਮਰੀਕਨ ਸਕੂਲਾਂ ਵਿਚ ਉਨ੍ਹਾਂ ਵਿਦਿਆਰਥੀਆਂ ਨੂੰ ਤੰਗ-ਪ੍ਰੇਸ਼ਾਨ ਕਰਨ, ਵਿਅੰਗ ਕੱਸਣ ਅਤੇ ਜ਼ਲੀਲ ਕਰਨ ਦਾ ਰੁਝਾਨ ਵਧਿਆ ਹੈ ਜਿਨ੍ਹਾਂ ਦੀ ਨਸਲ, ਧਰਮ ਜਾਂ ਕੌਮੀਅਤ ਨੂੰ ਚੋਣ ਮੁਹਿੰਮ ਚਲਾਉਣ ਵਾਲਿਆਂ ਵੱਲੋਂ ਆਪਣੇ ਪ੍ਰਚਾਰ ਵਿਚ ਨਿਸ਼ਾਨਾ ਬਣਾਇਆ ਗਿਆ ਸੀ। ਭਾਰਤ ਦੀ ਲੇਖਕ ਨਾਜ਼ੀਆ ਇਰੂਮ ਨੇ ਮੁਲਕ ਦੇ ਚੋਟੀ ਦੇ ਸਕੂਲਾਂ ਦੇ ਫੀਲਡ ਅਧਿਐਨ 'ਤੇ ਆਧਾਰਿਤ ਆਪਣੀ ਹਾਲ ਹੀ ਛਪੀ ਕਿਤਾਬ 'ਮਦਰਿੰਗ ਏ ਮੁਸਲਿਮ' ਅੰਦਰ ਮੁਸਲਿਮ ਬੱਚਿਆਂ ਪ੍ਰਤੀ ਹੋਰ ਬੱਚਿਆਂ ਦੇ ਮਨਾਂ ਵਿਚ ਫੈਲੀ ਨਫ਼ਰਤ ਦੀ ਬਹੁਤ ਹੀ ਖ਼ੌਫ਼ਨਾਕ ਤਸਵੀਰ ਪੇਸ਼ ਕੀਤੀ ਹੈ।

ਇਕ ਮੁਲਕ, ਖ਼ਾਸ ਕਰਕੇ ਪਿਛੜੇ ਤੇ ਘੋਰ ਸੰਕਟਗ੍ਰਸਤ ਅਤੇ ਰਾਜਸੀ ਅਸਥਿਰਤਾ ਵਾਲੇ ਮੁਲਕ ਤੋਂ ਦੂਜੇ ਬਿਹਤਰ ਹਾਲਾਤ ਵਾਲੇ ਮੁਲਕਾਂ ਵੱਲ ਪਰਵਾਸ, ਦਰਅਸਲ ਵੱਡਾ ਆਲਮੀ ਮਸਲਾ ਹੈ ਜਿਸ ਵਿਚ ਸਾਮਰਾਜਵਾਦੀ ਸਾਜ਼ਿਸ਼ਾਂ ਅਤੇ ਹੁਕਮਰਾਨਾਂ ਦੀਆਂ ਕਾਰਪੋਰੇਟ ਸਰਮਾਏ ਪੱਖੀ ਧਾੜਵੀ ਨੀਤੀਆਂ ਦੀ ਮੁੱਖ ਭੂਮਿਕਾ ਹੈ। 2015 ਵਿਚ ਦੁਨੀਆ ਵਿਚ ਪਰਵਾਸ ਕਰਨ ਵਾਲਿਆਂ ਦਾ ਅੰਕੜਾ 25 ਕਰੋੜ ਨੂੰ ਜਾ ਪਹੁੰਚਿਆ ਸੀ ਜਿਨ੍ਹਾਂ ਵਿਚ ਸਾਢੇ ਛੇ ਕਰੋੜ ਸੀਰੀਆ, ਲਿਬੀਆ ਵਰਗੇ ਮੁਲਕਾਂ ਵਿਚ ਖ਼ਾਨਾਜੰਗੀ ਦੇ ਸਤਾਏ ਬੇਵੱਸ ਲੋਕ ਸਨ ਲੇਕਿਨ 'ਗੋਰੀ ਨਸਲ ਹੀ ਸਰਵਸ਼੍ਰੇਸ਼ਟ' ਦੇ ਨਸਲਵਾਦੀ ਨਜ਼ਰੀਏ ਵਾਲੇ ਲੋਕ ਇਸ ਨੂੰ ਆਪਣੀ ਪ੍ਰਭੂਸੱਤਾ ਲਈ ਖ਼ਤਰਾ ਮੰਨ ਕੇ ਰੋਕਣ ਲਈ ਬਜ਼ਿੱਦ ਹਨ।

ਇਸ ਨਵ-ਨਾਜ਼ੀਵਾਦੀ ਰੁਝਾਨ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ ਕਿਉਂਕਿ ਇਸ ਵਕਤ ਇਹ ਰੁਝਾਨ ਭਾਵੇਂ ਕਮਜ਼ੋਰ ਨਜ਼ਰ ਆਉਂਦਾ ਹੈ, ਸਰਮਾਏਦਾਰੀ ਪ੍ਰਬੰਧ ਦਾ ਸੰਕਟ ਵਧਣ ਨਾਲ ਆਵਾਸੀਆਂ ਅਤੇ ਪਰਵਾਸੀਆਂ ਨੂੰ ਬੇਰੁਜ਼ਗਾਰੀ ਲਈ ਜ਼ਿੰਮੇਵਾਰ ਸਮਝਣ ਦੀ ਸੋਚ ਤੇਜ਼ੀ ਨਾਲ ਫੈਲਣੀ ਸ਼ੁਰੂ ਹੋ ਜਾਂਦੀ ਹੈ ਅਤੇ ਇਹ ਨਸਲਵਾਦੀ ਏਜੰਡੇ ਵਾਲੀਆਂ ਤਾਕਤਾਂ ਲਈ ਸਥਾਨਕ ਲੋਕਾਂ ਨੂੰ 'ਬੇਗਾਨਿਆਂ' ਵਿਰੁੱਧ ਭੜਕਾਉਣ ਲਈ 'ਸਾਜ਼ਗਾਰ' ਮਾਹੌਲ ਮੁਹੱਈਆ ਕਰਦੀ ਹੈ।



# ਨਿਊਜ਼ੀਲੈਂਡ 'ਚ 50 ਮੁਸਲਮਾਨਾਂ ਦੇ ਕਤਲ ਮਗਰੋਂ ਭਾਰਤੀ ਮੀਡੀਆ ਦਾ ਬੌਧਿਕ ਅੱਤਵਾਦ

**ਬਲਜਿੰਦਰ ਸਿੰਘ ਕੋਟਭਾਰਾ**
(97795-22211)



ਮੀਡੀਆ ਇਸ ਵੇਲ਼ੇ ਪ੍ਰਚਾਰ ਦਾ ਇੱਕ ਵੱਡਾ ਸਾਧਨ ਹੈ, ਮਨੁੱਖੀ ਦਿਮਾਗਾਂ ਤੱਕ ਸੂਚਨਾ ਤੇ ਇਸ ਦੀ ਵਿਆਖਿਆ ਪੁੱਜਦੀ ਕਰਕੇ ਆਪਣੇ ਕਿਸੇ ਵੀ ਹਿੱਤਾਂ ਮੁਤਾਬਕ ਹੀ ਮਨੁੱਖੀ ਮਾਨਸਿਕਤਾ ਢਾਲ਼ੀ ਜਾਂਦੀ ਹੈ। ਭਾਵੇਂ ਸ਼ੋਸਲ ਮੀਡੀਆ ਦੀ ਆਮਦ ਨੇ ਇੱਕ ਵਾਰ ਰਸਮੀ ਮੀਡੀਆ ਦੇ ਮਾਫ਼ੀਆ ਗੈਂਗ ਨੂੰ ਕੁਝ ਹੱਦ ਤੱਕ ਠੱਲ੍ਹ ਪਾਈ ਹੈ ਪਰ ਫਿਰ ਵੀ ਸੱਤਾ ਦੇ ਸਾਧਨਾਂ ਆਸਰੇ ਚੱਲਦਾ ਮੀਡੀਆ ਸੱਤਾਧਾਰੀਆਂ ਤੇ ਆਪਣੇ ਕੱਟੜਪੰਥੀ ਰਾਸ਼ਟਰ ਲਈ ਇੱਕ-ਤਰਫ਼ਾ ਧੂੰਆ ਧਾਰ ਪ੍ਰਚਾਰ ਕਰਦਾ ਹੈ। 15 ਮਾਰਚ 2019 ਮੁਸਲਮਾਨ ਭਾਈਚਾਰੇ ਲਈ ਕਾਲ਼ੇ ਦਿਨ ਦੇ ਤੌਰ 'ਤੇ ਚੜ੍ਹਿਆ। ਜੁੰਮੇ ਦੇ ਦਿਨ ਪਵਿੱਤਰ ਨਮਾਜ ਅਦਾ ਕੀਤੀ ਜਾਂਦੀ ਹੈ। ਨਿਊਜ਼ੀਲੈਂਡ ਵਿੱਚ ਇਸ ਦਿਨ ਦੋ ਮਸਜਿਦਾਂ ਵਿੱਚ ਨਮਾਜ ਅਦਾ ਕਰ ਰਹੇ ਮੁਸਲਮਾਨ ਭਾਈਚਾਰੇ 'ਤੇ ਨਸਲੀ ਨਫ਼ਰਤ ਤਹਿਤ ਅੰਨ੍ਹੇਵਾਹ ਗੋਲ਼ੀਆਂ ਵਰ੍ਹਾ ਕੇ ਉਹਨਾਂ ਨੂੰ ਬੇਰਹਿਮੀ ਨਾਲ਼ ਕਤਲ ਕਰ ਦਿੱਤਾ। ਇਸ ਨਫ਼ਰਤੀ ਹਮਲੇ ਦੀ ਸੰਸਾਰ ਭਰ ਵਿੱਚ ਨਿਖੇਧੀ ਕਰਦਿਆਂ ਹੰਝੂ ਵਹਾਏ ਗਏ, ਪੀੜਤ ਮੁਸਲਮਾਨ ਭਾਈਚਾਰੇ ਨਾਲ਼ ਹਮਦਰਦੀ ਪ੍ਰਗਟ ਕੀਤੀ ਗਈ। ਸਿੱਖਾਂ ਵੱਲੋਂ ਇਸ ਪੀੜਤ ਭਾਈਚਾਰੇ ਲਈ ਲੰਗਰ ਅਤੇ ਹੋਰ ਪ੍ਰਬੰਧ ਕੀਤੇ ਪਰ ਭਾਰਤੀ ਮੀਡੀਆ ਨੇ ਬੇਸ਼ਰਮੀ ਦੀ ਕੋਈ ਕਸਰ ਨਹੀਂ ਛੱਡੀ। ਇਹ ਮੁਸਲਮਾਨਾਂ ਪ੍ਰਤੀ ਭਾਰਤੀ ਮੀਡੀਆ ਦੇ ਨਫ਼ਰਤੀ ਪ੍ਰਗਟਾਵੇ ਦੀ ਉਦਾਹਰਣ ਹੈ ਕਿ 'ਨਿਊਜ਼ ਨੇਸ਼ਨ' ਟੀ. ਵੀ. ਚੈਨਲ ਨੇ ਇਸ ਹਮਲੇ ਨੂੰ ਪਾਕਿਸਤਾਨ ਨਾਲ਼ ਜੋੜਿਆ। 'ਨਿਊਜ਼ ਨੇਸ਼ਨ' ਦਾ ਐਂਕਰ ਇੱਕ ਵਾਰ ਨਹੀਂ ਵਾਰ ਵਾਰ ਕਹਿ ਰਿਹਾ ਸੀ ਕਿ ਨਿਊਜ਼ੀਲੈਂਡ 'ਚ ਹਮਲਾ ਕਰਨ ਵਾਲ਼ਾ ਪਾਕਿਸਤਾਨ ਦਾ ਫੈਨ ਸੀ ਤੇ ਪਾਕਿਸਤਾਨ ਅੱਤਵਾਦ ਦੀ ਜੜ੍ਹ ਹੈ। ਇਸ ਚੈਨਲ ਦਾ ਬੌਧਿਕ ਅੱਤਵਾਦ ਫਿਰ ਅੱਗੇ ਤੱਕ ਜਾਂਦਾ ਹੈ ਜਦੋਂ ਖ਼ਬਰ ਦਿੰਦਾ ਹੈ ਕਿ ਹੁਣ ਅਮਰੀਕਾ ਨੇ ਪਾਕਿਸਤਾਨੀ ਦੀ ਖਿਚਾਈ ਕੀਤੀ ਹੈ ਕਿ ਉਹ ਅੱਤਵਾਦ ਦੀ ਜੜ੍ਹ ਖ਼ਤਮ ਕਰੇ। ਮਸਜਿਦਾਂ 'ਤੇ ਹਮਲਾਵਰ ਵੱਲੋਂ ਇੱਕ ਪੰਨੇ ਦੀ ਲਿਖਤ ਮਿਲ਼ੀ, ਜਿਸ ਵਿੱਚ ਉਸ ਨੇ ਕਿਤੇ ਵੀ ਪਾਕਿਸਤਾਨ ਦਾ ਫੈਨ ਹੋਣ ਦੀ ਕੋਈ ਗੱਲ ਨਹੀਂ ਲਿਖੀ, ਹਾਂ ਮੁਸਲਮਾਨਾਂ ਪ੍ਰਤੀ ਨਸਲੀ ਨਫ਼ਰਤ ਭਰਿਆ ਉਹ ਭਾਰਤੀ ਰਾਸ਼ਟਰੀ ਮੀਡੀਆ ਵਾਂਗ ਜ਼ਹਿਰ ਜ਼ਰੂਰ ਉਗਲ਼ ਰਿਹਾ ਹੈ।

ਭਾਰਤੀ ਰਾਸ਼ਟਰਵਾਦੀ ਮੀਡੀਆ ਦੀ ਇਹ ਇੱਕ ਬੌਧਿਕ ਬੇਇਮਾਨੀ ਹੀ ਕਹੀ ਜਾ ਸਕਦੀ ਹੈ ਕਿ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਮੁਸਲਮਾਨ ਪਹਿਰਾਵੇ ਵਿੱਚ ਆ ਕੇ ਮੁਸਲਮਾਨ ਔਰਤਾਂ ਨੂੰ ਗਲ਼ੇ ਲਾ ਰਹੀ ਹੈ, ਇਹ ਖ਼ਬਰ 'ਮਿਸ' ਹੈ। ਨਿਊਜ਼ੀਲੈਂਡ ਵਿੱਚ ਗ਼ੈਰ ਮੁਸਲਮਾਨ ਮਸਜਿਦਾਂ ਅੱਗੇ ਫੁੱਲ ਲੈ ਕੇ ਖੜ੍ਹੇ ਹਨ ਤੇ ਆਖ ਰਹੇ ਨੇ 'ਮੁਸਲਮਾਨ ਵੀਰੋ ਨਮਾਜ ਪੜ੍ਹੋ, ਅਸੀਂ ਤੁਹਾਡੇ ਨਾਲ਼ ਹਾਂ' ਇਹ ਖ਼ਬਰ ਗਾਇਬ ਹੈ। ਪੀੜਤ ਮੁਸਲਮਾਨ ਪਰਿਵਾਰ ਲਈ ਸਿੱਖਾਂ ਨੇ 'ਫਰੀ ਕਿਚਨ' (ਲੰਗਰ) ਅਤੇ ਹੋਰ ਪ੍ਰਬੰਧ ਕੀਤਾ ਹੈ, ਇਹ ਖ਼ਬਰ ਵੀ ਭਾਰਤੀ ਰਾਸ਼ਟਰਵਾਦ ਰੰਗੇ ਮੀਡੀਆ ਨੂੰ ਨਹੀਂ ਦਿਸ ਰਹੀ। ਪੱਤਰਕਾਰਤਾ ਵਿੱਚ ਇੱਕ ਗੱਲ ਸਿਖਾਈ ਜਾਂਦੀ ਹੈ, Where is Doubt, Cut is Out ਪਰ ਭਾਰਤੀ ਰਾਸ਼ਟਰਵਾਦੀ ਮੀਡੀਆ ਹੀ ਆਪਣੇ ਆਪ ਵਿੱਚ Doubt ਭਾਵ ਸ਼ੱਕੀ ਹੈ। ਪੰਜਾਬੀ ਵਿੱਚ ਇੱਕ ਕਹਾਵਤ ਹੈ ਕਿ ਸਾਉਣ ਦੇ ਅੰਨ੍ਹੇ ਨੂੰ ਸਭ ਹਰਾ ਹੀ ਦਿਖਾਈ ਦਿੰਦਾ ਹੈ, ਇਹੀ ਹਾਲਤ ਭਾਰਤੀ ਰਾਸ਼ਟਰਵਾਦੀ ਮੀਡੀਆ ਹੈ, ਇਹ ਦੂਜੇ ਧਰਮਾਂ ਖ਼ਾਸ ਕਰਕੇ ਘੱਟ ਗਿਣਤੀ ਜਿਵੇਂ ਸਿੱਖਾਂ, ਮੁਸਲਮਾਨਾਂ ਅਤੇ ਦਲਿਤਾਂ ਆਦਿ ਪ੍ਰਤੀ ਆਪਣੇ ਦਿਮਾਗ਼ਾਂ ਵਿੱਚ ਜ਼ਹਿਰੀ ਮਾਨਸਿਕਤਾ ਨੂੰ ਪ੍ਰਫੁਲਤ ਕਰ ਰਹੇ ਹਨ ਅਤੇ ਇਸ ਨੂੰ ਵਾਰ ਵਾਰ ਬਾਹਰ ਕੱਢਦੇ ਨਜ਼ਰੀਂ ਪੈਂਦੇ ਹਨ। ਇਹਨਾਂ ਨੂੰ ਘੱਟ ਗਿਣਤੀ ਦਾ ਹਰ ਇੱਕ ਪੱਖ, ਹਰੇਕ ਸਰਗਰਮੀ ਇੱਥੋਂ ਤੱਕ ਕਿ ਸਾਹ ਲੈਣਾ ਵੀ 'ਅੱਤਵਾਦ' ਅਤੇ 'ਦੇਸ਼ ਧ੍ਰੋਹੀ' ਜਾਪਦਾ ਹੈ। ਇਹ ਉਹਨਾਂ ਦੀ ਅੱਖ਼ ਦਾ ਫਿਰਕੂ ਟੀਰ ਹੈ।

ਪੁਲਵਾਮਾ ਫਿਦਾਇਨ ਹਮਲੇ ਮਗਰੋਂ ਪੱਤਰਕਾਰਤਾ ਦੀ ਆੜ 'ਚ 'ਟੈਰਿਸਟ ਅਟੈਕ' - ਕਸ਼ਮੀਰ ਵਿੱਚ ਫਰਵਰੀ 20 19 'ਚ ਪੁਲਵਾਮਾ ਫਿਦਾਇਨ ਹਮਲੇ ਵਿੱਚ 40 ਭਾਰਤੀ ਫ਼ੌਜੀਆਂ ਦੀ ਮੌਤ ਹੋ ਗਈ। ਇਸ ਬਾਅਦ ਕੱਟੜਪੰਥੀ ਮੋਦੀ ਸਰਕਾਰ ਦੇ ਸੰਘ ਲਾਣੇ ਦਾ ਸਾਰਾ ਜ਼ੋਰ 40 ਮੌਤਾਂ 'ਤੇ ਲੋਕ ਸਭਾ ਦੀਆਂ ਸੀਟਾਂ ਹਾਸਲ ਕਰਨ 'ਤੇ ਲੱਗ ਗਿਆ। ਇਸ ਫਿਦਾਇਨ ਹਮਲੇ ਦੀ ਆੜ ਵਿੱਚ ਉਨ੍ਹਾਂ ਨੇ ਪਾਕਿਸਤਾਨ ਵਿਰੁੱਧ ਅਤਿ ਜ਼ਹਿਰੀਲਾ ਤੇ ਭੜਕਾਊ ਪ੍ਰਚਾਰ ਕੀਤਾ ਕਿ ਜਾਪਦਾ ਸੀ ਜਿਵੇਂ ਭਾਰਤੀ ਰਾਸ਼ਟਰਵਾਦੀ ਮੀਡੀਆ ਦੇ ਐਂਕਰ ਟੈਲੀਵਿਜ਼ਨ ਵਿੱਚੋਂ ਨਿਕਲ਼ ਕੇ ਪਾਕਿਸਤਾਨੀ ਟੈਂਕਾਂ ਨੂੰ ਉਡਾ ਦੇਣਗੇ। ਭਾਰਤੀ ਪੱਤਰਕਾਰਤਾ ਦੀ ਕਮਾਲ ਸੀ, ਹਰ ਫੌਤ ਹੋਏ ਫ਼ੌਜੀਆਂ ਦੇ ਵਾਰਸਾਂ, ਰਿਸ਼ਤੇਦਾਰਾਂ ਜਾਂ ਫਿਰ ਗੁਆਂਢੀਆਂ ਦੇ ਮੂੰਹੋਂ 'ਪਾਕਿਸਤਾਨੀ ਨੂੰ ਜਲਦੀ ਸਬਕ ਸਿਖਾਉਣ' ਦੀ ਗੱਲ ਕਹਾਈ ਜਾਂਦੀ ਸੀ। ਭਾਰਤੀ ਮੀਡੀਆ ਦੀ ਪਾਕਿਸਤਾਨ ਪ੍ਰਤੀ ਜ਼ਹਿਰ ਦੀ ਉਸ ਵੇਲ਼ੇ ਹੱਦ ਨਾ ਰਹੀ ਜਦੋਂ ਅੰਮ੍ਰਿਤਸਰ ਸਾਹਿਬ ਇਲਾਕੇ ਵਿੱਚ ਕੁਝ ਗਾਵਾਂ ਦੇ ਮਰਨ ਦੀ ਘਟਨਾ ਵਾਪਰੀ ਤੇ ਮੀਡੀਆ ਇਹ ਖ਼ਬਰਾਂ ਦੇ ਰਿਹਾ ਸੀ ਕਿ ਪਾਕਿਸਤਾਨ ਵੱਲੋਂ ਪੁਲਵਾਮਾ ਵਿੱਚ ਹਮਲੇ ਦੀ ਚਾੜ੍ਹੀ ਭਾਜੀ ਅਜੇ ਵਾਪਸ ਨਹੀਂ ਸੀ ਕੀਤੀ ਕਿ ਅੰਮ੍ਰਿਤਸਰ ਵਿੱਚ ਗਾਵਾਂ ਦੇ ਮਰਨ ਦੀ ਘਟਨਾ ਵਾਪਰ ਗਈ। ਇਸ ਨੂੰ ਆਂਹਦੇ ਨੇ ਕਿੱਧਰ ਬੁੜੀ ਦਾ ਮਰਨਾ, ਕਿੱਧਰ ਹੱਲ ਦਾ ਓਕੜੂ।

ਭਾਰਤੀ ਕੱਟੜਪੰਥੀ ਰਾਸ਼ਟਰਵਾਦ ਵਿੱਚ ਰੰਗੇ ਭਾਰਤ ਪ੍ਰਚਾਰ ਸਾਧਨਾਂ (ਜਿਵੇਂ ਪਹਿਲਾਂ ਰੇਡੀਓ, ਅਖ਼ਬਾਰ ਤੇ ਹੁਣ ਮੀਡੀਆ) ਵੱਲੋਂ ਇੱਕ-ਤਰਫ਼ਾ ਤੇ ਜ਼ਹਿਰੀ ਪ੍ਰਚਾਰ ਪਹਿਲਾ ਤੋਂ ਇੱਕ ਵਿਉਂਤਬੰਧ ਢੰਗ ਨਾਲ਼ ਜਾਰੀ ਹੈ, ਪਰ ਹਰ ਵਾਰ ਇਸ ਦਾ ਜ਼ੋਰ ਤੇ ਸ਼ੋਰ ਪਹਿਲਾਂ ਨਾਲ਼ੋਂ ਤਿੱਖਾ ਤੇ ਹੋਰ ਵੱਧਦਾ ਜਾ ਰਿਹਾ ਹੈ।

ਆਓ ਅਸੀਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਹੁੰਦਿਆਂ ਗੁਰੂ ਜੀ ਦੇ ਸਰਬੱਤ ਦਾ ਭਲ਼ੇ ਦੇ ਸਿਧਾਂਤ ਨੂੰ ਅਪਣਾਈਏ। ਆਮੀਨ।

# ਪੰਜਾਬੀ ਮਾਂ ਬੋਲੀ ਤੇ ਸਿੱਖ ਸਭਿਆਚਾਰ ਨੂੰ ਸੰਭਾਲੀ ਬੈਠਾ ਹੈ ਮਿਆਂਮਾਰ ਦਾ ਸਿੱਖ ਸਮਾਜ

- 43 ਸਿੱਖ ਪਰਿਵਾਰ ਰਹਿੰਦੇ ਨੇ ਕਾਚਿਨ ਦੀ ਰਾਜਧਾਨੀ ਮਾਇਟਕਾਇਨੀਆ 'ਚ
- ਮਿਆਂਮਾਰ ਦੀ ਅਰਥ-ਵਿਵਸਥਾ ਵਿਚ ਆਪਣਾ ਵਡਮੁੱਲਾ ਯੋਗਦਾਨ ਪਾ ਰਿਹਾ ਏ ਸਿੱਖ ਭਾਈਚਾਰਾ
- ਮਿਆਂਮਾਰ ਵਿਚ 50 ਦੇ ਕਰੀਬ ਮੌਜੂਦ ਨੇ ਗੁਰਦੁਆਰਾ ਸਾਹਿਬਾਨ









ਮਿਆਂਮਾਰ/ਬਿਊਰੋ ਨਿਊਜ਼ :

ਨੇਪਾਲ ਦੇ ਨਾਲ-ਨਾਲ ਮਿਆਂਮਾਰ ਵਰਗੇ ਦੇਸ਼ ਵਿਚ ਵੀ ਸਿੱਖਾਂ ਦੀ ਕੁੱਝ ਆਬਾਦੀ ਰਹਿੰਦੀ ਹੈ, ਜੋ ਕਿ ਸ਼ੁੱਧ ਪੰਜਾਬੀ ਬੋਲਦੀ ਹੈ। ਮਿਆਂਮਾਰ ਦੇ ਸੂਬੇ ਕਾਚਿਨ ਦੀ ਰਾਜਧਾਨੀ ਮਾਇਟਕਾਇਨੀਆ ਵਿਚ 43 ਸਿੱਖ ਪਰਿਵਾਰ ਪਿਛਲੇ ਲੰਬੇ ਸਮੇਂ ਤੋਂ ਰਹਿ ਰਹੇ ਹਨ, ਜਿਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਕੁੱਲ ਗਿਣਤੀ 280 ਦੇ ਕਰੀਬ ਹੈ। ਮਿਆਂਮਾਰ ਦੇ ਸਿੱਖਾਂ ਨੇ ਵੀ ਇੱਥੇ ਬਹੁਤ ਹੀ ਸੁੰਦਰ ਗੁਰਦੁਆਰਾ ਸਾਹਿਬ ਸਥਾਪਿਤ ਕੀਤਾ ਹੋਇਆ ਹੈ। ਮਿਆਂਮਾਰ ਦੇ ਸੂਬੇ ਕਾਚਿਨ ਦੀ ਰਾਜਧਾਨੀ ਮਾਇਟਕਾਇਨੀਆ ਵਿਚ 43 ਸਿੱਖ ਪਰਿਵਾਰ ਪਿਛਲੇ ਲੰਬੇ ਸਮੇਂ ਤੋਂ ਰਹਿ ਰਹੇ ਹਨ, ਜਿਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਕੁੱਲ ਗਿਣਤੀ 280 ਦੇ ਕਰੀਬ ਹੈ। ਇੱਥੇ ਰਹਿਣ ਵਾਲੇ ਸਾਰੇ ਸਿੱਖ ਪਰਿਵਾਰ ਆਪੋ ਆਪਣੇ ਵੱਖ-ਵੱਖ ਕਾਰੋਬਾਰ ਕਰਦੇ ਹਨ ਅਤੇ ਮਿਆਂਮਾਰ ਦੀ ਅਰਥ-ਵਿਵਸਥਾ ਵਿਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ। ਦਰਅਸਲ ਪਹਿਲਾਂ ਜਦੋਂ ਇਸ ਦੇਸ਼ ਦਾ ਨਾਂਅ ਬਰਮਾ ਹੀ ਸੀ ਤਾਂ ਉਸ ਵੇਲੇ ਇੱਥੇ ਸਿੱਖਾਂ ਦੀ ਗਿਣਤੀ 10 ਹਜ਼ਾਰ ਤੋਂ ਵੀ ਜ਼ਿਆਦਾ ਸੀ ਪਰ ਹੁਣ ਪੂਰੇ ਮਿਆਂਮਾਰ ਵਿਚ ਇਹ ਘੱਟ ਕੇ ਮਹਿਜ਼ ਦੋ ਤੋਂ ਤਿੰਨ ਹਜ਼ਾਰ ਦੇ ਕਰੀਬ ਰਹਿ ਗਈ ਹੈ। ਇੱਥੇ ਰਹਿਣ ਵਾਲੇ ਸਾਰੇ ਸਿੱਖ ਪਰਿਵਾਰ ਆਪੋ ਆਪਣੇ ਵੱਖ-ਵੱਖ ਕਾਰੋਬਾਰ ਕਰਦੇ ਹਨ ਅਤੇ ਮਿਆਂਮਾਰ ਦੀ ਅਰਥ-ਵਿਵਸਥਾ ਵਿਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ। ਦਰਅਸਲ ਪਹਿਲਾਂ ਜਦੋਂ ਇਸ ਦੇਸ਼ ਦਾ ਨਾਂਅ ਬਰਮਾ ਹੀ ਸੀ ਤਾਂ ਉਸ ਵੇਲੇ ਇੱਥੇ ਸਿੱਖਾਂ ਦੀ ਗਿਣਤੀ 10 ਹਜ਼ਾਰ ਤੋਂ ਵੀ ਜ਼ਿਆਦਾ ਸੀ ਪਰ ਹੁਣ ਪੂਰੇ ਮਿਆਂਮਾਰ ਵਿਚ ਇਹ ਘੱਟ ਕੇ ਮਹਿਜ਼ ਦੋ ਤੋਂ ਤਿੰਨ ਹਜ਼ਾਰ ਦੇ ਕਰੀਬ ਰਹਿ ਗਈ ਹੈ। ਉਹ ਸਾਰੇ ਧਰਮਾਂ ਦੇ ਲੋਕਾਂ ਨਾਲ ਮਿਲ-ਜੁਲ ਕੇ ਰਹਿੰਦੇ ਹਨ ਤੇ ਗੁਰੂ ਸਾਹਿਬਾਨ ਦੇ ਸੱਚੇ ਸਿੱਖਾਂ ਵਜੋਂ ਵਿਚਰਦੇ ਹਨ। ਮਿਆਂਮਾਰ ਦੇ ਯੈਂਗੋਨ ਅਤੇ ਮਾਂਡਲੇ ਤੋਂ ਬਾਅਦ ਇਸ ਵੇਲੇ ਮਾਇਟਕਾਇਨੀਆ ਵਿਚ ਹੀ ਸਭ ਤੋਂ ਵੱਧ ਸਿੱਖਾਂ ਦੀ ਆਬਾਦੀ ਹੈ। ਵੈਸੇ ਲੈਸ਼ੀਓ, ਤੌਂਗਈ, ਮੋਗੋਕ ਤੇ ਪਿਯਾਬਵੇ ਜਿਹੇ ਸ਼ਹਿਰਾਂ ਵਿਚ ਵੀ ਸਿੱਖਾਂ ਦੀ ਕਾਫ਼ੀ ਆਬਾਦੀ ਵਸੀ ਹੋਈ ਹੈ। ਫ਼ਰੰਟੀਅਰ ਮਿਆਂਮਾਰ ਵੱਲੋਂ ਪ੍ਰਕਾਸ਼ਿਤ ਐਮਿਲੀ ਫਿਸ਼ਬੇਨ ਦੀ ਰਿਪੋਰਟ ਅਨੁਸਾਰ ਸਮੁੱਚੇ ਮਿਆਂਮਾਰ ਵਿਚ ਇਸ ਵੇਲੇ 50 ਦੇ ਕਰੀਬ ਗੁਰਦੁਆਰਾ ਸਾਹਿਬਾਨ ਮੌਜੂਦ ਹਨ।

**ਯੂਥ ਵੱਲ ਧਿਆਨ ਦੇ ਰਹੇ ਹਨ ਸਿੱਖ ਪਰਿਵਾਰ-**
ਗਰਮੀਆਂ ਦੀਆਂ ਛੁੱਟੀਆਂ ਦੌਰਾਨ ਗੁਰਦੁਆਰਿਆਂ ਵਿਚ ਸਿੱਖ ਬੱਚਿਆਂ ਦੀਆਂ ਵਿਸ਼ੇਸ਼ ਗੁਰਮਤਿ ਕਲਾਸਾਂ ਵੀ ਲਗਾਈਆਂ ਜਾਂਦੀਆਂ ਹਨ। ਹੋਰ ਨਾਗਰਿਕਾਂ ਨਾਲ ਆਮ ਬੋਲਚਾਲ ਵੇਲੇ ਇਹ ਸਿੱਖ ਬਰਮੀ ਭਾਸ਼ਾ ਹੀ ਬੋਲਦੇ ਹਨ ਪਰ ਆਪਣੇ ਘਰਾਂ ਅਤੇ ਗੁਰਦੁਆਰਾ ਸਾਹਿਬਾਨ ਵਿਚ ਸ਼ੁੱਧ ਪੰਜਾਬੀ ਹੀ ਚੱਲਦੀ ਹੈ।

**ਕੀ ਹੈ ਮਿਆਂਮਾਰ ਦੇ ਸਿੱਖਾਂ ਦਾ ਇਤਿਹਾਸ-**
ਮਿਆਂਮਾਰ ਦੇ ਮਾਇਟਕਾਇਨੀਆ ਦੇ ਸਭ ਤੋਂ ਵੱਡੀ ਉਮਰ ਦੀ 92 ਸਾਲਾ ਸਿੱਖ ਬਜ਼ੁਰਗ ਔਰਤ ਭਗਵੰਤ ਕੌਰ ਅਨੁਸਾਰ ਉਨ੍ਹਾਂ ਦੇ ਪਿਤਾ ਇੰਗਲੈਂਡ ਦੀ ਫ਼ੌਜ ਵਿਚ ਸਿਪਾਹੀ ਸਨ ਤੇ ਦੂਜੇ ਵਿਸ਼ਵ ਯੁੱਧ ਦੌਰਾਨ ਉਹ ਬਰਮਾ ਆਏ ਸਨ। ਉਸ ਵੇਲੇ ਬਰਮਾ 'ਤੇ ਇੰਗਲੈਂਡ ਦੀ ਹਕੂਮਤ ਹੁੰਦੀ ਸੀ। ਦੂਜਾ ਵਿਸ਼ਵ ਯੁੱਧ ਖ਼ਤਮ ਹੋਣ ਤੋਂ ਬਾਅਦ ਉਹ ਬ੍ਰਿਟਿਸ਼ ਭਾਰਤ ਦੇ ਸ਼ਹਿਰ ਰਾਵਲਪਿੰਡੀ (ਹੁਣ ਪਾਕਿਸਤਾਨ ਵਿਚ) ਵਿਖੇ ਰਹਿੰਦੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਗਏ ਸਨ ਪਰ ਛੇਤੀ ਹੀ 1947 ਦੀ ਗੜਬੜੀ ਸ਼ੁਰੂ ਹੋ ਗਈ ਸੀ ਅਤੇ ਭਾਰਤ ਵਿਚੋਂ ਇੱਕ ਵੱਖਰੇ ਦੇਸ਼ ਪਾਕਿਸਤਾਨ ਦੀ ਸਥਾਪਨਾ ਹੋਈ।

ਭਗਵੰਤ ਕੌਰ ਦੇ ਕਾਚਿਨ ਸੂਬੇ ਵਿਚ ਪਰਤ ਆਏ, ਜਿੱਥੇ ਬਾਅਦ ਵਿਚ ਉਨ੍ਹਾਂ ਦਾ ਵਿਆਹ ਹੋਇਆ ਤੇ ਛੇ ਬੱਚੇ ਹੋਏ। ਸਾਲ 1948 ਵਿਚ ਜਦੋਂ ਬਰਮਾ ਨੂੰ ਅੰਗਰੇਜ਼ ਹਕੂਮਤ ਤੋਂ ਆਜ਼ਾਦੀ ਮਿਲੀ, ਤਦ ਕਾਚਿਨ ਸੂਬੇ ਦੀ ਰਾਜਧਾਨੀ ਵਾਇੰਗਮਾਅ ਤੋਂ ਮਾਇਟਕਾਇਨੀਆ ਤਬਦੀਲ ਹੋ ਗਈ। ਜ਼ਿਆਦਾਤਰ ਸਿੱਖਾਂ ਨੇ ਵੀ ਰਾਜਧਾਨੀ ਵਿਚ ਹੀ ਰਹਿਣਾ ਪਸੰਦ ਕੀਤਾ ਸੀ। ਫਿਰ ਜਦੋਂ 1962 ਵਿਚ ਜਨਰਲ ਨੀ ਵਿਨ ਨੇ ਬਰਮਾ ਦੀ ਸੱਤਾ ਸੰਭਾਲੀ ਤਾਂ ਬਰਮਾ ਮੂਲ ਤੋਂ ਬਾਹਰਲੇ ਲੋਕਾਂ ਦਾ ਜਿਊਣਾ ਮੁਹਾਲ ਹੋ ਗਿਆ। ਸਾਲ 1948 ਵਿਚ ਜਦੋਂ ਬਰਮਾ ਨੂੰ ਅੰਗਰੇਜ਼ ਹਕੂਮਤ ਤੋਂ ਆਜ਼ਾਦੀ ਮਿਲੀ, ਉਸ ਵੇਲੇ ਕਾਚਿਨ ਸੂਬੇ ਦੀ ਰਾਜਧਾਨੀ ਵਾਇੰਗਮਾਅ ਤੋਂ ਮਾਇਟਕਾਇਨੀਆ ਵਿਚ ਤਬਦੀਲ ਹੋ ਗਈ ਸੀ। ਜ਼ਿਆਦਾਤਰ ਸਿੱਖਾਂ ਨੇ ਵੀ ਰਾਜਧਾਨੀ ਵਿਚ ਹੀ ਰਹਿਣਾ ਪਸੰਦ ਕੀਤਾ ਸੀ। ਫਿਰ ਜਦੋਂ 1962 ਵਿਚ ਜਨਰਲ ਨੀ ਵਿਨ ਨੇ ਬਰਮਾ ਦੀ ਸੱਤਾ ਸੰਭਾਲੀ ਤਾਂ ਬਰਮਾ ਮੂਲ ਤੋਂ ਬਾਹਰਲੇ ਲੋਕਾਂ ਦਾ ਜਿਊਣਾ ਮੁਹਾਲ ਹੋ ਗਿਆ।

ਸਿੱਖਾਂ ਨਾਲ ਹੋਈਆਂ ਵਧੀਕੀਆਂ-
ਉਸ ਸਮੇਂ ਦੌਰਾਨ ਸਿੱਖਾਂ ਨਾਲ ਵੀ ਬਹੁਤ ਸਾਰੀਆਂ ਵਧੀਕੀਆਂ ਹੋਈਆਂ। ਇੱਥੋਂ ਤਕ ਕਿ ਭਾਰਤ ਤੋਂ ਆਏ ਸਾਰੇ ਲੋਕਾਂ 'ਤੇ ਉੱਚ-ਸਿੱਖਿਆ ਹਾਸਲ ਕਰਨ 'ਤੇ ਪਾਬੰਦੀ ਤਕ ਲੱਗਾ ਦਿੱਤੀ ਗਈ ਸੀ। ਅੱਤਿਆਚਾਰ ਕਰਕੇ ਲੋਕਾਂ ਨੂੰ ਦੇਸ਼ ਛੱਡਣ ਲਈ ਮਜਬੂਰ ਕੀਤਾ ਗਿਆ ਪਰ ਇਸ ਸਭ ਦੇ ਬਾਵਜੂਦ ਇੱਥੇ ਵੱਸਦੇ ਸਿੱਖਾਂ ਨੇ ਦੇਸ਼ ਨਹੀਂ ਛੱਡਿਆ, ਪਰ ਹੁਣ ਸਮਾਂ ਪੂਰੀ ਤਰ੍ਹਾਂ ਬਦਲ ਗਿਆ ਹੈ, ਹੁਣ ਇੱਥੇ ਰਹਿ ਰਹੇ ਸਿੱਖਾਂ ਨਾਲ ਕਿਸੇ ਤਰ੍ਹਾਂ ਦਾ ਕੋਈ ਵਿਤਕਰਾ ਨਹੀਂ ਹੁੰਦਾ।

## 200 ਕਰੋੜ ਦੀ ਲਾਗਤ ਨਾਲ ਬਣਿਆ ਗੁਰੂ ਨਾਨਕ ਦਰਬਾਰ ਦੁਬਈ

ਦੁਬਈ ਦੇ ਜਬਲ ਅਲੀ ਇਲਾਕੇ ਵਿਚ ਸੁਸ਼ੋਭਿਤ ਆਲੀਸ਼ਾਨ ਗੁਰਦੁਆਰਾ ਸਾਹਿਬ ਇਸਲਾਮਿਕ ਮੁਲਕ ਵਿਚ ਸਿੱਖਾਂ ਦੀ ਹੋਂਦ ਦਰਸਾ ਰਿਹਾ ਹੈ। ਇਥੇ ਕਰੀਬ ਇੱਕ ਲੱਖ ਸਿੱਖ ਅਤੇ 40 ਹਜ਼ਾਰ ਤੋਂ ਵੱਧ ਸਿੰਧੀ ਹਨ। ਇਸੇ ਲਈ ਦੁਬਈ ਵਿਚ ਨਾਨਕ ਨਾਮ ਲੇਵਾ ਸੰਗਤਾਂ ਨੇ ਗੁਰਦੁਆਰਾ ਸਾਹਿਬ , ਗੁਰੂ ਨਾਨਕ ਦਰਬਾਰ ਦੁਬਈ ਦਾ ਨਿਰਮਾਣ ਕਰਵਾਇਆ ਹੈ। ਇਹ ਗੁਰਦੁਆਰਾ ਸਾਹਿਬ ਪੂਰੀ ਦੁਨੀਆ ਵਿਚ ਆਪਣੀ ਖ਼ੂਬਸੂਰਤੀ ਕਰਕੇ ਜਾਣਿਆ ਜਾਂਦਾ ਹੈ। ਸੁਰਿੰਦਰ ਸਿੰਘ ਕੰਧਾਰੀ, ਚੇਅਰਮੈਨ ਗੁਰਦੁਆਰਾ ਸਾਹਿਬ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ 25400 ਸੁਕੇਅਰ ਫੁੱਟ ਜਗ੍ਹਾ ਵਿਚ ਬਣਿਆ ਹੈ। ਗੁਰਦੁਆਰਾ ਸਾਹਿਬ 'ਤੇ 100 ਮਿਲੀਅਨ ਦਰਾਮ ਯਾਨੀ ਕਰੀਬ 200 ਕਰੋੜ ਰੁਪਏ ਦੀ ਲਾਗਤ ਆਈ ਹੈ। ਇਥੇ 3000 ਸੰਗਤ ਲਈ ਬਿਨਾਂ ਕਿਸੇ ਬੁਰਜੀ (ਪਿੱਲਰ) ਵਾਲਾ ਹਾਲ ਹੈ। ਗੁਰਦੁਆਰਾ ਸਾਹਿਬ ਸਵੇਰ 4:30 ਤੋਂ ਰਾਤ 10:00 ਵਜੇ ਤੱਕ ਸੰਗਤਾਂ ਲਈ ਖੁੱਲ੍ਹਾ ਰਹਿੰਦਾ ਹੈ। 1500 ਸ਼ਰਧਾਲੂ ਰੋਜ਼ ਦਰਸ਼ਨ ਕਰਦੇ ਹਨ, ਜਦ ਕਿ ਛੁੱਟੀ ਵਾਲੇ ਦਿਨ 15000 ਸ਼ਰਧਾਲੂ ਆਉਂਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਗੁਰਪੁਰਬ ਮੌਕੇ 50-60 ਹਜ਼ਾਰ ਸ਼ਰਧਾਲੂ ਦਰਸ਼ਨ ਕਰਦੇ ਹਨ। ਇਥੇ 50,000 ਸੰਗਤਾਂ ਲਈ ਇੱਕੋ ਵੇਲੇ ਲੰਗਰ ਤਿਆਰ ਕਰਨ ਦੀ ਸਮਰੱਥਾ ਹਨ। ਹਰ ਧਰਮ ਲਈ ਗੁਰੂ ਦਾ ਦਰਬਾਰ ਖੁੱਲ੍ਹਾ ਰਹਿੰਦਾ ਹੈ। ਗੁਰਦੁਆਰਾ ਸਾਹਿਬ ਵਿਚ ਹੀ ਮੁਸਲਿਮ ਧਰਮ ਲਈ ਇਫਤਾਰ ਪਾਰਟੀ ਹੁੰਦੀ ਹੈ। ਗੁਰਦੁਆਰਾ ਸਾਹਿਬ ਦੇ ਨਾਮ 2 ਗਿਨੀਜ਼ ਬੁੱਕ ਆਫ ਰਿਕਾਰਡ ਬਣੇ ਹਨ। ਇਥੇ 2016 ਵਿਚ 101 ਮੁਲਕਾਂ ਦੀ ਸੰਗਤ ਨੇ ਇਕੱਠੇ ਬੈਠ ਕੇ ਲੰਗਰ ਛਕਿਆ।

# ਗੱਤਕਾ ਪੇਟੈਂਟ ਕਰਾਉਣ ਲਈ ਦਸਤਾਵੇਜ਼ਾਂ ਨਾਲ ਛੇੜਛਾੜ : ਗਰੇਵਾਲ

## *20 ਕਰੋੜੀ ਗੱਤਕਾ ਲੀਗ ਦੀਆਂ ਰਸੀਦਾਂ ਫ਼ਰਜ਼ੀ, ਸਟੇਡੀਅਮ ਦੀ ਜਾਅਲੀ ਬੁਕਿੰਗ ਦਾ ਪਰਦਾਫ਼ਾਸ਼*

**ਚੰਡੀਗੜ੍ਹ/ਏਟੀ ਨਿਊਜ਼ :**
ਸਿੱਖ ਸ਼ਸ਼ਤਰ ਵਿੱਦਿਆ ਅਤੇ ਗੱਤਕਾ ਨੂੰ ਟਰੇਡਮਾਰਕ ਕਾਨੂੰਨ ਤਹਿਤ ਪੇਟੈਂਟ ਕਰਵਾਉਣ ਵਿਰੁੱਧ ਦੇਸ਼-ਵਿਦੇਸ਼ ਵਿੱਚ ਵਸਦੇ ਸਮੁੱਚੇ ਸਿੱਖਾਂ ਅਤੇ ਗੱਤਕਾ ਜਥੇਬੰਦੀਆਂ ਪੂਰਨ ਰੋਹ ਵਿਚ ਹਨ। ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਵੱਲੋਂ ਸਬੰਧਤ ਵਿਅਕਤੀ ਨੂੰ ਤਲਬ ਕਰਨ ਅਤੇ ਇਸ ਪੇਟੈਂਟ ਨੂੰ ਤੁਰੰਤ ਰੱਦ ਕਰਵਾਉਣ ਦੀ ਸ਼ਿਕਾਇਤ ਸਿੱਖਾਂ ਦੀ ਸੁਪਰੀਮ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਕੋਲ ਵੀ ਪਹੁੰਚ ਚੁੱਕੀ ਹੈ ਪਰ ਇਸੇ ਦੌਰਾਨ ਪੇਟੈਂਟ ਕਰਵਾਉਣ ਵਾਲੇ ਕੰਪਨੀ ਅਤੇ ਉਸ ਦੇ ਮਾਲਕ ਵੱਲੋਂ ਦਿੱਲੀ ਵਿੱਚ 20 ਕਰੋੜ ਰੁਪਏ ਖਰਚਕੇ ਗੱਤਕੇ ਦੀ ਵਰਲਡ ਲੀਗ ਕਰਾਉਣ, ਜਾਅਲੀ ਬੁਕਿੰਗ ਰਸੀਦਾਂ ਛਾਪਣ ਅਤੇ ਕੰਪਨੀਆਂ ਸਥਾਪਤ ਕਰਨ ਨੂੰ ਲੈ ਕੇ ਕਾਫੀ ਨਵੇਂ ਰਾਜ਼ ਸਾਹਮਣੇ ਆਏ ਹਨ।

ਇੱਥੇ ਇੱਕ ਪ੍ਰੈੱਸ ਕਾਨਫ਼ਰੰਸ ਦੌਰਾਨ ਇਹ ਖੁਲਾਸੇ ਕਰਦਿਆਂ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਸਟੇਟ ਐਵਾਰਡੀ ਨੇ ਦੱਸਿਆ ਕਿ ਦਿੱਲੀ ਦੇ ਜਿਸ ਸ਼ਖਸ, ਹਰਪ੍ਰੀਤ ਸਿੰਘ ਖਾਲਸਾ, ਨੇ ਟਰੇਡਮਾਰਕ ਕਾਨੂੰਨ ਤਹਿਤ ਗੱਤਕਾ ਅਤੇ ਸਿੱਖ ਯੁੱਧ ਕਲਾ ਨੂੰ ਪੇਟੈਂਟ ਕਰਵਾਇਆ ਹੈ ਉਸ ਵੱਲੋਂ 22 ਮਾਰਚ ਤੋਂ 28 ਮਾਰਚ ਤੱਕ ਦਿੱਲੀ ਦੇ ਜਵਾਹਰ ਲਾਲ ਨਹਿਰੂ ਸਟੇਡੀਅਮ ਵਿੱਚ ਜਨਤਕ ਤੌਰ 'ਤੇ ਐਲਾਨੀ ਵਰਲਡ ਗੱਤਕਾ ਲੀਗ ਕਰਵਾਉਣਾ ਵੀ ਇੱਕ ਕੋਰਾ ਝੂਠ ਸਾਬਤ ਹੋਇਆ ਹੈ। ਇੰਨ੍ਹਾ ਹੀ ਨਹੀਂ ਇਸ ਵਿਅਕਤੀ ਨੇ ਆਪਣੀਆਂ ਤਿੰਨ ਵੈੱਬਸਾਈਟਾਂ ਉਤੇ ਵਰਲਡ ਗੱਤਕਾ ਲੀਗ ਉੱਪਰ ਖਰਚੇ ਜਾਣ ਵਾਲੇ 20 ਕਰੋੜ ਰੁਪਏ ਦਾ ਤਜ਼ਵੀਜ਼ਤ ਵੇਰਵਾ ਵੀ ਪੇਸ਼ ਕੀਤਾ ਹੈ ਪਰ ਅਸਲ ਵਿੱਚ ਇਸ ਲੀਗ ਦੇ ਨਾਮ 'ਤੇ ਗੱਤਕਾ ਖਿਡਾਰੀਆਂ ਨਾਲ ਧੋਖਾ ਹੋਇਆ ਹੈ ਕਿਉਂਕਿ ਜੇਤੂ ਟੀਮਾਂ ਲਈ ਇੱਕ ਕਰੋੜ ਰੁਪਏ, ਦੂਜੇ ਸਥਾਨ ਲਈ 75 ਲੱਖ ਰੁਪਏ ਅਤੇ ਤੀਜੇ ਸਥਾਨ 'ਤੇ ਆਉਣ ਟੀਮ ਨੂੰ 50 ਲੱਖ ਰੁਪਏ ਨਗਦ ਇਨਾਮ ਦੇਣ ਦਾ ਜਨਤਕ ਐਲਾਨ ਵੀ ਵੈਬਸਾਈਟ ਅਤੇ ਹੋਰ ਸ਼ੋਸ਼ਲ ਮੀਡੀਆ ਉਪਰ ਕੀਤਾ ਹੋਇਆ ਸੀ।

ਹੁਣ ਇਸ ਵਿਅਕਤੀ ਵੱਲੋਂ ਇਹ ਵਰਲਡ ਗੱਤਕਾ ਲੀਗ 6 ਅਪ੍ਰੈਲ ਤੋਂ ਕਰਾਉਣ ਦਾ ਸ਼ੋਸ਼ਾ ਛੱਡਿਆ ਗਿਆ ਹੈ ਅਤੇ ਦਾਅਵਾ ਕੀਤਾ ਹੈ ਕਿ ਇਸ ਲੀਗ ਦਾ ਉਦਘਾਟਨ ਵੀ ਪ੍ਰਧਾਨ ਮੰਤਰੀ ਵੱਲੋਂ ਹੀ ਕੀਤਾ ਜਾਵੇਗਾ ਪਰ ਲੱਗਾ ਹੈ ਕਿ ਪ੍ਰਧਾਨ ਮੰਤਰੀ ਦਫਤਰ ਨੇ ਅਜਿਹੇ ਕਿਸੇ ਵੀ ਸਮਾਗਮ ਲਈ ਕੋਈ ਤਰੀਕ ਨਹੀਂ ਦਿੱਤੀ। ਇਸ ਤੋਂ ਇਲਾਵਾ ਇਸੇ ਸ਼ਖਸ਼ ਵੱਲੋਂ ਆਪਣੇ ਇੱਕ ਈ-ਪੇਪਰ ਸਾਡਾ ਹੱਕ ਸਮੇਤ ਵੈਬਸਾਈਟਾਂ ਅਤੇ ਸ਼ੋਸ਼ਲ ਮੀਡੀਆ ਉਪਰ ਸਾਈ ਦੀ ਸਹਾਇਤਾ ਨਾਲ 40 ਗੱਤਕਾ ਕੋਚਾਂ ਦੀਆਂ ਅਸਾਮੀਆਂ ਭਰਨ ਲਈ ਪ੍ਰਚਾਰ ਕੀਤਾ ਜਾ ਰਿਹਾ ਹੈ ਜਿੰਨਾਂ ਨੂੰ ਆਪਣੀ ਕੰਪਨੀ ਵੱਲੋਂ 30 ਹਜ਼ਾਰ ਰੁਪਏ ਪ੍ਰਤੀ ਮਹੀਨਾ ਸਮੇਤ ਮਹਿੰਗਾਈ ਭੱਤਾ, ਸਫ਼ਰ ਭੱਤਾ ਆਦਿ ਦੇਣ ਅਤੇ 30 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਸਾਈ ਵੱਲੋਂ ਦੇਣ ਦਾ ਭਰੋਸਾ ਗੱਤਕਾ ਖਿਡਾਰੀਆਂ ਨੂੰ ਦਿੱਤਾ ਜਾ ਰਿਹਾ ਹੈ ਪਰ ਜਦੋਂ ਇਸ ਸਬੰਧੀ ਸਾਈ ਦੇ ਅਧਿਕਾਰੀਆਂ ਨਾਲ ਗੱਲ ਕੀਤੀ ਤਾਂ ਉਨਾਂ ਗੱਤਕੇ ਲਈ ਅਜਿਹੀ ਕੋਈ ਵੀ ਅਸਾਮੀ ਦੀ ਰਚਨਾ ਹੋਣ ਜਾਂ ਭਰਤੀ ਕਰਨ ਤੋਂ ਕੋਰੀ ਨਾਂਹ ਕੀਤੀ ਹੈ ਅਤੇ ਸ਼ਿਕਾਇਤ ਮਿਲਣ 'ਤੇ ਸਾਈ ਦੇ ਨਾਮ 'ਤੇ ਧਾਂਦਲੀ ਕਰਨ ਵਾਲੇ ਖਿਲਾਫ਼ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।




**ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ, ਸੰਯੁਕਤ ਸਕੱਤਰ ਉਦੇ ਸਿੰਘ ਸਰਹਿੰਦ ਅਤੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਦੇ ਵਿੱਤ ਸਕੱਤਰ ਬਲਜੀਤ ਸਿੰਘ ਚੰਡੀਗੜ੍ਹ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ।**

ਉਨ੍ਹਾਂ ਖੁਲਾਸਾ ਕੀਤਾ ਕਿ ਇਸ ਵਿਅਕਤੀ ਵੱਲੋਂ ਦੇਸ਼-ਵਿਦੇਸ਼ ਵਿੱਚੋਂ ਚੰਦਾ ਇਕੱਠਾ ਕਰਨ ਦੇ ਨਾਂਅ ਹੇਠਾਂ ਸਪੋਰਟਸ ਅਥਾਰਟੀ ਆਫ਼ ਇੰਡੀਆ (ਸਾਈ) ਦੇ ਨਾਵਾਂ ਵਾਲੀਆਂ ਦੋ ਜਾਅਲੀ ਰਸੀਦਾਂ ਛਪਵਾਈਆਂ ਗਈਆਂ ਜਿਨ੍ਹਾਂ ਵਿੱਚੋਂ ਇੱਕ ਰਸੀਦ ਇੱਕ ਕਰੋੜ 75 ਲੱਖ ਰੁਪਏ ਅਤੇ ਦੂਜੀ ਰਸੀਦ 25 ਲੱਖ ਰੁਪਏ ਦੀ ਜ਼ਮਾਨਤ ਜ਼ਮਾਂ ਕਰਵਾਉਣ ਬਾਰੇ ਹੈ ਜਦਕਿ ਸਾਈ ਵੱਲੋਂ ਅਜਿਹੀਆਂ ਰਸੀਦਾਂ ਜਾਰੀ ਕਰਨ ਤੋਂ ਸਪੱਸ਼ਟ ਇਨਕਾਰ ਕੀਤਾ ਗਿਆ ਹੈ। ਪਤਾ ਕਰਨ 'ਤੇ ਸਾਈ ਦੇ ਅਧਿਕਾਰੀਆਂ ਦਾ ਕਹਿਣਾ ਸੀ ਕਿ ਸਟੇਡੀਅਮ ਦੀ ਬੁਕਿੰਗ ਲਈ ਉਨ੍ਹਾਂ ਰਸੀਦਾਂ ਹੀ ਨਹੀਂ ਛਪਵਾਈਆਂ ਕਿਉਂਕਿ ਸਟੇਡੀਅਮ ਦੀ ਬੁਕਿੰਗ ਤਾਂ ਆਨਲਾਈਨ ਹੀ ਹੁੰਦੀ ਹੈ। ਉਨ੍ਹਾਂ ਮਾਰਚ ਮਹੀਨੇ ਜਵਾਹਰ ਲਾਲ ਨਹਿਰੂ ਸਟੇਡੀਅਮ ਕਿਸੇ ਗੱਤਕਾ ਟੂਰਨਾਮੈਂਟ ਲਈ ਬੁੱਕ ਹੋਣ ਤੋਂ ਵੀ ਕੋਰੀ ਨਾਂਹ ਕੀਤੀ ਅਤੇ ਰਸੀਦਾਂ ਨੂੰ ਵੀ ਜਾਅਲੀ ਕਰਾਰ ਦਿੱਤਾ ਹੈ। ਸਾਈ ਦੇ ਉੱਚ ਅਧਿਕਾਰੀਆਂ ਨੇ ਲਿਖਤੀ ਸ਼ਿਕਾਇਤ ਮਿਲਣ 'ਤੇ ਫ਼ਰਜ਼ੀ ਰਸੀਦਾਂ ਤਿਆਰ ਕਰਕੇ ਸਾਈ ਦੇ ਨਾਮ ਦਾ ਦੁਰਉਪਯੋਗ ਕਰਨ ਵਾਲੇ ਦੋਸ਼ੀਆਂ ਖਿਲਾਫ ਪੁਲੀਸ ਕੋਲ ਸ਼ਿਕਾਇਤ ਦਰਜ ਕਰਾਉਣ ਦਾ ਭਰੋਸਾ ਦਿੱਤਾ ਹੈ।

ਗੱਤਕਾ ਪ੍ਰਮੋਟਰ ਹਰਜੀਤ ਸਿੰਘ ਗਰੇਵਾਲ ਨੇ ਦੱਸਿਆ ਕਿ ਉਨ੍ਹਾਂ ਟਰੇਡਮਾਰਕ ਅਥਾਰਟੀ ਤੋਂ ਆਰਟੀਆਈ ਰਾਹੀਂ ਗੱਤਕਾ ਅਤੇ ਸਿੱਖ ਯੁੱਧ ਕਲਾ ਨੂੰ ਪੇਟੈਂਟ ਕਰਵਾਉਣ ਸਬੰਧੀ ਅਰਜੀਕਾਰ ਵੱਲੋਂ ਦਾਖਲ ਕੀਤੇ ਸਾਰੇ ਦਸਤਾਵੇਜ਼ ਮੰਗੇ ਹਨ ਤਾਂ ਜੋ ਗੁਰੂ ਸਾਹਿਬਾਨ ਵੱਲੋਂ ਸਿੱਖਾਂ ਨੂੰ ਬਖਸ਼ੀ ਇਸ ਦਾਤ ਅਤੇ ਪੁਰਾਤਨ ਯੁੱਧ ਵਿੱਦਿਆ ਨੂੰ ਕਿਸੇ ਇੱਕ ਵਿਅਕਤੀ ਵੱਲੋਂ ਆਪਣੇ ਨਾਂਅ ਹੇਠ ਮਾਲਕੀਅਤ ਦਰਜ ਕਰਾਉਣ ਸਬੰਧੀ ਦਿੱਤੇ ਸਬੂਤਾਂ ਅਤੇ ਦਸਤਾਵੇਜ਼ਾਂ ਦੀ ਪੜਚੋਲ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਮੁੱਢਲੀ ਪੜਤਾਲ ਤੋਂ ਪਾਇਆ ਹੈ ਕਿ ਇਸ ਵਿਅਕਤੀ ਨੇ ਆਪਣੀਆਂ ਤਿੰਨ ਵੈੱਬਸਾਈਟਾਂ ਉਤੇ ਪੇਟੈਂਟ ਕਰਵਾਉਣ ਸਬੰਧੀ ਪਾਏ ਦਸਤਾਵੇਜ਼ਾਂ ਵਿੱਚ ਵੀ ਛੇੜਛਾੜ ਕੀਤੀ ਹੋਈ ਹੈ ਅਤੇ ਟਰੇਡਮਾਰਕ ਅਥਾਰਟੀ ਵੱਲੋਂ ਜਾਰੀ ਸਰਕਾਰੀ ਦਸਤਾਵੇਜ਼ਾਂ ਵਿੱਚ ਦਿੱਤੇ ਸੰਪਰਕ ਨੰਬਰ ਅਤੇ ਈਮੇਲ ਬਦਲਕੇ ਕੋਈ ਹੋਰ ਨਿੱਜੀ ਈਮੇਲ ਅਤੇ ਨੰਬਰ ਲਿਖੇ ਹੋਏ ਹਨ ਜੋ ਕਿ ਸਰਕਾਰੀ ਦਸਤਾਵੇਜ਼ਾਂ ਨਾਲ ਛੇੜਛਾੜ ਕਰਨ ਦਾ ਸਪੱਸ਼ਟ ਫ਼ਰਦ ਜ਼ੁਰਮ ਆਇਦ ਹੁੰਦਾ ਹੈ।

ਗਰੇਵਾਲ ਨੇ ਇਹ ਵੀ ਦੱਸਿਆ ਕਿ ਪਿਛਲੇ ਦਿਨੀਂ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਅਤੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਵੱਲੋਂ ਦਿੱਲੀ ਦੇ ਇਸ ਸ਼ਖਸ ਵੱਲੋਂ ਗੱਤਕੇ ਨੂੰ ਪੇਟੈਂਟ ਕਰਾਉਣ ਸਬੰਧੀ ਕੀਤੇ ਖੁਲਾਸਿਆਂ ਪਿੱਛੋਂ ਇਸ ਵਿਅਕਤੀ ਨੇ ਆਪਣੀਆਂ ਤਿੰਨੋਂ ਵੈੱਬਸਾਈਟਾਂ ਬੰਦ ਕਰ ਦਿੱਤੀਆਂ ਹਨ ਪਰ ਉਨ੍ਹਾਂ ਨੇ ਇਨ੍ਹਾਂ ਵੈੱਬਸਾਈਟਾਂ ਦਾ ਸਾਰਾ ਰਿਕਾਰਡ ਸੰਭਾਲ ਲਿਆ ਹੈ ਅਤੇ ਉਨਾਂ ਦਸਤਾਵੇਜ਼ਾਂ ਦੀ ਇੱਕ ਨਕਲ ਸ੍ਰੀ ਅਕਾਲ ਤਖਤ ਸਾਹਿਬ ਨੂੰ ਵੀ ਸੌਂਪ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਇਸ ਵਿਅਕਤੀ ਨੇ ਪੰਜ ਵੱਖ-ਵੱਖ ਨਾਂਅ ਟਰੇਡਮਾਰਕ ਕਾਨੂੰਨ ਤਹਿਤ ਪੇਟੈਂਟ ਕਰਵਾਉਣ ਲਈ ਅਰਜੀਆਂ ਲਾਈਆਂ ਸਨ ਜਿੰਨ੍ਹਾਂ ਵਿੱਚ ਗੱਤਕਾ ਅਤੇ ਸਿੱਖ ਸ਼ਸ਼ਤਰ ਕਲਾ ਸਮੇਤ ਇੰਡੀਅਨ ਗੱਤਕਾ ਫੈਡਰੇਸ਼ਨ, ਵਰਲਡ ਗੱਤਕਾ ਲੀਗ ਅਤੇ ਸੁਪਰ ਗੱਤਕਾ ਕਾਨਫੈਡਰੇਸ਼ਨ ਸ਼ਾਮਲ ਹਨ। ਗਰੇਵਾਲ ਨੇ ਦੱਸਿਆ ਕਿ ਜਿਉਂ ਹੀ ਉਨ੍ਹਾਂ ਦੀ ਗੱਤਕਾ ਜਥੇਬੰਦੀ ਨੂੰ ਇਹ ਪੇਟੈਂਟ ਕਰਵਾਉਣ ਦੀ ਸੂਹ ਮਿਲੀ ਤਾਂ ਉਨ੍ਹਾਂ ਭਾਰਤੀ ਟਰੇਡਮਾਰਕ ਅਥਾਰਿਟੀ ਕੋਲ ਆਪਣਾ ਲਿਖਤੀ ਰੋਸ ਜ਼ਾਹਰ ਕਰਵਾਇਆ ਜਿਸ ਪਿੱਛੋਂ ਪਤਾ ਲੱਗਾ ਹੈ ਕਿ ਇਨ੍ਹਾਂ ਵਿੱਚੋਂ ਕੁੱਝ ਨਾਵਾਂ ਉੱਤੇ ਟ੍ਰੇਡਮਾਰਕ ਅਥਾਰਟੀ ਨੇ ਫਿਲਹਾਲ ਰੋਕ ਲਾ ਦਿੱਤੀ ਹੈ।

**ਬਾਕੀ ਸਫ਼ਾ 30 'ਤੇ**

# ਗੁਰਤੇਜ ਸਿੰਘ ਪੰਜਾਬ ਦੀ ਕਿਸਾਨੀ ਲਈ ਬਣਿਆ ਮਿਸਾਲ

**ਸੰਗਤ ਮੰਡੀ/ਏਟੀ ਨਿਊਜ਼ :** ਸੰਗਤ ਮੰਡੀ ਦੇ ਪਿੰਡ ਮਛਾਣਾ ਦਾ ਅਗਾਂਹਵਧੂ ਕਿਸਾਨ ਗੁਰਤੇਜ ਸਿੰਘ ਹੋਰਨਾਂ ਕਿਸਾਨਾਂ ਲਈ ਮਿਸਾਲ ਬਣ ਰਿਹਾ ਹੈ। ਗੁਰਤੇਜ ਸਿੰਘ ਜਿੱਥੇ ਫਲਾਂ ਦੇ ਬਾਗ਼ ਤੇ ਸਬਜ਼ੀਆਂ ਵਿੱਚੋਂ ਚੰਗਾ ਮੁਨਾਫ਼ਾ ਕਮਾ ਰਿਹਾ ਹੈ, ਉੱਥੇ ਹੀ ਪਾਣੀ ਦੀ ਬੱਚਤ ਕਰਦੇ ਹੋਏ ਡਰਿੱਪ ਸਿਸਟਮ ਰਾਹੀਂ ਸਿੰਚਾਈ ਕਰਦਾ ਹੈ। ਕਿਸਾਨ ਨੇ ਆਪਣੀ 5 ਏਕੜ ਜ਼ਮੀਨ ਵਿਚ ਵੱਖ-ਵੱਖ ਤਰ੍ਹਾਂ ਦੀਆਂ ਸਬਜ਼ੀਆਂ ਉਗਾਈਆਂ ਹੋਈਆਂ ਹਨ ਤੇ 10 ਏਕੜ ਜ਼ਮੀਨ ਵਿਚ ਕਿੰਨੂਆਂ ਦਾ ਬਾਗ਼ ਲਗਾਇਆ ਹੋਇਆ ਹੈ। ਗੁਰਤੇਜ ਸਿੰਘ ਨੇ ਕਿਸਾਨਾਂ ਨੂੰ ਚੰਗਾ ਮੁਨਾਫ਼ਾ ਕਮਾਉਣ ਲਈ ਆਧੁਨਿਕ ਖੇਤੀ ਕਰਨ ਦੀ ਅਪੀਲ ਕੀਤੀ ਹੈ।



ਗੁਰਤੇਜ ਸਿੰਘ ਕੁੱਝ ਸਮਾਂ ਪਹਿਲਾਂ ਆਪਣੇ ਬੇਟੇ ਕੋਲ ਕੈਨੇਡਾ ਗਿਆ ਸੀ, ਜਿੱਥੇ ਉਨ੍ਹਾਂ ਨੇ ਫਲਾਂ ਦੇ ਬਾਗ਼ ਅਤੇ ਆਧੁਨਿਕ ਤਰੀਕੇ ਨਾਲ ਵਿਦੇਸ਼ੀ ਖੇਤੀ ਹੁੰਦਿਆਂ ਦੇਖੀ ਅਤੇ ਪਿੰਡ ਆ ਕੇ ਖੇਤੀ ਕਰਨ ਦਾ ਫ਼ੈਸਲਾ ਕੀਤਾ। ਗੁਰਤੇਜ ਸਿੰਘ ਨੇ ਇਲਾਕੇ ਵਿਚ ਪਹਿਲਾ ਪੋਲੀ ਹਾਊਸ ਲਗਾਇਆ ਜਿਸ ਵਿਚ ਗੁਰਤੇਜ ਨੇ ਆਪਣੀ 5 ਏਕੜ ਜ਼ਮੀਨ ਵਿਚ ਵੱਖ-ਵੱਖ ਤਰ੍ਹਾਂ ਦੀਆਂ ਸਬਜ਼ੀਆਂ ਉਗਾਈਆਂ ਹੋਈਆਂ ਹਨ ਕਿਸਾਨ ਨੇ 10 ਏਕੜ ਜ਼ਮੀਨ ਵਿਚ ਕਿੰਨੂਆਂ ਦਾ ਬਾਗ਼ ਲਗਾਇਆ ਹੋਇਆ ਹੈ। ਬਾਗ਼ ਦੀ ਖ਼ਾਸ ਗੱਲ ਇਹ ਹੈ ਹਰ ਬੂਟੇ ਤੇ ਨੰਬਰ ਲਗਾਇਆਂ ਗਿਆ ਜੇ ਕਰ ਕਿਸੇ ਵੀ ਬੂਟੇ ਨੂੰ ਕੋਈ ਮੁਸ਼ਕਲ ਨਾਂ ਨਰਮ ਹੁੰਦਾ ਹੈ ਤਾਂ ਉਸ ਦਾ ਨੰਬਰ ਨੋਟ ਕਰ ਕੇ ਖ਼ਾਸ ਧਿਆਨ ਰੱਖਿਆਂ ਜਾਂਦਾ ਹੈ। ਗੁਰਤੇਜ ਸਿੰਘ ਨੇ ਕਿਸਾਨਾਂ ਨੂੰ ਜ਼ੋਰਦਾਰ ਅਪੀਲ ਕਰਦਿਆਂ ਕਿਹਾ ਕਿ ਉਹ ਆਧੁਨਿਕ ਖੇਤੀ ਕਰਨ ਜਿਸ ਨਾਲ ਚੰਗਾ ਮੁਨਾਫ਼ਾ ਹੁੰਦਾ ਹੈ। ਕਿਸਾਨ ਗੁਰਤੇਜ ਸਿੰਘ ਡਰਿੱਪ ਸਿਸਟਮ ਰਾਹੀਂ ਸਿੰਚਾਈ ਕਰਦਾ ਹੈ। ਡਰਿੱਪ ਸਿਸਟਮ ਨਾਲ ਪਾਣੀ ਦੀ 60 ਫ਼ੀਸਦੀ ਬੱਚਤ ਹੁੰਦੀ ਹੈ। ਇਸ ਦੇ ਨਾਲ ਨਾਲ ਖਾਂਦਾ ਦੀ ਵੀ ਬੱਚਤ ਹੁੰਦੀ ਹੈ ਤੇ ਲੋੜ ਮੁਤਾਬਿਕ ਸਿਰਫ਼ ਬੂਟੇ ਨੂੰ ਹੀ ਖਾਦ ਮਿਲਦੀ ਹੈ। ਗੁਰਤੇਜ ਸਿੰਘ ਨੇ ਦੱਸਿਆ ਕਿ ਜਿੱਥੇ ਤਿੰਨ ਏਕੜ ਨੂੰ 6-7 ਘੰਟੇ ਪਾਣੀ ਲੱਗਦਾ ਹੈ ਤਾਂ ਡਰਿੱਪ ਸਿਸਟਮ ਨਾਲ ਅੱਧੇ ਘੰਟੇ ਵਿੱਚ ਤਿੰਨ ਏਕੜ ਬਾਗ਼ ਨੂੰ ਪਾਣੀ ਲੱਗ ਜਾਂਦਾ ਹੈ।

# ਆਸਟ੍ਰੇਲੀਆਈ ਪਾਵਰਲਿਫਟਿੰਗ ਮੁਕਾਬਲਿਆਂ 'ਚ ਪੰਜਾਬ ਦੇ ਅਜੇ ਗੋਗਨਾ ਨੇ ਗੋਲਡ ਮੈਡਲ ਜਿੱਤਿਆ

ਬ੍ਰਿਸਬੇਨ/ਸੁਰਿੰਦਰਪਾਲ ਖ਼ੁਰਦ : ਆਸਟ੍ਰੇਲੀਆ ਦੇ ਸ਼ਹਿਰ ਗੋਲਡ ਕੋਸਟ ਵਿਖੇ 12 ਤੋਂ 17 ਮਾਰਚ ਤਕ ਹੋਈ ਏਸ਼ੀਅਨ ਪੈਸੀਫਿਕ ਕਲਾਸਿਕ ਪਾਵਰਲਿਫਟਿੰਗ ਅਤੇ ਬੈਂਚ ਪ੍ਰੈਸ ਦੇ ਮੁਕਾਬਲਿਆਂ 'ਚ ਪੰਜਾਬ ਦੇ ਅੰਤਰਰਾਸ਼ਟਰੀ ਪਾਵਰਲਿਫਟਰ ਅਜੇ ਗੋਗਨਾ ਵਾਸੀ ਭੁਲੱਥ ਨੇ ਪਾਵਰ ਲਿਫਟਿੰਗ ਵਿਚ ਸਭ ਤੋਂ ਵੱਧ ਬੈਂਚ ਪ੍ਰੈਸ ਲਾ ਕੇ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਜਿੱਤਿਆ ਹੈ। ਇਸ ਸਬੰਧੀ ਮੀਡੀਆ ਨਾਲ ਗੱਲਬਾਤ ਕਰਦਿਆਂ 26 ਸਾਲਾ ਪਾਵਰਲਿਫਟਰ ਅਜੇ ਗੋਗਨਾ ਸਪੁੱਤਰ ਪਰਵਾਸੀ ਪੱਤਰਕਾਰ ਰਾਜ ਗੋਗਨਾ (ਯੂਐਸਏ) ਨੇ ਦੱਸਿਆ ਕਿ ਪਿਛਲੇ ਸਾਲ ਦੁਬਈ 'ਚ ਹੋਏ ਪੂਰੇ ਏਸ਼ੀਆ ਦੇ ਮੁਕਾਬਲਿਆਂ ਵਿਚ ਉਸ ਨੇ ਕਾਂਸੇ ਦਾ ਤਗਮਾ ਜਿੱਤ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਸੀ। ਹੁਣ ਉਹ ਪਾਵਰ ਲਿਫਟਿੰਗ ਇੰਡੀਆ ਨਾਂ ਦੀ ਫੈਡਰੇਸ਼ਨ ਵਲੋਂ ਖੇਡਦਾ ਹੈ ਤੇ ਪਾਵਰਲਿਫਟਿੰਗ 'ਚ ਅਨੇਕਾਂ ਹੀ ਕਲੱਬਾਂ ਵਲੋਂ ਮਾਣਮੱਤੇ ਇਨਾਮ ਹਾਸਲ ਕਰ ਚੁੱਕਾ ਹੈ। ਪੰਜਾਬ ਵਿਚ ਉਹ "ਸਟਰੌਂਗਮੈਨ ਆਫ ਪੰਜਾਬ" ਦਾ ਟਾਈਟਲ ਵੀ ਜਿੱਤ ਚੁੱਕਿਆ ਹੈ। ਅਜੇ ਗੋਗਨਾ ਨੇ ਦੱਸਿਆ ਕਿ ਇਸ ਤੋਂ ਬਾਅਦ ਉਹ ਭਾਰਤ ਦੀ ਤਰਫੋਂ ਜਪਾਨ 'ਚ ਖੇਡਣ ਜਾ ਰਿਹਾ ਹੈ ਅਤੇ ਉਸ ਦਾ ਸੁਪਨਾ ਹੈ ਕਿ ਉਹ ਆਪਣੇ ਦੇਸ਼ ਅਤੇ ਸੂਬੇ ਲਈ ਜਪਾਨ ਤੋਂ ਵੀ ਗੋਲਡ ਮੈਡਲ ਪ੍ਰਾਪਤ ਕਰੇ।



# ਗੁਰੂ ਨਾਨਕ ਦੇਵ ਜੀ ਬਾਰੇ ਬਣ ਰਹੀ ਦਸਤਾਵੇਜ਼ੀ ਫਿਲਮ ਨੂੰ ਕਾਮਯਾਬ ਕਰਨ ਹਿੱਤ ਸਮਾਗਮ

**ਨਿਊਯਾਰਕ/ਰਾਜ ਗੋਗਨਾ :**
ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਮੈਂਬਰਾਂ ਨੇ ਗੁਰੂ ਨਾਨਕ ਦੇਵ ਜੀ ਬਾਰੇ ਬਣ ਰਹੀ ਦਸਤਾਵੇਜ਼ੀ ਫ਼ਿਲਮ ਦੇ ਕਾਰਜ ਲਈ ਭਾਰੀ ਉਤਸ਼ਾਹ ਦਿਖਾਇਆ ਹੈ। ਨੈਸ਼ਨਲ ਸਿੱਖ ਕੈਂਪੇਨ ਵਲੋਂ ਇਸ ਡਾਕੂਮੈਂਟਰੀ ਦਾ ਸਮਰਥਨ ਕੀਤਾ ਗਿਆ ਹੈ। ਇਸ ਫ਼ਿਲਮ ਦੇ ਪ੍ਰੀਮੀਅਰ ਸ਼ੋਅ ਅਮਰੀਕਾ ਅਤੇ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਆਯੋਜਿਤ ਕਰਨ ਬਾਰੇ ਵੀ ਵਿਉਂਤ ਬਣ ਰਹੀ ਹੈ।




ਇਸ ਸਬੰਧੀ ਹੋਏ ਸਮਾਗਮ ਵਿਚ ਦਲੇਰ ਸਿੰਘ ਨੇ ਬੱਚਿਆਂ ਦਾ ਗੱਤਕਾ ਸ਼ੋਅ ਪੇਸ਼ ਕੀਤਾ। 20 ਤੋਂ ਵੱਧ ਨੌਜਵਾਨਾਂ ਨੇ ਆਪਣਾ ਹੁਨਰ, ਸਿੱਖ ਮਾਰਸ਼ਲ ਆਰਟ ਪ੍ਰਦਰਸ਼ਿਤ ਕੀਤਾ। ਤਰਲੋਕ ਚੁੱਘ, ਜੋ ਕਿ ਪੰਜਾਬੀ ਚੁਟਕਲਿਆਂ ਕਰਕੇ ਮਸ਼ਹੂਰ ਹਨ, ਖਾਸ ਤੌਰ' ਤੇ ਕੈਲਗਰੀ, ਕੈਨੇਡਾ ਤੋਂ ਆਏ। ਡਾ. ਰਾਜਵੰਤ ਸਿੰਘ ਨੇ ਦਸਤਾਵੇਜ਼ੀ ਫ਼ਿਲਮ ਦੀ ਯੋਜਨਾ 'ਤੇ ਇਕ ਵਿਸਥਾਰਤ ਪੇਸ਼ਕਾਰੀ ਦਿੱਤੀ। ਉਹਨਾਂ ਨੇ ਕਿਹਾ, "ਇਸ ਫ਼ਿਲਮ ਦਾ ਉਦੇਸ਼ ਪੂਰੇ ਦੇਸ਼ ਵਿਚ ਅਮਰੀਕੀਆਂ ਤੱਕ ਗੁਰੂ ਨਾਨਕ ਦਾ ਸੰਦੇਸ਼ ਪਹੁੰਚਾਉਣਾ ਹੈ। ਇਸ ਤੋਂ ਇਲਾਵਾ ਐਨ. ਐਸ.ਸੀ. ਇਸ ਸਾਲ ਗੁਰੂ ਨਾਨਕ ਦੇਵ ਜੀ ਦੀ 550 ਵੀਂ ਜਨਮ ਵਰ੍ਹੇਗੰਢ ਦੇ ਦੌਰਾਨ ਸੋਸ਼ਲ ਮੀਡੀਆ ਵਿਚ ਪੂਰੀ ਤਰ੍ਹਾਂ ਪ੍ਰਚਾਰ ਮੁਹਿੰਮ ਬਾਰੇ ਵੀ ਯੋਜਨਾ ਹੈ। ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਮਾਸਟਰ ਮਹਿੰਦਰ ਸਿੰਘ ਨੇ ਕਿਹਾ, ਕਿ "ਹਰੇਕ ਸਿੱਖ ਗੁਰੂ ਨਾਨਕ ਦੇਵ ਦੁਆਰਾ ਬਹੁਤ ਡੂੰਘਾ ਪ੍ਰੇਰਿਤ ਹੈ ਅਤੇ ਸਾਨੂੰ ਇਸ ਮਹੱਤਵਪੂਰਨ ਸਾਲ ਦੌਰਾਨ ਇਸ ਮਹਾਨ ਕਾਰਜ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੇ ਅਮਰੀਕੀ ਮਿੱਤਰਾਂ ਨੂੰ ਗੁਰੂ ਨਾਨਕ ਜੀ ਬਾਰੇ ਦੱਸ ਸਕੀਏ। ਸਿੱਖ ਨੇਤਾ ਰਘਬੀਰ ਸਿੰਘ ਸੁਭਾਨਪੁਰ ਨੇ ਕਿਹਾ, "ਅਸੀਂ ਖੁਸ਼ ਹਾਂ ਕਿ ਭਾਰਤ ਅਤੇ ਪਾਕਿਸਤਾਨ ਇਸ ਮਹੱਤਵਪੂਰਨ ਵਰ੍ਹੇਗੰਢ ਦੇ ਦੌਰਾਨ ਦੋ ਦੇਸ਼ਾਂ ਵਿਚਾਲੇ ਇਕ ਕੋਰੀਡੋਰ ਬਣਾ ਰਹੇ ਹਨ ਅਤੇ ਇਸੇ ਤਰ੍ਹਾਂ ਇਹ ਮਹੱਤਵਪੂਰਨ ਹੈ ਕਿ ਅਸੀਂ ਇਸ ਸਮੇਂ ਦੌਰਾਨ ਸਿੱਖ ਭਾਈਚਾਰੇ ਅਤੇ ਹੋਰ ਭਾਈਚਾਰਿਆਂ ਵਿਚਕਾਰ ਸਾਂਝਾਂ ਦੇ ਪੁਲ ਬਣਾਈਏ। ਇਹ ਦਸਤਾਵੇਜ਼ੀ ਫ਼ਿਲਮ ਸਾਨੂੰ ਇਸ ਟੀਚੇ ਨੂੰ ਪ੍ਰਾਪਤ ਕਰਨ ਵਿਚ ਮਦਦ ਕਰੇਗੀ।" ਗੁਰਦੁਆਰਾ ਸਾਹਿਬ ਦੇ ਉਪ ਪ੍ਰਧਾਨ ਜੁਗਵਿੰਦਰ ਸਿੰਘ ਨੇ ਕਿਹਾ, ਕਿ "ਅਮਰੀਕਾ ਵਿਚ ਸਿੱਖਾਂ ਦੀ ਅਗਲੀ ਪੀੜ੍ਹੀ ਲਈ ਇਹ ਪ੍ਰੋਜੈਕਟ ਬਹੁਤ ਮਦਦਗਾਰ ਹੋਵੇਗਾ ਜੋ ਕਿ ਸਿੱਖ ਧਰਮ ਬਾਰੇ ਅਗਿਆਨਤਾ ਕਾਰਨ ਸਕੂਲਾਂ ਵਿਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।" ਇਕ ਨੌਜਵਾਨ ਕਾਰਕੁੰਨ ਮਨਮੀਤ ਕੌਰ ਨੇ ਕਿਹਾ, ਕਿ "ਗੁਰੂ ਨਾਨਕ ਅਤੇ ਸਿੱਖ ਧਰਮ ਬਾਰੇ ਕੋਈ ਨਹੀਂ ਜਾਣਦਾ। ਇਸ ਸਾਲ ਲੋਕਾਂ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਅਸੀਂ ਕੌਣ ਹਾਂ ਅਤੇ ਗੁਰੂ ਨਾਨਕ ਦਾ ਸੰਦੇਸ਼ ਕੀ ਹੈ।" ਗਿਆਨੀ ਜਸਪਾਲ ਸਿੰਘ, ਗ੍ਰੰਥੀ ਗੁਰਦੁਆਰਾ ਮੱਖਣ ਸ਼ਾਹ ਲੁਬਾਣਾ ਨੇ ਕਿਹਾ, ਕਿ "ਸਾਨੂੰ ਸਾਰੇ ਸਿੱਖ ਜਗਤ ਨੂੰ ਇਕੱਠਿਆਂ ਹੋ ਕੇ ਗੁਰੂ ਨਾਨਕ ਸਾਹਿਬ ਬਾਰੇ ਵੱਧ ਤੋਂ ਵੱਧ ਅਜੋਕੇ ਢੰਗ ਤਰੀਕਿਆਂ ਨਾਲ ਪ੍ਰਚਾਰ ਕਰਨਾ ਚਾਹਿਦਾ ਹੈ।"

ਕਮਿਊਨਿਟੀ ਦੇ ਯੁਵਾ ਨੇਤਾ ਸਿਮਰਜੀਤ ਸਿੰਘ ਨੇ ਕਿਹਾ, ਕਿ "ਗੁਰੂ ਨਾਨਕ ਦੇਵ ਜੀ ਤੇ ਡਾਕੂਮੈਂਟਰੀ ਬਣਾਉਣ ਦਾ ਪੂਰਾ ਸਮਰਥਨ ਕਰਨਾ ਚਾਹੀਦਾ ਹੈ। ਗੁਰਦੁਆਰੇ ਦੇ ਸਕੱਤਰ ਹਿੰਮਤ ਸਿੰਘ ਮਹਿਮਦਪੁਰ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਪ੍ਰੋਜੈਕਟ ਦਾ ਸਮਰਥਨ ਕੀਤਾ।

ਇਸ ਮੌਕੇ ਗੁਰਮੇਜ ਸਿੰਘ, ਸਤਨਾਮ ਸਿੰਘ, ਪ੍ਰੀਤਮ ਸਿੰਘ ਗਿਲਜੀਆਂ, ਸਤਨਾਮ ਸਿੰਘ, ਬੇਗੋਵਾਲ ਸੇਵਾ ਸੁਸਾਇਟੀ ਦੇ ਪਰਮਜੀਤ ਸਿੰਘ ਬੇਗੋਵਾਲ ਨੇ ਵੀ ਆਪਣੇ ਵਿਚਾਰ ਰੱਖੇ।

# ਸੰਗਤ ਨੂੰ ਅਪੀਲ



**ਵਾਹਿਗੁਰੂ ਜੀ ਕਾ ਖਾਲਸਾ ।।**
**ਵਾਹਿਗੁਰੂ ਜੀ ਕੀ ਫਤਿਹ ।।**

ਗੁਰਦੁਆਰਾ ਸੁਧਾਰ ਕਮੇਟੀ ਦੀ ਤਰਫ਼ੋਂ, ਅਸੀਂ ਤੁਹਾਨੂੰ ਹੋਲਾ-ਮਹੱਲਾ ਦੇ ਸ਼ੁਭ ਮੌਕੇ ਉਤੇ ਵਧਾਈ ਦਿੰਦੇ ਹਾਂ। ਅਰਦਾਸ ਕਰਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਤੁਹਾਡੇ ਪਰਿਵਾਰਾਂ ਅਤੇ ਸਮੁੱਚੇ ਖਾਲਸਾ ਪੰਥ ਦੇ ਸਿਰ ਉਤੇ ਹੱਥ ਰੱਖਣ।

ਗੁਰਦੁਆਰਾ ਸੁਧਾਰ ਕਮੇਟੀ ਨੇ ਸਾਧ ਸੰਗਤ ਦੇ ਹੱਕਾਂ ਲਈ ਲੜਾਈ ਲੜੀ ਅਤੇ ਗੁਰਦੁਆਰਾ ਸਾਹਿਬ ਸੈਨਹੋਜ਼ੇ ਉਤੇ ਕਬਜ਼ਾ ਕਰਨ ਵਾਲੀ ਕਮੇਟੀ ਦੇ ਵਿਰੁੱਧ ਇੱਕ ਲੰਮੀ ਅਤੇ ਮਹਿੰਗੀ ਕਾਨੂੰਨੀ ਲੜਾਈ (2011-2015) ਤੋਂ ਬਾਅਦ ਜਨਰਲ ਬਾਡੀ ਦੇ ਮੈਂਬਰਾਂ ਦੇ ਵੋਟਿੰਗ ਅਧਿਕਾਰਾਂ ਨੂੰ ਮੁੜ ਬਹਾਲ ਕਰਵਾਇਆ। ਹੁਣ ਵਿਰੋਧੀ ਧਿਰ ਵਾਲੇ ਆਪਣੇ ਪਰਿਵਾਰ ਦੇ ਮੈਂਬਰਾਂ ਜਾਂ ਦੋਸਤਾਂ ਨੂੰ ਪਰਦੇ ਪਿੱਛੇ ਮੈਂਬਰ ਵੱਜੋਂ ਰਜਿਸਟਰਡ ਕਰਨ ਦਾ ਕੰਮ ਰਹੇ ਹਨ ਅਤੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਰਜਿਸਟਰਡ ਨਾ ਕਰਨ ਦਾ ਕੋਈ ਨਾ ਕੋਈ ਬਹਾਨਾ ਲੱਭਦੇ ਰਹਿੰਦੇ ਹਨ। ਇਹ ਪਿਛਲੇ ਕਈ ਸਾਲ ਤੋਂ ਹੋ ਰਿਹਾ ਹੈ। ਵੋਟਰਾਂ ਨਾਲ ਇਹ ਫਰਾਡ ਬੰਦ ਕੀਤਾ ਜਾਵੇ।

ਅਸੀਂ ਗੁਰਦੁਆਰਾ ਸਾਹਿਬ ਦੀ ਮੈਂਬਰਸ਼ਿਪ ਸੂਚੀ ਨੂੰ ਸਾਡੇ ਨਾਲ ਸਾਂਝਾ ਕਰਨ ਲਈ ਕਈ ਵਾਰੀ ਇਸ ਕਮੇਟੀ ਨੂੰ ਲਿਖਿਆ ਹੈ। ਗੁਰਦੁਆਰਾ ਸਾਹਿਬ ਦੇ ਬਾਈਲਾਅਜ਼ ਅਤੇ ਕੋਰਟ ਦੇ ਹੁਕਮ ਅਨੁਸਾਰ ਗੁਰਦੁਆਰਾ ਸਾਹਿਬ ਦੇ ਸਾਂਝੇ ਕਾਰਜ ਲਈ ਮੈਂਬਰਸ਼ਿਪ ਸੂਚੀ ਕਿਸੇ ਵੀ ਮੈਂਬਰ ਨਾਲ ਸਾਂਝੀ ਕੀਤੀ ਜਾ ਸਕਦੀ ਹੈ। ਅਸੀਂ ਇਸ ਲਿਸਟ ਲਈ ਇਕ ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਬੇਨਤੀ ਕਰ ਰਹੇ ਹਾਂ ਪਰ ਗੁਰਦੁਆਰਾ ਕਮੇਟੀ ਨੇ ਸਾਡੇ ਨਾਲ ਇਹ ਗੱਲ ਸਾਂਝੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

2017 ਦੀ ਅਖੌਤੀ ਚੋਣ ਵਿੱਚ ਅਸੀਂ ਚੋਣ ਪ੍ਰਕਿਰਿਆ ਲਈ ਸਹਿਮਤ ਹੋ ਗਏ ਸਾਂ ਕਿਉਂਕਿ ਇਸ ਕਮੇਟੀ ਨੇ ਸਾਨੂੰ ਵਿਸ਼ਵਾਸ ਦਿਵਾਇਆ ਸੀ ਕਿ ਵਿਰੋਧੀ ਧਿਰ ਗੁਰਦੁਆਰੇ ਦੇ ਸਾਂਝੇ ਮਾਮਲਿਆਂ ਵਿਚ ਆਪਣੀ ਰਾਏ ਰੱਖ ਸਕੇਗੀ ਅਤੇ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੀ ਸਟੇਜ ਉਤੇ ਸਮਾਂ ਦਿੱਤਾ ਜਾਵੇਗਾ ਤਾਂ ਕਿ ਉਹ ਆਪਣੇ ਵਿਚਾਰ ਰੱਖ ਸਕਣ। ਅਸੀਂ ਇਸ ਵਾਸਤੇ ਸੰਗਤ ਦੇ ਪੈਸਿਆਂ ਨੂੰ ਬਚਾਉਣ ਅਤੇ ਬੇਲੋੜੇ ਤਣਾਅ ਤੋਂ ਬਚਣ ਲਈ ਸਹਿਮਤ ਹੋਏ ਪਰ ਗੁਰਦੁਆਰਾ ਕਮੇਟੀ ਆਪਣੇ ਲਿਖਤੀ ਵਾਅਦੇ ਪੂਰੇ ਕਰਨ ਵਿਚ ਅਸਫਲ ਰਹੀ ਹੈ

**1**

**ਅਤੀਤ ਵਿਚ ਇਸ ਕਮੇਟੀ ਨੇ ਵੋਟਰ ਰਜਿਸਟ੍ਰੇਸ਼ਨ ਵਿਚ ਵੱਡੀਆਂ ਬੇਨਿਯਮੀਆਂ ਕੀਤੀਆਂ ਹਨ ਅਤੇ ਜਨਰਲ ਬਾਡੀ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਖਾਸ ਤੌਰ 'ਤੇ ਉਹ ਵਿਰੋਧੀ ਧਿਰ ਨਾਲ ਸਬੰਧਿਤ ਮੈਂਬਰ ਵੀ ਜ਼ਿੰਮੇਵਾਰ ਹਨ, ਜਿਨ੍ਹਾਂ ਨੇ 17 ਅਪ੍ਰੈਲ 2011 ਨੂੰ ਜਨਰਲ ਬਾਡੀ ਨੂੰ ਠੀਕ ਢੰਗ ਨਾਲ ਸੂਚਿਤ ਕੀਤੇ ਬਗੈਰ ਹੀ ਖੁਦ ਨੂੰ ਮੈਂਬਰ ਚੁਣਿਆ ਹੈ। ਇਨ੍ਹਾਂ ਨੇ ਛੇ ਵੱਖ-ਵੱਖ ਅਦਾਲਤਾਂ ਵਿਚ ਅਦਾਲਤੀ ਮੁਕੱਦਮੇ ਹਾਰੇ ਹਨ। ਉਹ ਅਜੇ ਵੀ ਸਿਰਫ ਆਪਣੇ ਹੀ ਸਮਰਥਕਾਂ ਅਤੇ ਪਰਿਵਾਰ ਦੇ ਮੈਂਬਰਾਂ ਨੂੰ ਜਨਰਲ ਬਾਡੀ ਦੇ ਮੈਂਬਰਾਂ ਵਜੋਂ ਭਰਤੀ ਕਰ ਰਹੇ ਹਨ।**

**2**

**ਅਸੀਂ ਗੁਰਦੁਆਰਾ ਸਾਹਿਬ ਦੀ ਵਰਤਮਾਨ ਵੋਟਰ ਸੂਚੀ, ਵੋਟਰ ਨੰਬਰ, ਪਤੇ, ਫੋਨ ਨੰਬਰ, ਈਮੇਲ ਪਤਾ (ਜੇਕਰ ਗੁਰਦੁਆਰਾ ਸਾਹਿਬ ਨੂੰ ਦਿੱਤਾ ਗਿਆ ਹੋਵੇ), ਰਜਿਸਟ੍ਰੇਸ਼ਨ ਤਾਰੀਖ ਅਤੇ ਮੈਂਬਰਸ਼ਿਪ ਦੀ ਮਿਆਦ ਪੁੱਗਣ ਦੀ ਤਾਰੀਖ ਸਮੇਤ ਚਾਹੁੰਦੇ ਹਾਂ, ਤਾਂ ਕਿ ਉਨ੍ਹਾਂ ਨਾਲ ਸੰਪਰਕ ਕਰ ਕੇ ਆਪਣਾ ਪੱਖ ਦੱਸ ਸਕੀਏ।**

**3**

**ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਸਾਰੇ ਮੈਂਬਰਾਂ ਨੂੰ ਬਰਾਬਰ ਸਮਝਿਆ ਜਾਵੇ ਅਤੇ ਕਿਸੇ ਨੂੰ ਵੀ ਆਪਣੀ ਮੈਂਬਰਸ਼ਿਪ ਰਜਿਸਟਰੇਸ਼ਨ ਦੀ ਮਿਆਦ ਪੁੱਗਣ ਬਾਰੇ ਜਾਣਨ ਦਾ ਹੱਕ ਹੋਵੇ। ਇਹ ਕੇਵਲ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਗੁਰਦੁਆਰਾ ਮੈਂਬਰਸ਼ਿਪ ਸੂਚੀ ਪ੍ਰਾਪਤ ਕਰ ਕੇ ਮੈਂਬਰਾਂ ਨਾਲ ਸੰਪਰਕ ਕਰਦੇ ਹਾਂ।**

***ਸਾਨੂੰ ਤੁਹਾਡੀ ਮਦਦ ਦੀ ਲੋੜ ਹੈ। ਕ੍ਰਿਪਾ ਕਰਕੇ ਗੁਰਦੁਆਰਾ ਸੁਧਾਰ ਕਮੇਟੀ ਦਾ ਸਮਰਥਨ ਕਰੋ!***

## ਗੁਰਦੁਆਰਾ ਸੁਧਾਰ ਕਮੇਟੀ

| ਹਰਪਾਲ ਸਿੰਘ ਚਾਹਲ | ਸਰਬਜੋਤ ਸਿੰਘ ਸਵੱਦੀ | ਨੀਟੂ ਸਿੰਘ ਕਾਹਲੋਂ | ਹਰਕੇਵਲ ਸਿੰਘ ਸੰਧੂ |
|---|---|---|---|
| (408) 981-2842 | (408) 449-1630 | (408) 398-1474 | (408) 250-6236 |

ਝੂਲਤੇ ਨਿਸ਼ਾਨ ਰਹੇ ਪੰਥ ਮਹਾਰਾਜ ਕੇ

ਅਕਾਲ ਸਹਾਇ

ਖਾਲਸਾਈ ਜਾਹੋ ਜਲਾਲ ਦੇ ਪ੍ਰਤੀਕ ਹੋਲੇ-ਮਹੱਲੇ ਦੇ ਪਾਵਨ ਦਿਹਾੜੇ ਨੂੰ ਸਮਰਪਿਤ

# ਅੱਠਵਾਂ ਨਗਰ ਕੀਰਤਨ

## ਸਲਾਨਾ ਸਮਾਗਮ 25 ਮਾਰਚ ਤੋਂ 7 ਅਪ੍ਰੈਲ 2019

## ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ



ਦਸਮੇਸ਼ ਪਿਤਾ ਜੀ ਦੁਆਰਾ ਚਲਾਈ ਹੋਈ ਰਵਾਇਤ ਹੋਲੇ-ਮਹੱਲੇ ਦੇ ਦਿਹਾੜੇ ਨੂੰ ਸਮਰਪਿਤ ਸਲਾਨਾ ਸਮਾਗਮ 25 ਮਾਰਚ ਤੋਂ 7 ਅਪ੍ਰੈਲ 2019 ਤੱਕ ਗੁਰਦੁਆਰਾ ਨਾਨਕ ਪ੍ਰਕਾਸ਼ ਟਰੇਸੀ ਵਿਖੇ ਬੜੀ ਹੀ ਸ਼ਰਧਾ ਭਾਵਨਾ ਨਾਲ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਮਨਾਇਆ ਜਾ ਰਿਹਾ ਹੈ ਜਿਸ ਵਿਚ ਪੰਥ ਦੇ ਮਹਾਨ ਕੀਰਤਨੀ ਜਥੇ ਅਤੇ ਵਿਦਵਾਨ ਗੁਰੂ ਜਸ ਸਰਵਣ ਕਰਵਾਉਣਗੇ। ਸਰਬਤ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸ਼ੁੱਕਰਵਾਰ 5 ਅਪ੍ਰੈਲ**

**ਭੋਗ ਸ੍ਰੀ ਅਖੰਡ ਪਾਠ ਸਾਹਿਬ ਐਤਵਾਰ 7 ਅਪ੍ਰੈਲ**

25 ਮਾਰਚ ਸੋਮਵਾਰ ਤੋਂ 6 ਅਪ੍ਰੈਲ ਸ਼ਨੀਵਾਰ ਤੱਕ ਰੋਜ਼ਾਨਾ ਸ਼ਾਮ 6 ਤੋਂ 8:30 ਵਜੇ ਤੱਕ ਦੀਵਾਨ ਸਜਣਗੇ।

7 ਅਪ੍ਰੈਲ ਐਤਵਾਰ ਨੂੰ 9:30 ਤੋਂ 12:30 ਵਜੇ ਤੱਕ ਦੀਵਾਨ ਸਜਣਗੇ।

ਨਗਰ ਕੀਰਤਨ ਦੀ ਆਰੰਭਤਾ ਐਤਵਾਰ 7 ਅਪ੍ਰੈਲ 2019 ਨੂੰ 1:00 ਵਜੇ ਹੋਵੇਗੀ।

**ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਭਾਈ ਬਲਬੀਰ ਸਿੰਘ ਸੇਖੋਂ ਸਮੂਹ ਪਰਿਵਾਰ ਵੱਲੋਂ ਹੋਵੇਗੀ।**

**ਅੰਮ੍ਰਿਤ ਸੰਚਾਰ : 6 ਅਪ੍ਰੈਲ ਸ਼ਨੀਵਾਰ ਨੂੰ 11:00 ਵਜੇ ਪੰਜ ਪਿਆਰੇ ਅੰਮ੍ਰਿਤ ਦਾ ਬਾਟਾ ਤਿਆਰ ਕਰਨਗੇ**

## ਵੱਲੋਂ : ਬਾਬਾ ਧਰਮ ਸਿੰਘ ਜੀ

Gurdwara Gur Nanak Parkash Damdami Taksal
16101 West Grant Line Tracy Ca 95204

**ਜਾਣਕਾਰੀ ਲਈ ਸੰਪਰਕ ਨੰਬਰ : 209-346-4270**

### ਪਹੁੰਚ ਰਹੇ ਰਾਗੀ ਜਥੇ



ਭਾਈ ਸਰਬਜੀਤ ਸਿੰਘ ਰੰਗੀਲਾ ਦੁਰਗ ਵਾਲੇ 25 ਤੋਂ 31 ਮਾਰਚ



ਭਾਈ ਹਰਚਰਨ ਸਿੰਘ ਖਾਲਸਾ ਸ੍ਰੀ ਦਰਬਾਰ ਸਾਹਿਬ ਵਾਲੇ 25 ਤੇ 26 ਮਾਰਚ



ਭਾਈ ਹਰਬਲਜੀਤ ਸਿੰਘ 27 ਤੇ 28 ਮਾਰਚ



ਭਾਈ ਇੰਦਰਜੀਤ ਸਿੰਘ ਖਾਲਸਾ ਸ੍ਰੀ ਦਰਬਾਰ ਸਾਹਿਬ ਵਾਲੇ 29 ਤੋਂ 31 ਮਾਰਚ



ਭਾਈ ਸਾਹਿਬ ਪਿੰਦਰ ਪਾਲ ਸਿੰਘ ਜੀ 2 ਤੋਂ 7 ਅਪ੍ਰੈਲ



ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ 2 ਤੋਂ 7 ਅਪ੍ਰੈਲ



ਭਾਈ ਤਜਿੰਦਰ ਸਿੰਘ ਤੇ ਭਾਈ ਡਿੰਪਲ ਸਿੰਘ ਟੋਹਾਣੇ ਵਾਲੇ 1 ਤੋਂ 7 ਅਪ੍ਰੈਲ


# Golden Hill Transport, Inc

4527 Sweet Water St. Antioch, CA 94531



*ਆਨਰ ਅਪਰੇਟਰ ਅਤੇ ਕੰਪਨੀ ਡਰਾਈਵਰ ਚਾਹੀਦੇ ਹਨ
*ਹਫ਼ਤਾਵਰੀ ਭੁਗਤਾਨ
*ਫਿਊਲ ਕਾਰਡ ਦੀ ਸਹੂਲਤ

ਹੋਰ ਜਾਣਕਾਰੀ ਲਈ ਸੰਪਰਕ ਕਰੋ

ਮਨਪ੍ਰੀਤ ਸਿੰਘ 559-571-0748 ਰਣਜੀਤ ਸਿੰਘ 209-740-8661 ਜਤਿੰਦਰਪਾਲ ਸਿੰਘ 925-595-8081

## ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

**1930 South Sikh Temple Street, Stockton CA 95206 (A Historical Land Mark of CA)**



## 21ਵਾਂ ਮਹਾਨ ਨਗਰ ਕੀਰਤਨ

### 14 ਅਪ੍ਰੈਲ 2019, ਦਿਨ ਐਤਵਾਰ

### ਖ਼ਾਲਸਾ ਪੰਥ ਦੇ 321ਵੇਂ ਸਾਜਨਾ ਦਿਵਸ ਮੌਕੇ

## ਮਹਾਨ ਨਗਰ ਕੀਰਤਨ ਦੀਆਂ

# ਲੱਖ ਲੱਖ ਵਧਾਈਆਂ

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ 21ਵਾਂ ਮਹਾਨ ਨਗਰ ਕੀਰਤਨ 14 ਅਪ੍ਰੈਲ 2019 , ਦਿਨ ਐਤਵਾਰ ਨੂੰ ਸਜਾਇਆ ਜਾ ਰਿਹਾ ਹੈ ਜੀ। ਇਸ ਵਾਰ ਅੰਮ੍ਰਿਤ ਸੰਚਾਰ ਦਿਨ ਸ਼ਨਿਚਰਵਾਰ ਸਵੇਰੇ 13 **ਅਪ੍ਰੈਲ** 2019, ਗੁਰਦੁਆਰਾ ਸਾਹਿਬ ਵਿਖੇ ਹੋਵੇਗਾ। ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਅਰੰਭ ਹੈ ਅਤੇ ਦੀਵਾਨ 18 **ਮਾਰਚ** 2019 ਨੂੰ ਸ਼ਾਮ ਛੇ ਵਜੇ ਤੋਂ ਆਰੰਭ ਹੋ ਕੇ 14 **ਅਪ੍ਰੈਲ** 2019 ਤੱਕ ਲਗਾਤਾਰ ਚੱਲਣਗੇ, ਜਿਸ ਵਿਚ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਸ਼ੇਰ ਸਿੰਘ ਜੀ ਅੰਬਾਲੇ ਵਾਲੇ, ਭਾਈ ਇੰਦਰਜੀਤ ਸਿੰਘ ਬੰਬੇਵਾਲੇ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਲਖਵਿੰਦਰ ਸਿੰਘ ਸੋਹਲ ਜੀ ਦਾ ਢਾਡੀ ਜਥਾ ਲਗਾਤਾਰ ਸੰਗਤਾਂ ਨੂੰ ਨਿਹਾਲ ਕਰਨਗੇ। ਭਾਈ ਜਗਮੋਹਣ ਸਿੰਘ ਜੀ ਅਤੇ ਭਾਈ ਗੁਰਸੇਵਕ ਸਿੰਘ ਜੀ ਦੇ ਹਜ਼ੂਰੀ ਜਥੇ ਵੀ ਸੰਗਤਾਂ ਨੂੰ ਨਿਹਾਲ ਕਰਨਗੇ।



ਭਾਈ ਲਖਵਿੰਦਰ ਸਿੰਘ ਸੋਹਲ ਜੀ ਦਾ ਢਾਡੀ ਜਥਾ



ਭਾਈ ਇੰਦਰਜੀਤ ਸਿੰਘ ਜੀ



ਗੁਰੂਘਰ ਸਟਾਕਟਨ ਦਾ ਹਜ਼ੂਰੀ ਰਾਗੀ ਜਥਾ



ਕਥਾਵਾਚਕ ਗਿਆਨੀ ਸ਼ੇਰ ਸਿੰਘ ਜੀ

### ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਲਈ ਸੰਪਰਕ ਕਰੋ

ਹੈਡ ਗ੍ਰੰਥੀ ਭਾਈ ਗੁਰਸੇਵਕ ਸਿੰਘ 209-625-7500
ਸਕੱਤਰ ਭਾਈ ਦਵਿੰਦਰ ਸਿੰਘ 209-564-8899

### ਨਗਰ ਕੀਰਤਨ 'ਚ ਫਲੋਟ ਲਗਾਉਣ ਲਈ ਸੰਪਰਕ ਕਰੋ

ਭਾਈ ਗੁਰਪ੍ਰੀਤ ਸਿੰਘ ਗਿੱਲ 209-513-8101
ਜਾਂ ਭਾਈ ਬਲਵਿੰਦਰ ਸਿੰਘ ਮਿੱਠੂ 209-456-3210
ਜਾਂ ਭਾਈ ਜਸਵਿੰਦਰ ਸਿੰਘ ਤੂਰ 209-470-6881

### ਨਗਰ ਕੀਰਤਨ 'ਚ ਸਟਾਲ ਲਗਾਉਣ ਲਈ ਸੰਪਰਕ ਕਰੋ

ਬੀਬੀ ਸਰਬਜੀਤ ਕੌਰ : 209-430-9415
ਭਾਈ ਰਾਮ ਸਿੰਘ ਮੰਡੇਰ : 209-689-7454

### ਪਾਰਕਿੰਗ ਦੀ ਸਹੂਲਤ

ਪਾਰਕਿੰਗ ਦੀ ਸਹੂਲਤ K-MART 2180-E. Mariposa Road, Stockton CA-95205 ਵਿਖੇ ਹੋਵੇਗੀ। ਉਥੋਂ ਗੁਰਦੁਆਰਾ ਸਾਹਿਬ ਆਉਣ ਜਾਣ ਲਈ ਫਰੀ ਬੱਸ ਸਰਵਿਸ ਹੋਵੇਗੀ। ਜਿਹੜੀਆਂ ਸੜਕਾਂ 'ਤੇ ਨੋ ਪਾਰਕਿੰਗ ਸਾਈਨ ਹੋਣ ਉਥੇ ਕਾਰਾਂ ਪਾਰਕ ਨਾ ਕੀਤੀਆਂ ਜਾਣ, ਨਹੀਂ ਤਾਂ ਸਿਟੀ ਵਲੋਂ ਟੋਅ ਕਰ ਦਿੱਤੀਆਂ ਜਾਣਗੀਆਂ।

*ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁੰਮ-ਹੁਮਾ ਕੇ ਇਸ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ : ਭਾਈ ਜਸਵਿੰਦਰ ਸਿੰਘ ਗੋਰਾਇਆ 209-993-1788**
**ਸਕੱਤਰ ਭਾਈ ਦਵਿੰਦਰ ਸਿੰਘ 209-564-8899, ਖਜ਼ਾਨਚੀ ਭਾਈ ਅਮਰੀਕ ਸਿੰਘ ਵਿਰਦੀ 209-470-6321**

## ਜਾਰੀ ਕਰਤਾ : ਗੁਰਦੁਆਰਾ ਸਾਹਿਬ ਸਟਾਕਟਨ ਅਤੇ ਸਾਧ ਸੰਗਤ


TRANS-ALLIANCE
TOGETHER WE SAVE
22
GET FLAT 22 CENTS
DISCOUNT AT
TA TravelCenters of America
PETRO Stopping Centers
TRANS-ALLIANCE TOGETHER WE SAVE
4201 3247 5388 5103
VALID FROM 01/12
GOOD THRU 31/15
CARDHOLDER NAME
EFS
We also offer Line of Credit for Fuel Card
Additional Services with our Fuel Card
✓ National Tire Program ✓ PM & Light Mechanical
✓ 24 Hour Dedicated Repair Service
TRANS-ALLIANCE TOGETHER WE SAVE
ਪੰਜਾਬੀ ਵਿਚ ਜਾਣਕਾਰੀ ਲਈ
1.855.641.6955
1.888.795.7035
www.trans-alliance.com

ਖ਼ਾਲਸਾ ਅਕਾਲ ਪੁਰਖ ਕੀ ਫ਼ੌਜ ॥ ਪ੍ਰਗਟਿਓ ਖ਼ਾਲਸਾ ਪਰਮਾਤਮ ਕੀ ਮੌਜ ॥

# Gurdwara Singh Sabha Amrit Sanchar

## Sunday April 14, 2019
## 8:00 AM



Upon request, Gurdwara will provide lodging as well as transportation to and from the airport. This applies to both the local and the visiting Sangat. Also, Kakkars will be provided by the Gurdwara.

For more information, contact:

Gurdwara Singh Sabha of North Texas
1201 Abrams Rd, Richardson, TX 75081

Bhai Surinder Singh (214) 282-2332
Bhai Swaran Singh (214) 909-0555

(972) 235-3388 | www.GurdwaraRichardson.org

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



# KHALSA INSURANCE AGENCY, INC.

Khalsa Insurance Agency is among TOP 50 agencies of Blue Cross in USA.






» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the Lowest Health Insurance Premiums available
Some Households qualify for FREE HEALTHCARE
408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

ਜਿੱਥੇ ਜਿੱਥੇ ਖ਼ੂਨ ਬੇਦੋਸ਼ਿਆਂ ਦਾ ਡੁੱਲ੍ਹਦਾ ਹੈ, ਸਦੀਆਂ ਤੀਕਰ ਉਹ ਸਾਕਾ ਨਹੀਂ ਭੁੱਲਦਾ ਹੈ

# ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ

ਜਲ੍ਹਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਦੀ ਸ਼ਤਾਬਦੀ ਨੂੰ ਸਮਰਪਿਤ

# 19ਵਾਂ ਮੇਲਾ ਗਦਰੀ ਬਾਬਿਆਂ ਦਾ

## 31 ਮਾਰਚ 2019 ਦਿਨ ਐਤਵਾਰ, 12 ਵਜੇ ਤੋਂ ਸ਼ਾਮ 6 ਵਜੇ ਤੱਕ

Central High School (East), Gymnasium 3535 N Cornelia Ave, Fresno, CA 93722

ਵਿਖੇ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

Corner of Cornelia & Dakota
ਕਰਨੀਲੀਆ ਅਤੇ ਡਕੋਟਾ ਦੇ ਕੌਰਨਰ ਤੇ



ਮੁੱਖ ਬੁਲਾਰੇ
ਡਾ. ਵਰਿਆਮ ਸਿੰਘ ਸੰਧੂ

## ਪ੍ਰੋਗਰਾਮ

* ਮੁੱਖ ਮਹਿਮਾਨ 'ਤੇ ਬੁਲਾਰੇ: ਡਾ. ਵਰਿਆਮ ਸਿੰਘ ਸੰਧੂ, ਸਾਬਕਾ ਪ੍ਰੋ. ਖਾਲਸਾ ਕਾਲਜ ਜਲੰਧਰ ਹੋਣਗੇ।
* ਬੁਲੰਦ ਅਵਾਜ਼ ਦੇ ਮਾਲਕ ਗਾਇਕ ਜੀਤਾ ਗਿੱਲ, ਹਰਜੀਤ ਮਰਸਿਡ ਅਤੇ ਗਾਇਕ ਰਜਿੰਦਰ ਸਿੰਘ (ਰਾਜ ਬਰਾੜ) ਇਨਕਲਾਬੀ ਗੀਤ ਸੰਗੀਤ ਦਾ ਪ੍ਰੋਗਰਾਮ ਪੇਸ਼ ਕਰਨਗੇ।
* ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਵਲੋਂ ਭੰਗੜਾ ਪੇਸ਼ ਕੀਤਾ ਜਾਵੇਗਾ।
* ਬੱਚਿਆਂ ਵਲੋਂ ਗੀਤ, ਕਵਿਤਾਵਾਂ, ਭਾਸ਼ਨ 'ਤੇ ਸਿਮਰਨ ਹੇਅਰ ਵਲੋਂ ਤਿਆਰ ਹੇਅਰ ਮੀਡੀਆ ਦੀ ਟੀਮ ਵਲੋਂ ਗਿੱਧਾ ਪੇਸ਼ ਕੀਤਾ ਜਾਵੇਗਾ।
* 4.0 ਜੀ.ਪੀ.ਏ. ਗਰੇਡ ਵਾਲੇ ਹਾਈ ਸਕੂਲ ਦੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

Note: students with 4.0 grade should register at IAHForum@gmail.com



ਮੰਚ ਸੰਚਾਲਿਕਾ ਆਸ਼ਾ ਸ਼ਰਮਾ | ਜੀਤਾ ਗਿੱਲ | ਰਜਿੰਦਰ ਸਿੰਘ (ਰਾਜ ਬਰਾੜ) | ਹਰਜੀਤ ਸ਼ੇਰਗਿੱਲ



ਗਿੱਧਾ



ਮੇਲਾ ਕਮੇਟੀ



ਭੰਗੜਾ

## ਮੇਲਾ ਕਮੇਟੀ

ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਅਣਖੀ, ਗੁਰਮੀਤ ਸਿੰਘ ਗਿੱਲ, ਪਰਮਜੀਤ ਸਿੰਘ ਢਿੱਲੋਂ, ਮਹਿੰਦਰ ਸਿੰਘ ਢਾਹ, ਬੂਟਾ ਸਿੰਘ ਸਹੋਤਾ, ਜੋਗਾ ਸਿੰਘ ਮੰਢਾਲੀ, ਸ਼ਰਨਜੀਤ ਕੌਰ ਧਾਲੀਵਾਲ, ਸਿਮਰਨ ਕੌਰ ਹੇਅਰ, ਹਰਿੰਦਰ ਕੌਰ ਮੰਢਾਲੀ, ਕੁਲਵੀਰ ਕੌਰ ਸੇਖੋਂ, ਬਲਵੀਰ ਕੌਰ ਧਾਲੀਵਾਲ, ਬਲਵਿੰਦਰ ਕੌਰ ਧਾਲੀਵਾਲ, ਭੁਪਿੰਦਰ ਕੌਰ ਬਦੇਸ਼ਾ, ਸੁਖਜਿੰਦਰ ਕੌਰ ਢਿੱਲੋਂ, ਗੁਰਮੀਤ ਗਾਜੀਆਣਾ, ਗੁਰਪ੍ਰੀਤ ਖਾਨਖਾਨਾ, ਪ੍ਰੀਤਮ ਸਿੰਘ ਗਿੱਲ, ਪਰਮਜੀਤ ਸਿੰਘ ਧਾਲੀਵਾਲ, ਉਦੇਦੀਪ ਸਿੰਘ ਸਿੱਧੂ, ਜਗਰੂਪ ਸਿੰਘ ਧਾਲੀਵਾਲ, ਅਮੋਲਕ ਸਿੰਘ ਸਿੱਧੂ, ਦਲਬਾਰਾ ਸਿੰਘ ਧਾਲੀਵਾਲ, ਜਸਦੀਪ ਸਿੰਘ, ਸ਼ੌਕਤ ਅਲੀ, ਕਰਮ ਸਿੰਘ ਮਾਨ, ਕੇਵਲ ਸਿੰਘ ਬਾਸੀ, ਪ੍ਰੋ. ਅਰਜਨ ਸਿੰਘ ਜੋਸਨ, ਜਸਵੰਤ ਮਹਿਮੀ, ਸ਼ੇਰ ਸਿੰਘ ਚੌਹਾਨ, ਭੁਪਿੰਦਰ ਸਿੰਘ ਜਾਡਲਾ, ਟਹਿਲ ਸਿੰਘ ਢੇਸੀ, ਗੁਰਮੀਤ ਸਿੰਘ ਰਾਏਪੁਰ ਡੱਬਾ, ਮਨਵੀਰ ਸਿੰਘ ਭੁੱਲਰ, ਜੱਸੀ ਰਾਏ, ਸੁਰਿੰਦਰ ਸਿੰਘ ਥਿੰਦ, ਸੋਹਣ ਸਿੰਘ ਮੱਲੀ, ਹਰਮਨ ਸਿੰਘ ਗਿੱਲ, ਅਮਨਦੀਪ ਸਿੰਘ, ਮਨੁਵੀਰ ਕੌਰ ਧਾਲੀਵਾਲ, ਪ੍ਰੀਤ ਕੌਰ ਗਿੱਲ, ਮਾਸਟਰ ਸ਼ਮਸ਼ੇਰ ਸਿੰਘ, ਸੱਖੀ ਹੇਅਰ।

## ਸਪਾਂਸਰਜ਼

ਗੁਲਬਿੰਦਰ ਸਿੰਘ ਢੇਸੀ, ਅਟਵਾਲ ਬ੍ਰਦਰਜ਼ ਫਾਰਮ, ਟਰਾਂਸ ਕੌਰਪ ਫਰੇਟ ਵੇ (ਨਿੱਝਰ ਬ੍ਰਦਰਜ਼), ਏ ਵਨ ਰੀਐਲਟੀ (ਪ੍ਰੀਤਮ ਗਿੱਲ), ਅਮਰੀਕ ਉੱਪਲ, ਭਜਨ ਸਿੰਘ ਸਹੋਤਾ, ਦੀਪਾ ਚੌਹਾਨ ਬੁਲਡੌਗ ਫਰੇਟ ਵੇ, ਚਰਨਜੀਤ ਸਿੰਘ ਬਾਠ, ਜੀ.ਬੀ.ਟੀ.ਆਈ, ਗਿੱਲ ਇੰਸ਼ੋਰੈਂਸ ਟਰੱਕਿੰਗ, ਸੰਧੂ ਫਾਰਮ (ਤਜਿੰਦਰ ਸੰਧੂ), ਨਿਊ ਇੰਡੀਆ ਸਵੀਟ ਐਂਡ ਸਪਾਈਸਜ਼, ਪਰਮਜੀਤ ਸਿੰਘ ਬਾਸੀ, ਐੱਸ.ਪੀ. ਸਕਿਊਰਿਟੀ (ਦਲਜੀਤ ਰਿਆੜ), ਸਿੱਖ ਨਾਮਧਾਰੀ ਸੋਸਾਇਟੀ, ਕ੍ਰਿਪਾਲ ਸਹੋਤਾ, ਸਟੋਨ ਟਰੱਕਿੰਗ, ਤਾਰਾ ਸਿੰਘ ਬੱਲ, ਟਰਾਈ ਐੱਸ ਟਰਕਿੰਗ, ਰੌਇਲ ਸੰਗੂ ਗਰੁੱਪ, ਪੀ.ਐਮ.ਟਰੱਕਿੰਗ (ਗੁਰਪਾਲ ਰੰਧਾਵਾ), ਸ਼ੌਪ ਐਂਡ ਗੈਸ, ਏ ਐਂਡ ਪੀ ਟਰੱਕਿੰਗ, ਬੀ.ਡੀ. ਟਰਾਂਸਪੋਰਟ, ਜਗਰੂਪ ਸਿੰਘ ਧਾਲੀਵਾਲ, ਨਿੱਝਰ ਫਾਰਮ, ਸੰਘਾ ਕੈਰੀਅਰ, ਐੱਸ.ਪੀ. ਟਰੱਕਿੰਗ, ਯੂਨਾਈਟਡ ਟਰੱਕ ਡਰਾਈਵਿੰਗ ਸਕੂਲ, ਵਿਰਕ ਪ੍ਰਾਪਰਟੀਜ, ਤਰਲੋਕ ਸਿੰਘ, ਨਿਰਮਲ ਸਿੰਘ, ਐੱਸ.ਐਮ.ਬ੍ਰਦਰਜ਼ (ਕੈਸ਼ ਐਂਡ ਕੈਰੀ), ਪਾਲ ਕੈਲੇ, ਮਨਧੀਰ ਸਿੰਘ ਤੂੰਗ, ਸ਼ਿਵਰਾਜ ਪਨੂੰ, ਸੁਖਜਿੰਦਰ ਬੋਲਾ, ਗੁਰਦੇਵ ਸਿੰਘ ਛੰਗੂ, ਏ ਐਮ ਪੀ ਟਰੱਕਿੰਗ, ਇੰਨਟਰੇਡ ਇੰਡਸਟਰੀ, ਬੀ ਐਂਡ ਬੀ ਟਰਾਂਸਪੋਰਟ, ਢਿਲੋਂ ਬਰਦਰਜ਼, ਕੈਲ ਈਗਲ ਟਰਾਂਸ।

## ਚਾਹ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ

## ਇਸ ਪ੍ਰੋਗਰਾਮ ਦਾ ਦਾਖਲਾ ਅਤੇ ਪਾਰਕਿੰਗ ਮੁਫਤ ਹੈ

Design By: hayermedia

| | | | | |
|---|---|---|---|---|
| ਗੁਰਦੀਪ ਸਿੰਘ ਗਿੱਲ<br>ਪ੍ਰਧਾਨ<br>(559) 360-4248 | ਨਵਦੀਪ ਸਿੰਘ ਧਾਲੀਵਲ<br>ਵਾਈਸ ਪ੍ਰਧਾਨ<br>(559) 287-0822 | ਸੁਰਿੰਦਰ ਮੰਢਾਲੀ<br>ਸੈਕਰੇਟਰੀ<br>(559) 473-9269 | ਜਸਵੰਤ ਸਿੰਘ ਮਾਨ<br>ਖਜਾਨਚੀ | ਕੁਲਵੀਰ ਸਿੰਘ ਹੇਅਰ<br>(ਮੀਡੀਆ ਸਕੱਤਰ)<br>559-239-5000 |

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**Home for Sale:**
163 Tannehill Drive, Manteca, CA 95337
4 Bedroom 3 Bath
3236 sqft home 7792 sqft lot, Built in 2003
**$475,000**



**Home for Sale:**
2165 Capistrano Street, Manteca, CA 95337
5 Bedroom 3 Bath
2939 sqft home 8084 sqft lot, Built in 2009
**$545,000**

**Home for Sale:** 1643 Langum Way, Manteca, CA 95337, 4 Bedroom 3 Bath, 2045 sqft home 7910 sqft lot Built in 2005, Pool in backyard, Open house 03/10 11:30 AM- 3:00 PM **$432,900**

- **10 Acres commercial and Industrial lot available on West Yosemite ave Manteca listed at 3.8 Million. Permitted for truck yard, storage and repair.**
- **15 Acres industrial land available in French Camp listed at 5.1 million, prime corner lot, permitted for truck parking, truck wash, truck repair and warehousing.**
- **5 duplex under construction will be ready in September, 2019. listed at $599,000 each duplex.**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

## ਸਿੱਖੋ ! ਸੰਭਲੋ ! ! ਸਾਵਧਾਨ ! ! !

# ਭਗਵੇਂ ਦਹਿਸ਼ਤਗਰਦਾਂ ਦਾ ਗੁੜਗਾਉਂ ਵਿਚ ਮੁਸਲਮਾਨਾਂ ’ਤੇ ਹਮਲਾ

## ਅਜਿਹੀ ਘਟਨਾ ਇਸ ਮੁਲਕ ਵਿਚ ਕਿਸੇ ਨਾਲ ਕਿਤੇ ਵੀ ਵਾਪਰ ਸਕਦੀ ਹੈ







ਜੋ ਕੁਛ ਭਗਵੇਂ ਦਹਿਸ਼ਤਗਰਦਾਂ ਨੇ ਗੁੜਗਾਂਓ ਵਿਚ ਮੁਸਲਮਾਨਾਂ ਨਾਲ ਕੀਤਾ ਹੈ, ਇਹ ਘਟਨਾ ਇਸ ਮੁਲਕ ਵਿਚ ਕਿਸੇ ਨਾਲ ਵੀ, ਕਿਤੇ ਵੀ ਵਾਪਰ ਸਕਦੀ ਹੈ।ਇਹ ਕਰਤੂਤ ਕਰਨ ਵਾਲ਼ੇ ਜਾਣਦੇ ਹੁੰਦੇ ਨੇ ਕਿ ਛੇਤੀ ਕੀਤੇ ਤਾਂ ਕੋਈ ਕਾਨੂੰਨੀ ਕਾਰਵਾਈ ਸਾਡੇ ਖਿਲਾਫ ਹੋਣੀ ਹੀ ਨਹੀ ਪਰ ਜੇ ਹੋ ਵੀ ਗਈ ਤਾਂ ਸਾਨੂੰ ਸਜ਼ਾ-ਸੁਜ਼ਾ ਤਾਂ ਕੀ ਹੋਣੀ ਹੈ,ਇਸ ਮੁਕੱਦਮੇ ਦੌਰਾਨ ਅਸੀਂ ਇਸ ਮੁਲਕ ਦੇ ਨਾਇਕ ਵਾਂਗ ਚਰਚਾ ਵਿਚ ਰਹਿਣਾ ਹੈ।ਸਿੱਖਾਂ,ਈਸਾਈਆਂ,ਮੁਸਲਮਾਨਾਂ,ਦਲਿਤਾਂ ਤੇ ਹੋਰ ਲੋਕਾਂ ਉਪਰ ਜੁਲਮ ਕਰਨ ਵਾਲੇ ਹਿੰਦੂ ਦਹਿਸ਼ਤਗਰਦ ਇਸ ਮੁਲਕ ਵਿਚ ਨਾਇਕ ਮੰਨੇ ਜਾਂਦੇ ਨੇ ਤੇ ਭਾਰਤੀ ਮੀਡੀਆ ਉਨਾਂ ਦੀ ਬੱਲੇ -ਬੱਲੇ ਕਰਨ ਵਿਚ ਲੱਗਿਆ ਰਹਿੰਦਾ ਹੈ।ਹਕੂਮਤੀ ਸਿਸਟਮ ਉਨਾਂ ਸਾਰਿਆਂ ਦੀ ਹਮਾਇਤ ਵਿਚ ਡਟਿਆ ਰਹਿੰਦਾ ਹੈ ਜਿਹੜੇ ਬੇਦੋਸ਼ੇ ਲੋਕਾਂ ਉਪਰ ਜੁਲਮ ਕਰਦੇ ਹਨ।ਇਹ ਭਗਵੇਂ ਦਹਿਸ਼ਤਗਰਦ ਮੁਲਕ ਦੇ ਦੇਸ਼ਭਗਤ ਗਰਦਾਨੇ ਜਾਂਦੇ ਨੇ ਜਿੰਨਾਂ ਨੇ ‘ਗਦਾਰਾਂ“ਨੂੰ ਸਜ਼ਾ ਦਿਤੀ ਹੈ।ਹਕੂਮਤ ਤੇ ਮੀਡੀਆ ਹਰੇਕ ਹਿੰਦੂ ਦੇ ਦਿਲ ਦਿਮਾਗ ਵਿਚ ਇਹ ਭਰਨ ਲਈ ਕਰੋੜਾਂ ਰੁਪਈਏ ਖਰਚਦੇ ਨੇ ਕਿ ਬੇਦੋਸ਼ੇ ਸਿਖਾਂ,ਈਸਾਈਆਂ, ਮੁਸਲਮਾਨਾਂ,ਦਲਿਤਾਂ ਤੇ ਹੋਰ ਲੋਕਾਂ ਉਪਰ ਜੁਲਮ ਕਰਨਾ ਬਿਲਕੁਲ ਸਹੀ ਦੇਸ਼ਭਗਤੀ ਹੈ।ਇਉਂ ਭਾਰਤੀ ਮੀਡੀਆਂ ਤੇ ਹਕੂਮਤੀ ਨਿਜਾਮ ਮਿਲਕੇ ਇਸ ਮੁਲਕ ਦੇ ਹਿੰਦੂਆਂ ਨੂੰ ਦਹਿਸ਼ਤਗਰਦੀ ਦੇ ਰਾਹ ਤੋਰਦਾ ਹੈ।ਸਿਖਾਂ,ਈਸਾਈਆਂ,ਮੁਸਲਮਾਨਾਂ,ਦਲਿਤਾਂ ਤੇ ਹੋਰ ਲੋਕਾਂ ਖਿਲਾਫ ਨਫਰਤ ਭਰਿਆ ਮਹੌਲ ਬਣਾਈ ਰੱਖਣ ਤੇ ਭਗਵੇਂ ਦਹਿਸ਼ਤਗਰਦਾਂ ਦੀ ਹਮਾਇਤ ਵਿਚ ਮਹੌਲ ਬਣਾਈ ਰੱਖਣ ਨਾਲ ਭਾਰਤੀ ਮੀਡੀਆਂ ਤੇ ਹਕੂਮਤੀ ਸਿਸਟਮ ਇਹੋ ਜਿਹੀਆਂ ਹੋਰ ਘਟਨਾਵਾਂ ਲਈ ਜਮੀਨ ਕਰਕੇ ਰੱਖਦਾ ਹੈ।ਜੇ ਭਾਰਤੀ ਮੀਡੀਆਂ ਤੇ ਹਕੂਮਤੀ ਸਿਸਟਮ ਚਾਹੁਣ ਤਾਂ ਮਹੌਲ ਇਸਦੇ ਉਲਟ ਬਣ ਸਕਦਾ ਹੈ ਤੇ ਕਿਸੇ ਵੀ ਭਾਰਤੀ ਨਾਗਰਿਕ ਨੂੰ ਕਿਸੇ ਦੂਜੇ ਭਾਰਤੀ ਨਾਗਰਿਕ ਖਿਲਾਫ ਗਲਤ ਸੋਚਣ ਦੀ ਜੁਰਅਤ ਵੀ ਨਾ ਪਵੇ।ਜੇ ਭਾਰਤੀ ਮੀਡੀਆਂ ਤੇ ਹਕੂਮਤੀ ਸਿਸਟਮ ਚਾਹੁਣ ਤਾਂ ਐਹੋ ਜਿਹਾ ਮਹੌਲ ਬਣ ਸਕਦਾ ਹੈ ਕਿ ਹਰੇਕ ਮੁਜਰਮਾਨਾਂ ਬਿਰਤੀ ਵਾਲਾ ਸਖਸ਼ ਹਰ ਵੇਲੇ ਡਰਿਆ ਰਹੇ ਪਰ ਹੁਣ ਹਾਲਾਤ ਉਲਟ ਨੇ।ਹੁਣ ਦਹਿਸ਼ਤਗਰਦੀ ਬਿਰਤੀ ਵਾਲੇ ਹਿੰਦੂ ਤਾਂ ਬੱਬਰ ਸ਼ੇਰ ਬਣੇ ਰਹਿੰਦੇ ਨੇ ਜਦਕਿ ਅਮਨ-ਪਸੰਦ ਨਾਗਰਿਕ ਹਰ ਵੇਲੇ ਡਰੇ ਰਹਿੰਦੇ ਨੇ ਕਿ ਪਤਾ ਨਹੀ ਕਦ ਕੀ ਵਾਪਰ ਜਾਣਾ ਹੈ।ਮੁਲਕ ਦੇ ਸ਼ਰੀਫ ਤੇ ਅਮਨ-ਪਸੰਦ ਨਾਗਰਿਕ ਡਰੇ ਰਹਿੰਦੇ ਨੇ ਤੇ ਦਹਿਸ਼ਤਗਰਦੀ ਸੋਚ ਵਾਲੇ ਹਿੰਦੂ ਲਲਕਾਰੇ ਮਾਰਦੇ ਫਿਰਦੇ ਨੇ।ਮੋਦੀ ਦੇ ਰਾਜ ਵਿਚ ਤਾਂ ਇਹ ਮਹੌਲ ਸਿਖਰਾਂ ਛੋਹ ਗਿਆ ਹੈ।ਭਗਵੇਂ ਦਹਿਸ਼ਤਗਰਦਾਂ ਅਤੇ ਸਿਖਾਂ,ਈਸਾਈਆਂ,ਮੁਸਲਮਾਨਾਂ,ਦਲਿਤਾਂ ਤੇ ਹੋਰ ਲੋਕਾਂ ਵਿਚਾਲੇ ਕਿਸੇ ਵੀ ਵੇਲੇ ਖਾਨਾਜੰਗੀ ਹੋ ਸਕਦੀ ਹੈ ਤੇ ਓਸ ਮੌਕੇ ਮੁਲਕ ਦੀ ਫੌਜ ਤੇ ਪੁਲੀਸ ਡਟਕੇ ਭਗਵੇਂ ਦਹਿਸ਼ਤਗਰਦਾਂ ਦਾ ਸਾਥ ਦੇਣਗੇ!ਅਮਰੀਕਾ ਤੱਕ ਚਰਚਾ ਨੇ ਕਿ ਇਸ ਮੁਲਕ ਵਿਚ ਕਦੇ ਵੀ ਕਤਲੋਗਾਰਦ ਹੋ ਸਕਦੀ ਹੈ।ਅਸਲ ਵਿਚ ਇਹ ਖ਼ੂਨ-ਖਰਾਬਾ ਵੋਟਾਂ ਵਿਚ ਲਾਹਾ ਦਿੰਦਾ ਹੈ।ਜੋ ਕੁਝ ਗੁੜਗਾਂਓ ਵਿਚ ਮੁਸਲਮਾਨ ਪਰਿਵਾਰ ਨਾਲ ਵਾਪਰਿਆ ਹੈ ਇਹ ਕਿਸੇ ਵੀ ਸਿਖ, ਮੁਸਲਿਮ,ਈਸਾਈ,ਦਲਿਤ ਪਰਿਵਾਰ ਨਾਲ ,ਕਦੇ ਵੀ ਵਾਪਰ ਸਕਦਾ ਹੈ।ਕਿਸੇ ਵੀ ਵੇਲ਼ੇ ਭੜਕੇ ਹੋਏ ਕਿਸੇ ਹਿੰਦੂ ਦਹਿਸ਼ਤਗਰਦ ਗਿਰੋਹ ਨੇ ਗਵਾਂਢੀ ਸਿਖ, ਮੁਸਲਿਮ,ਈਸਾਈ,ਦਲਿਤ ਪਰਿਵਾਰ ਉਪਰ ਹੱਲਾ ਬੋਲਕੇ ਦੇਸ਼ਭਗਤੀ ਦਾ ਸਰਟੀਫਿਕੇਟ ਲੈ ਲੈਣਾ ਹੈ।ਇਹੋ ਜਿਹੀ ਕਰਤੂਤ ਕਰਨ ਵਾਲਿਆ ਨੂੰ ਅਹੁਦੇ ਮਿਲਦੇ ਨੇ,ਮੀਡੀਆ ਵਿਚ ਬੱਲੇ-ਬੱਲੇ ਤੇ ਵੋਟਾਂ ਮੌਕੇ ਗਹਿਗੱਡਵੀਂ ਹਮਾਇਤ ਮਿਲਦੀ ਹੈ।ਰਾਜੀਵ ਗਾਂਧੀ ਨੇ ਸਿਖ ਮਰਵਾਏ ਤਾਂ ਕੁਝ ਸਮੇਂ ਮਗਰੋਂ ਹੋਈਆ ਲੋਕ ਸਭਾ ਚੋਣਾਂ ਵਿਚ ਸਾਰੇ ਭਾਰਤ ਨੇ ਗੱਡਕੇ ਕਾਂਗਰਸ ਨੂੰ ਵੋਟਾਂ ਪਾਈਆਂ।ਮੋਦੀ ਨੇ ਗੁਜਰਾਤ ਵਿਚ ਮੁਸਲਮਾਨ ਮਰਵਾਏ ਤਾਂ ਉਹ ਤਰੱਕੀ ਕਰਕੇ ਮੁਲਕ ਦਾ ਪ੍ਰਧਾਨਮੰਤਰੀ ਬਣ ਗਿਆ।ਇਸੇ ਰਾਹ ਤੇ ਚੱਲਕੇ ਹੋਰਾਂ ਨੂਮ ਵੀ ਰਾਜ-ਗੱਦੀਆ ਮਾਨਣ ਦਾਂ ਝੱਲ ਕੁੱਦਿਆ ਹੋਇਆ ਹੈ।ਪਤਾ ਨਹੀ ਅਗਲੀ ਵਾਰੀ ਕਿਹੜੀ ਕੌਮ ਦੀ,ਕਦ ਆ ਜਾਣੀ ਹੈ।

ਸਿਖਾਂ ਨੂੰ ਤਾਂ ਉਨਾਂ ਆਗੂਆ ਦੀ ਲੋੜ ਹੈ ਜਿਹੜੇ ਜਗਾਉਣ ਕਿ ਭਾਈ ਆਪਦੀ ਤਿਆਰੀ ਰੱਖੋ,ਪਤਾ ਨਹੀ ਕਦ ਨਵੰਬਰ ੧੯੮੪ ਵਾਂਗ ਇਕਤਰਫਾ ਵਢਾਂਗਾ ਸ਼ੁਰੂ ਹੋ ਜਾਣਾ।ਪਰ ਸਿੱਖਾਂ ਨੂੰ ਉਨਾਂ ਦੇ ਸਿਆਸੀ ਤੇ ਧਾਰਮਿਕ ਆਗੂ ਹੋਰ ਹੀ ਚੱਕਰਾਂ ਵਿਚ ਗਧੀਗੇੜ ਪਾਈ ਫਿਰਦੇ ਨੇ।ਜੇ ਕੋਈ ਮੇਰੇ ਵਰਗਾ ਹੋਕਾ ਦਿੰਦਾ ਤਾਂ ਸਾਰੇ ਸਿੱਖ ਉਹਦੇ ਵੱਲ ਐਂ ਝਾਕਦੇ ਨੇ ਜਿਵੇਂ ਕਮਲ਼ਾ ਦੇਖ ਲਿਆ ਹੋਵੇ।ਇਹ ਸਾਰੇ ਸਿਖ ਸੋਚਦੇ ਨੇ ਗੱਲ ਨਹੀਂ ਬਾਤ ਨਹੀ ਇਹ ਐਂਵੇ ਡਰਾਈ ਜਾਂਦਾ।ਪਰ ਨਵੰਬਰ ੧੯੮੪ ਮੌਕੇ ਵੀ ਬਥੇਰੇ ਸੀ ਜਿਹੜੇ ਮੇਰੇ ਵਰਗੇ ‘ਕਮਲਿਆਂ“ਨੂੰ ਚੇਤੇ ਕਰਕੇ ਰੋਂਦੇ ਰੋਂਦੇ ਮਰੇ ਨੇ ਕਿ ਜੇ ਮੌਕੇ ਸਿਰ ਗੱਲ ਸੁਣੀ ਹੁੰਦੀ ਤਾਂ ਮੁਕਾਬਲਾ ਕਰਕੇ ਤਾਂ ਮਰਦੇ।ਘਰਾਂ ਵਿਚ ਮਹਿੰਗੇ ਟੈਲੀਵਿਜਨ ਤੇ ਹੋਰ ਐਸ਼ੋ-ਇਸ਼ਰਿਤ ਦਾ ਸਾਜੋਸਮਾਨ ਕੰਮ ਨਹੀ ਸੀ ਆਇਆ।ਹੁਣ ਨਾ ਤਾਂ ਸਿਖ ਸੁਣਦੇ ਨੇ ਨਾ ਸਿਖਾਂ ਦੇ ਆਗੂ ਸੱਚ ਦੱਸਦੇ ਨੇ ਪਰ ਮੈਂ ਫੇਰ ਵੀ ਦੋਹਾਈ ਦੇ ਰਿਹਾ ਹਾਂ ਕਿ ਸਿੱਖੋ ! ਸਾਵਧਾਨ ਰਹੋ।

ਸਿੱਖ ਕੌਮ ਪ੍ਰਤੀ ਆਪਦੇ ਫਰਜ਼ ਨਿਭਾਉਣ ਲਈ ਜੋ ਕੁਝ ਮੈਂ ਲਿਖਦਾ-ਬੋਲਦਾ ਹਾਂ ਉਸ ਕਰਕੇ ਮੇਰੇ ਮਨ ਨੂੰ ਤਸੱਲੀ ਰਹਿੰਦੀ ਹੈ ਪਰ ਕਈ ਭੈਣ-ਭਰਾ ਬੜੀ ਚਿੰਤਾ ਕਰਦੇ ਰਹਿੰਦੇ ਹਨ ਕਿ ਕਿਤੇ ਕੋਈ ਪਵਾੜਾ ਹੀ ਨਾ ਪੈ ਜਾਵੇ।ਜਦ ਕਿਤੇ ਮੈਨੂੰ ਇਹੋ ਜਿਹੇ ਸੱਜਣ ਸਮਝਾਉਂਦੇ ਨੇ ਕਿ ਤੁਸੀ ਜਜ਼ਬਾਤ ਨੂੰ ਕਾਬੂ ਵਿਚ ਰੱਖਿਆ ਕਰੋ ਤਾਂ ਮੇਰਾ ਮਨ ਕਹਿ ਰਿਹਾ ਹੁੰਦਾ ਹੈ ਕਿ ਇਸ ਭਗਵੀਂ ਦਹਿਸ਼ਤਗਰਦੀ ਨੇ ਬਖਸ਼ਣਾ ਕਿਸੇ ਨੂੰ ਨਹੀਂ, ਕਿਸੇ ਵੀ ਵੇਲੇ ਕਿਸੇ ਨੂੰ ਕਿਸੇ ਵੀ ਥਾਂ ਜਲੀਲ ਹੋਕੇ ਮਰਨਾ ਪੈ ਸਕਦਾ ਹੈ।ਤੁਸੀਂ ਪਰਿਵਾਰ ਵਿਚ ਕੋਈ ਖੁਸ਼ੀ ਦਾ ਦਿਨ ਮਨਾ ਰਹੇ ਹੋਵੋਂਗੇ।ਬੱਚੇ ਦਾ ਜਨਮ ਦਿਨ ਹੈ।ਇੱਕਦਮ ਇੱਕ ਵਹਿਸ਼ੀ ਭੀੜ ਅੰਦਰ ਵੜੇਗੀ ਤੇ ਲਲਕਾਰਦੀ ਹੋਈ ਘਰ ਨੂੰ ਤੋੜਫੋੜ ਕਰਕੇ ਅੱਗ ਲਾ ਦੇਵੇਗੀ।ਤੁਸੀ ਸਾਰੇ ਬਾਹਰ ਵੱਲ ਭੱਜੋਂਗੇ ਤਾਂ ਡਾਂਗਾਂ-ਲੋਹੇ ਦੀਆ ਰਾਡਾਂ ਨਾਲ ਹਮਲਾ ਹੋ ਜਾਵੇਗਾ।ਤੁਹਾਡੇ ਟੱਬਰ ਦੀਆਂ ਔਰਤਾਂ ਨੂੰ ਬੇਪੱਤ ਕੀਤਾ ਜਾਵੇਗਾ।ਤੁਹਾਡੇ ਬਜੁਰਗਾਂ ਨੂੰ ਬੇਦਰਦੀ ਨਾਲ ਮਾਰਿਆ ਜਾਵੇਗਾ ਤੇ ਫਿਰ ਤੁਹਾਡੇ ਗਲ਼ ਵਿਚ ਬਲ਼ਦਾ ਟਾਇਰ ਪਾ ਦਿਤਾ ਜਾਵੇਗਾ ਜਦ ਅੰਤਾਂ ਦੀ ਪੀੜ ਨਾਲ ਤੁਸੀ ਕਲਪ ਰਹੇ ਹੋਵੋਂਗੇ ਤਾਂ ‘ਮਹਾਨ ਦੇਸ਼ਭਗਤ ਹੱਸ ਕੇ ਕਹਿਣਗੇ,“ਦੇਖੋ ! ਸਿੱਖੜਾ ਡਾਂਸ ਕਰ ਰਿਹਾ ਹੈ।” !ਓਸ ਵੇਲੇ ਚੇਤੇ ਕਰੀ ਜਾਇਓ ਕਿ ਇਸ ਮੁਲਕ ਲਈ ਤੁਹਾਡੇ ਬਾਪ-ਦਾਦੇ ਕੁਰਬਾਨੀਆਂ ਕਰਦੇ ਰਹੇ।ਚੇਤੇ ਕਰੀ ਜਾਇਓ ਕਿ ਸਿੱਖਾਂ ਨੇ ਇਸ ਮੁਲਕ ਲਈ ਕਿਵੇਂ ਸੀਸ ਤਲ਼ੀ ਤੇ ਧਰਕੇ ਜੰਗਾਂ ਲੜੀਆਂ ! ਮੈਨੂੰ ਪਤਾ ਕਿ ਇਹ ਸਭ ਕੁਝ ਸੱਚ ਮੰਨਣਾ ਔਖਾ ਹੁੰਦਾ ਹੈ।ਹਰੇਕ ਸੋਚਦਾ ਹੈ ਕਿ ਇਹ ਮੇਰੇ ਨਾਲ ਨਹੀ ਹੋ ਸਕਦਾ ਪਰ ਅਸਲ ਵਿਚ ਇਹ ਕੁਝ ਜਿੰਨਾਂ ਨਾਲ ਪਹਿਲਾਂ ਵਾਪਰਿਆ ਹੈ ਉਨਾਂ ਨੂੰ ਵੀ ਇਹੀ ਯਕੀਨ ਸੀ ਕਿ ਇਹ ਸਾਡੇ ਨਾਲ ਨਹੀ ਹੋ ਸਕਦਾ।ਇਹ ਵਹਿਮ ਉਦੋਂ ਹੀ ਨਿਕਲਦਾ ਹੈ ਜਦ ਬਲ਼ਦਾ ਟਾਇਰ ਗਲ਼ ਵਿਚ ਹੁੰਦਾ ਹੈ ਤੇ ਤੁਸੀ ਆਪਦੀ ਮਾਸੂਮ ਧੀ ਨੂੰ ਕਿਸੇ ਹਿੰਦੂ ਗੁੰਡੇ ਹੱਥੋਂ ਬੇਪੱਤ ਹੁੰਦੀ ਦੇਖਕੇ ਉਹਦੇ ਨਾਲੋਂ ਵੀ ਵੱਡੀਆ ਚੀਕਾਂ ਮਾਰਦੇ ਹੋਂ ! ਓਹ ਘੜੀ ਆਉਣ ਤੋਂ ਪਹਿਲਾਂ ਤਾਂ ਮੇਰੇ ਵਰਗੇ ਸਾਰੇ ਬੰਦੇ ਮਾੜੇ,ਜਜਬਾਤੀ,ਘਟੀਆ ਲੱਗਦੇ ਨੇ।ਸੱਚ ਦੱਸਣ ਵਾਲਿਆਂ ਦੀ ਕਦਰ ਪਹਿਲ਼ਾ ਕੋਈ ਪਾਂਉਂਦਾ ਨਹੀ ਤੇ ਮਗਰੋਂ ਪਾਉਣ ਜੋਗਾ ਰਹਿੰਦਾ ਨਹੀ!ਜਦ ਮੈਂ ਆਪਦੇ ਜਜਬਾਤ ਪ੍ਰਗਟਾਉਂਦਾ ਰਹਿੰਦਾ ਹਾਂ ਤਾਂ ਮੇਰੇ ਮਨ ਵਿਚ ਕੋਈ ਚੀਜ ਬਚਦੀ ਨਹੀ।ਬੇਸ਼ੱਕ ਇਸ ਪੋਸਟ ਦੇ ਲਿਖਣ-ਸਾਰ ਹੀ ਹਿੰਦੂ ਦਹਿਸ਼ਤਗਰਦ ਜਾਂ ਖਾਕੀ ਵਰਦੀ ਮੇਰੇ ਵੇਹੜੇ ਵਿਚ ਵੜਕੇ ਜੁਲਮ ਢਾਹੁਣ ਆ ਵੜਨ ਪਰ ਮਨ ਨੂੰ ਇਹ ਤਾਂ ਹੋਵੇਗਾ ਕਿ ਜੋ ਕੁਝ ਕਹਿਣਾ-ਸੋਚਣਾ ਤੇ ਬੋਲਣਾ ਚਾਹੀਦਾ ਸੀ,ਉਹ ਸਭ ਕੁਝ ਕੀਤਾ ਤਾਂ ਹੈ।ਜਿਹੜੇ ਲੋਕ ਖੁਦ ਨੂੰ ਬਹੁਤੇ ਸਿਆਣੇ,ਦੇਸ਼ਭਗਤ ਤੇ ਬੀਬੇ ਸਮਝਦੇ ਨੇ ਉਹ ਜਲੀਲ ਹੋਕੇ ਮਰਨ ਤੋਂ ਪਹਿਲਾਂ ਲਾਜਮੀ ਮਨ ਵਿਚ ਲਿਆਉਣਗੇ ਕਿ ‘ਘੁਮਾਣ ਸੱਚ ਕਲਪਦਾ ਹੁੰਦਾ ਸੀ,ਇਹ ਅਕ੍ਰਿਤਘਣ ਹਿੰਦੂ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ“।

ਸਿੱਖੋ ! ਬਚ ਜਾਓ ਉਨਾਂ ਆਗੂਆਂ ਤੋਂ ਜਿਹੜੇ ਤੁਹਾਨੂੰ ਭਰਮਾਈ ਫਿਰਦੇ ਨੇ।ਇਹ ਤਾਂ ਕੁਰਸੀਆਂ ਦੇ ਲਾਲਚ ਵਿਚ ਸਿਖ ਸ਼ਕਤੀ ਨੂੰ ਉਲਝਾਈ ਫਿਰਦੇ ਨੇ ਪਰ ਜਦ ਭਗਵੀਂ ਦਹਿਸ਼ਤਗਰਦੀ ਦਾ ਤਾਂਡਵ ਸ਼ੁਰੂ ਹੋਇਆ ਤਾਂ ਇੰਨਾਂ ਨੇ ਨਹੀ ਲੱਭਣਾ।ਫੇਰ ਗੁਰੂ-ਪਾਤਸ਼ਾਹ ਅੱਗੇ ਕੀਤੀਆਂ ਅਰਦਾਸਾਂ ਵੀ ਕੰਮ ਨਹੀ ਆਉਣੀਆਂ।ਵੇਲੇ ਸਿਰ ਕੋਈ ਵਿਉਂਤ ਬਣਾ ਕੇ ਰੱਖੋ।

**ਐਸ.ਐਸ. ਘੁਮਾਣ**

97819-91622

# ਨਸਲਵਾਦੀ ਹਿੰਸਾ ਕਾਰਨ ਪੂਰਾ ਵਿਸ਼ਵ ਦਹਿਸ਼ਤ ਦਾ ਸ਼ਿਕਾਰ

**ਰਜਿੰਦਰ ਸਿੰਘ**

ਨਿਊਜ਼ੀਲੈਂਡ ਹਮਲਾ ਕਰੂਸੇਡ ਨਹੀਂ, ਅੱਤਵਾਦ ਤੇ ਨਸਲਵਾਦ ਹੈ। ਨਿਊਜ਼ੀਲੈਂਡ ਵਰਗਾ ਦੇਸ, ਜਿੱਥੇ ਹਿੰਸਾ ਬਹੁਤ ਘੱਟ ਵਾਪਰੀ ਹੈ। ਪਰ ਅਚਾਨਕ ਮਸਜਿਦ ਵਿਚ ਖ਼ੂਨ ਦੀ ਹੋਲੀ ਖੇਡੀ ਜਾਏ ਤਾਂ ਪੁਲੀਸ, ਸਰਕਾਰ ਤੇ ਆਮ ਨਾਗਰਿਕ ਦੀ ਕੀ ਮਾਨਸਿਕ ਦਸ਼ਾ ਹੋਵੇਗੀ, ਇਸ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਗਲੋਬਲ ਪੀਸ ਇਡੈਂਕਸ ਵਿਚ ਨਿਊਜ਼ੀਲੈਂਡ 2017-18 ਦੌਰਾਨ ਦੁਨੀਆਂ ਦਾ ਦੂਸਰਾ ਸਭ ਤੋਂ ਸ਼ਾਂਤ ਦੇਸ ਮੰਨਿਆ ਗਿਆ ਹੈ। 2007 ਤੋਂ 2016 ਵਿਚਾਲੇ ਇੱਥੇ ਹੱਤਿਆਵਾਂ ਦੇ ਮਾਮਲੇ 20 ਤੋਂ ਉੱਪਰ ਨਹੀਂ ਸਨ ਟੱਪੇ। ਹਾਂ 2017 ਵਿਚ ਪੈਂਤੀ ਮਾਮਲੇ ਸਾਹਮਣੇ ਆਏ ਤੇ ਪੂਰੇ ਦੇਸ ਵਿਚ ਚਰਚਾ ਦਾ ਵਿਸ਼ਾ ਬਣੇ। ਅਜਿਹੇ ਦੇਸ ਵਿਚ ਪੰਜਾਹ ਲੋਕਾਂ ਨੂੰ ਦਿਨ ਦਿਹਾੜੇ ਇਕ ਨਸਲਵਾਦੀ ਗੋਰੇ ਵੱਲੋਂ ਭੁੰਨ ਦਿੱਤਾ ਜਾਵੇ, ਦੂਸਰੇ ਧਰਮ ਦੇ ਲੋਕਾਂ ਨੂੰ ਤਾਂ ਨਿਊਜ਼ੀਲੈਂਡ ਵਰਗੇ ਦੇਸ ਲਈ ਚਿੰਤਾ ਦੀ ਗੱਲ ਬਣਦੀ ਹੈ। ਇਹ ਚਿੰਤਾ ਪੂਰੇ ਵਿਸ਼ਵ ਦੇ ਲੋਕਾਂ ਦੀ ਹੈ, ਜੋ ਸ਼ਾਂਤੀ ਚਾਹੁੰਦੇ ਹਨ ਤੇ ਸਰਬੱਤ ਦਾ ਭਲਾ ਚਾਹੁੰਦੇ ਹਨ।

ਹਮਲਾਵਰ ਨੇ ਕਰਾਈਸਟ ਚਰਚ ਦੇ ਅਲ ਨੂਰ ਮਸਜਿਦ ਅਤੇ ਉਪ ਨਗਰੀ ਇਲਾਕੇ ਲਿਨਵੁੱਡ ਮਸਜਿਦ ਵਿਚ ਜੁੰਮੇ ਦੀ ਨਮਾਜ਼ ਦਾ ਸਮਾਂ ਚੁਣਿਆ ਤਾਂ ਕਿ ਇਕੱਠੇ ਹੋਏ ਮੁਸਲਮਾਨਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਗਿਣਤੀ ਵਿਚ ਮਾਰਿਆ ਜਾ ਸਕੇ। ਦੁਨੀਆਂ ਭਰ ਵਿਚ ਹੋ ਰਹੇ ਅੱਤਵਾਦੀ ਹਮਲਿਆਂ ਦੀ ਪ੍ਰਵਿਰਤੀ ਦੇ ਵਿਚਾਲੇ ਇਸ ਹਮਲੇ ਦੇ ਪਿੱਛੇ ਪਿਆ ਵਿਚਾਰ ਏਨਾ ਖਤਰਨਾਕ ਹੈ ਜੇਕਰ ਇਸ ਦਾ ਪ੍ਰਭਾਵ ਵਿਸ਼ਾਲ ਹੋ ਗਿਆ ਤਾਂ ਦੁਨੀਆਂ ਦਾ ਵੱਡਾ ਭਾਗ ਨਸਲਵਾਦੀ ਤੇ ਅੱਤਵਾਦੀ ਹਿੰਸਾ ਵਿਚਾਲੇ ਪੀੜਿਆ ਜਾਵੇਗਾ। ਅਸਲ ਵਿਚ ਇਸ ਹਮਲੇ ਨੂੰ ਨਸਲਵਾਦੀ ਹਮਲਾ ਕਿਹਾ ਜਾਣਾ ਚਾਹੀਦਾ ਹੈ। ਇਹ ਨਸਲਵਾਦ ਪੂਰੇ ਵਿਸ਼ਵ ਵਿਚ ਫੈਲਿਆ ਹੈ। ਦੁਨੀਆਂ ਇਸਾਈਅਤ ਤੇ ਇਸਲਾਮ ਵਿਚ ਵੰਡੀ ਜਾ ਚੁੱਕੀ ਹੈ। ਪੱਛਮੀ ਦੇਸਾਂ ਵਿਚ ਮੁਸਲਮਾਨਾਂ ਬਾਰੇ ਇਹ ਨਸਲੀ ਵਿਚਾਰ ਤੇਜ਼ੀ ਨਾਲ ਫੈਲ ਰਿਹਾ ਹੈ ਕਿ ਮੁਸਲਮਾਨ ਅੱਤਵਾਦੀ ਹੁੰਦੇ ਹਨ ਤੇ ਮੁਸਲਮਾਨਾਂ ਵਿਚ ਇਹ ਗੱਲ ਫੈਲਾਈ ਜਾ ਰਹੀ ਹੈ ਕਿ ਪੱਛਮੀ ਦੇਸਾਂ ਦੇ ਲੋਕ ਮੁਸਲਮਾਨਾਂ ਤੇ ਇਸਲਾਮੀ ਦੇਸਾਂ ਦਾ ਸ਼ੋਸ਼ਣ ਕਰ ਰਹੇ ਹਨ ਤੇ ਇਨ੍ਹਾਂ ਨੂੰ ਮਾਰਨਾ ਜਿਹਾਦ ਹੈ। ਇਸ ਨਸਲੀ ਵਿਚਾਰ ਨੂੰ ਲੈ ਕੇ ਕਥਿਤ ਜਿਹਾਦੀ ਜਥੇਬੰਦੀਆਂ ਹੋਂਦ ਵਿਚ ਆ ਰਹੀਆਂ ਹਨ। ਇਸਲਾਮਿਕ ਸਟੇਟ ਇਸ ਗੱਲ ਦੀ ਪ੍ਰਮੁਖ ਉਦਾਹਰਣ ਹੈ। ਸੀਰੀਆ ਵਿਚ ਇਨ੍ਹਾਂ ਦਾ ਬੋਲਬਾਲਾ ਹੈ ਤੇ ਪੂਰਾ ਵਿਸ਼ਵ ਇਸ ਦਹਿਸ਼ਤ ਦਾ ਸ਼ਿਕਾਰ ਹੈ। ਜੋ ਦਹਿਸ਼ਤ ਨਸਲਵਾਦੀ ਹਮਲਿਆਂ ਕਾਰਨ ਫੈਲੀ ਹੋਈ ਹੈ, ਉਹ ਇਸ ਜਿਹਾਦੀ ਹਿੰਸਾ ਨੂੰ ਹੋਰ ਭੜਕਾਏਗੀ।






ਨਿਊਜ਼ੀਲੈਂਡ ਵਿਚ ਨਸਲੀ ਹਿੰਸਾ ਦੇ ਜ਼ਿੰਮੇਵਾਰ 28 ਸਾਲਾ ਬਰੈਂਟਨ ਟੈਰੇਂਟ ਨੇ ਫੇਸਬੁੱਕ ’ਤੇ ਇਸ ਹਿੰਸਕ ਤੇ ਮਨੁੱਖਤਾ ਵਿਰੋਧੀ ਕਾਰਵਾਈ ਨੂੰ 17 ਮਿੰਟ ਫੇਸਬੁੱਕ ’ਤੇ ਲਾਈਵ ਕਰਕੇ ਸ਼ੈਤਾਨੀਅਤ ਦਾ ਚਿਹਰਾ ਦਿਖਾਇਆ। ਉਸ ਨੇ ਫੇਸਬੁੱਕ ਤੇ ਇਹ ਲਿਖਿਆ ਸੀ ਕਿ ਇਹ ਜਿਹਾਦੀ ਹਮਲਾਵਰਾਂ ਦੁਆਰਾ ਹਜ਼ਾਰਾਂ ਲੋਕਾਂ ਦੀ ਮੌਤ ਦਾ ਬਦਲਾ ਲੈਣ ਲਈ ਹੈ। ਮੈਨੀਫੈਸਟੋ ਵਿਚ ਟੈਰੇਂਟ ਨੇ 2017 ਵਿਚ ਸਵੀਡਨ ਦੇ ਸਟਾਕਹੋਮ ਵਿਚ ਇਕ ਓਜਬੇਗ ਮੁਸਲਮਾਨ ਦੁਆਰਾ ਭੀੜ ’ਤੇ ਟਰੱਕ ਚਾੜ੍ਹਨ ਦੀ ਘਟਨਾ ਦਾ ਜ਼ਿਕਰ ਕੀਤਾ। ਇਸ ਵਿਚ ਪੰਜ ਲੋਕਾਂ ਦੀ ਮੌਤ ਹੋ ਗਈ ਸੀ। 11 ਸਾਲ ਦੀ ਬੱਚੀ ਦੀ ਹੋਈ ਮੌਤ ਨੇ ਉਸ ਨੂੰ ਅਜਿਹਾ ਕਰਨ ਲਈ ਮਜ਼ਬੂਰ ਕਰ ਦਿੱਤਾ ਸੀ। ਉਹ ਜਦ ਫਰਾਂਸ ਪਹੁੰਚਿਆ ਤਾਂ ਸ਼ਹਿਰਾਂ ਤੇ ਕਸਬਿਆਂ ਵਿਚ ਮੁਸਲਮਾਨਾਂ ਦੀ ਭੀੜ ਦੇਖ ਕੇ ਉਸ ਨੇ ਬਦਲਾ ਲੈਣ ਦੀ ਠਾਣ ਲਈ। ਹੁਣੇ ਜਿਹੇ ਕਈ ਸਾਲਾਂ ਤੋਂ ਜਿਹਾਦੀਆਂ ਦੁਆਰਾ ਬ੍ਰਿਟੇਨ, ਫਰਾਂਸ, ਬੈਲਜੀਅਮ, ਸਵੀਡਨ ਵਿਚ ਹੋਏ ਹਮਲਿਆਂ ਨੇ ਉਸ ਦੇ ਅੰਦਰ ਵਿਚਾਰ ਪੈਦਾ ਕੀਤਾ ਕਿ ਮੁਸਲਮਾਨ ਸੰਸਾਰ ’ਤੇ ਆਪਣਾ ਕਬਜ਼ਾ ਕਰਨ ਲਈ ਅਜਿਹੀ ਹਿੰਸਾ ਨੂੰ ਉਤਸ਼ਾਹਿਤ ਕਰ ਰਹੇ ਹਨ। ਇਹ ਧਾਰਨਾ ਨਸਲਵਾਦ ਨੂੰ ਜਨਮ ਦੇ ਰਹੀ ਹੈ। ਮੁਸਲਮਾਨਾਂ ਨੂੰ ਸ਼ਰਨ ਦੇਣ ਦਾ ਵਿਰੋਧ ਇਸੇ ਨਸਲਵਾਦ ਦਾ ਨਤੀਜਾ ਹੈ। ਨਵੀਂ ਪੱਛਮੀ ਪੀੜ੍ਹੀ ਦੇ ਅੰਦਰ ਇਸਲਾਮ ਤੇ ਇਸਾਈਅਤ ਦੇ ਸੰਬੰਧਾਂ ਬਾਰੇ ਇਤਿਹਾਸ ਪੜ੍ਹਨ ਦੀ ਰੁਚੀ ਜਾਗੀ ਹੈ।

ਬਾਕੀ ਸਫ਼ਾ 30 ’ਤੇ

# ਸਿੱਖੀ ਨੂੰ ਬ੍ਰਾਹਮਣਵਾਦ ਤੋਂ ਖਤਰੇ ਖਿਲਾਫ਼ ਜੂਝਣ ਦੀ ਲੋੜ

**ਸਰਬਜੀਤ ਸਿੰਘ ਘੁਮਾਣ**



ਸਾਡੇ ਵਰਗੇ ਨਿਮਾਣੇ,ਨਿਤਾਣੇ,ਲਤਾੜੇ ਹੋਇਆਂ ਨੂੰ 'ਨੀਚੋਂ ਊਚ' ਕਰਨ ਵਾਲੀ ਵਿਚਾਰਧਾਰਾ ਦੇ ਪਰਚਾਰਕ, ਪਿਆਰੇ 'ਬਾਬੇ' ਗੁਰੂ ਨਾਨਕ ਜੀ ਦੀ ਗੱਲ ਕਰਦੇ ਹਾਂ, ਜਿਸਨੇ ਸਿੱਖ ਇਨਕਲਾਬ ਦਾ ਮੁੱਢ ਬੰਨ੍ਹਿਆ। ਅਸੀਂ ਦੇਖਦੇ ਹਾਂ ਕਿ ਗੁਰੂ ਕਾਲ ਤੋਂ ਪਹਿਲਾਂ ਹੋਏ ਮਹਾਂਪੁਰਖਾਂ ਨੇ ਬ੍ਰਾਹਮਣ ਤੇ ਬ੍ਰਾਹਮਣਵਾਦ ਦੇ ਝੂਠੇ, ਅਡੰਬਰੀ ਤੇ ਸ਼ੋਸ਼ਣ ਦੇ ਸਮਰਥਕ ਲੁਟੇਰੇ ਸਿਸਟਮ ਖਿਲਾਫ ਲੋਕਾਂ ਨੂੰ ਜਾਗਰੂਕ ਕਰਨ ਵਿਚ ਕੋਈ ਕਸਰ ਨਹੀ ਛੱਡੀ, ਇਥੋਂ ਤੱਕ ਕਿ ਭਗਤ ਕਬੀਰ ਜੀ ਦੀ ਬਾਣੀ ਤਾਂ ਬ੍ਰਾਹਮਣ ਤੇ ਬ੍ਰਾਹਮਣਵਾਦ ਖਿਲਾਫ ਸਭ ਤੋਂ ਵੱਧ ਤਿਖੀ ਸੁਰ ਵਾਲੀ ਹੈ ਪਰ ਗੁਰੂ ਨਾਨਕ ਸਾਹਿਬ ਬਿਪਰਵਾਦ ਨੂੰ ਮੁੱਢੋਂ ਰੱਦ ਕਰਨ ਤੇ ਮਨੁੱਖੀ ਜੀਵਨ ਜਾਚ ਦਾ ਨਵਾਂ ਮਾਡਲ ਦੇਣ ਵਿਚ ਸਭ ਤੋਂ ਪਹਿਲੇ ਨੰਬਰ ਉਤੇ ਹਨ। ਉਸ ਵੇਲੇ ਦੀ ਬ੍ਰਾਹਮਣਵਾਦੀ ਵੰਡ ਸਿਖਰ ਤੇ ਸੀ ਜਿਸ ਅਨੁਸਾਰ ਬ੍ਰਾਹਮਣ ਨੂੰ ਬਾਕੀ ਸਮਾਜ ਦਾ ਅਣ-ਐਲਾਨਿਆਂ ਬਾਦਸ਼ਾਹ,ਮਾਲਕ ਤੇ 'ਰੱਬ' ਹੀ ਬਣਾ ਦਿਤਾ ਗਿਆ ਸੀ ਜੋ ਬਾਕੀ ਲੋਕਾਂ ਨਾਲ ਜਿਵੇਂ ਮਰਜ਼ੀ ਨੀਚ ਤੋਂ ਨੀਚ ਵਿਹਾਰ ਕਰੇ।ਬ੍ਰਾਹਮਣਵਾਦੀ ਮਨੁਖਤਾ-ਦੋਖੀ ਨਿਜ਼ਾਮ ਨੂੰ ਚੁਣੌਤੀ ਦੇਣ ਵਾਲੇ ਮਹਾਂਪੁਰਖ ਗੈਰ-ਬ੍ਰਾਹਮਣ ਸਨ। ਉਹ ਉਨਾਂ ਵਰਗਾਂ ਵਿਚੋਂ ਸਨ ਜਿਨਾਂ ਨੂੰ ਬ੍ਰਾਹਮਣ ਨੇ ਖੱਤਰੀ,ਵੈਸ਼ ਤੇ ਸ਼ੂਦਰ ਕਹਿਕੇ ਰੱਬ ਦਾ ਨਾਂ ਲੈਣ ਤੋਂ ਵੀ ਮਨ੍ਹਾ ਕੀਤਾ ਹੋਇਆ ਸੀ।ਇਸ ਮਾਮਲੇ ਵਿਚ ਸਭ ਤੋਂ ਮਾੜੀ ਸਥਿਤੀ ਸ਼ੂਦਰਾਂ ਦੀ ਸੀ, ਜਿਨਾਂ ਬਾਰੇ ਰੱਬ ਦਾ ਨਾਂ ਜਪਣ ਦੇ ਦੋਸ਼ ਕਾਰਨ, ਜੀਭ ਕੱਟਣ ਤੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਏ ਜਾਣ ਦੇ 'ਹੁਕਮ'ਸਨ।ਤੁਲਸੀ ਦਾਸ ਨੇ ਰਾਮ ਚਰਿਤ ਮਾਨਸ ਵਿਚ 'ਭਗਵਾਨ ਰਾਮ' ਵਲੋਂ ਸ਼ੰਭੂਕ ਨਾਂ ਦੇ ਸ਼ੂਦਰ ਦਾ ਸਿਰ ਕਲਮ ਦੀ ਗੱਲ ਲਿਖੀ ਹੈ ਕਿ ਕਿਸੇ ਬ੍ਰਾਹਮਣ ਦਾ ਪੁੱਤ ਮਰ ਗਿਆ ਸੀ ਤੇ ਉਸਦਾ ਕਾਰਨ ਸ਼ੰਭੂਕ ਦੀ ਭਗਤੀ ਕਰਨਾ ਮੰਨਿਆ ਗਿਆ ਸੀ।ਜਿਸ ਫਲ਼ਸਫੇ ਦੇ 'ਭਗਵਾਨ' ਵੀ ਬੰਦਿਆਂ ਨੂੰ ਜਾਤਾਂ-ਵਰਣਾਂ ਦੇ ਹਿਸਾਬ ਨਾਲ ਊਚ ਤੇ ਨੀਚ ਮੰਨਦੇ ਹੋਣ,ਉਥੋਂ ਸ਼ੂਦਰ ਕਹੇ ਜਾਂਦੇ ਲੋਕਾਂ ਲਈ ਕੀ ਭਲਿਆਈ ਦੀ ਆਸ ਕੀਤੀ ਜਾ ਸਕਦੀ ਸੀ ? ਉਂਝ ਨਵੀਨ ਖੋਜਾਂ ਸਾਬਿਤ ਕਰ ਚੁਕੀਆਂ ਹਨ ਕਿ ਸ਼ੂਦਰ ਕਹੇ ਗਏ ਲੋਕ ਅਸਲ ਵਿਚ ਉਹ ਅਸਲ ਭਾਰਤੀ ਲੋਕ ਹਨ ਜੋ ਇਥੋਂ ਦੇ ਅਸਲ ਬਸ਼ਿੰਦੇ ਹਨ ਤੇ ਜਿਨਾਂ ਨੂੰ ਮੱਧ-ਏਸ਼ੀਆ ਤੋਂ ਆਏ ਆਰੀਅਨ ਲੋਕਾਂ ਨੇ ਸਾਮ-ਦਾਮ-ਦੰਡ-ਭੇਦ ਦੀ ਕੂਟਨੀਤੀ ਨਾਲ ਹਰਾਕੇ ਗੁਲਾਮ ਬਣਾ ਲਿਆ ਸੀ।ਹੜੱਪਾ ਸੱਭਿਅਤਾ ਦੀ ਤਬਾਹੀ ਦੇ ਵੇਰਵੇ ਸਾਨੂੰ ਆਰੀਅਨ ਲੋਕਾਂ ਦੇ ਅਸਲ ਭਾਰਤੀ ਲੋਕਾਂ ਉਤੇ ਢਾਹੇ ਕਹਿਰ ਦੀ ਕਹਾਣੀ ਦੱਸਦੇ ਹਨ।ਹੁਣ ਆਮ ਸਭ ਨੂੰ ਪਤਾ ਹੈ ਕਿ ਬ੍ਰਾਹਮਣ ਕਿਸੇ ਦੇ ਸਿਰ ਤੋਂ ਪੈਦਾ ਨਹੀ ਹੋਏ ਸਗੋਂ ਇਹ ਤਾਂ ਉਨਾਂ ਆਰੀਅਨ ਲੋਕਾਂ ਦਾ ਨਾਂ ਹੈ ਜੋ ਜੇਤੂ ਰਹੇ ਤੇ ਸ਼ੂਦਰ ਕਿਸੇ ਦੇ ਪੈਰਾਂ ਵਿਚੋਂ ਪੈਦਾ ਨਹੀ ਹੋਏ ਸਗੋਂ ਇਹ ਉਨਾਂ ਅਸਲ ਭਾਰਤੀਆਂ ਦੇ ਵਾਰਿਸ ਹਨ ਜੋ ਹਾਰ ਗਏ। ਇਤਿਹਾਸਕਾਰਾਂ ਨੇ ਸੱਚਾਈ ਸਾਹਮਣੇ ਲੈ ਆਂਦੀ ਹੈ ਕਿ ਰਾਖਸ਼, ,ਦੈਂਤ,ਦਾਨਵ ਤੇ ਹੋਰ ਨਾਂ ਜੋ ਸਦੀਆਂ ਤੋਂ ਦੁਰਕਾਰੇ,ਖਤਰਨਾਕ,ਡਰਾਉਣੇ ਤੇ ਮਨੁਖਤਾ ਦੇ ਵੈਰੀ ਕਹਿਕੇ ਪਰਚਾਰੇ ਗਏ ਹਨ,ਅਸਲ ਵਿਚ ਉਹ ਬ੍ਰਹਮਣਾਂ ਦੇ ਵੈਰੀ ਅਸਲ ਭਾਰਤੀ ਕਬੀਲੇ ਹਨ।ਜੇਤੂ ਧਿਰ ਨੇ ਆਪਣੇ ਗਲਤ ਤੋਂ ਗਲਤ ਪਾਤਰ ਨੂੰ ਵਡਿਆਇਆ ਤੇ ਹਾਰੇ ਲੋਕਾਂ ਦੇ ਚੰਗੇ ਤੋਂ ਚੰਗੇ ਨੂੰ ਵੀ ਭੰਡਿਆ।ਦੱਸੋ ਉਹ ਕਿਵੇਂ ਸਤਿਕਾਰ ਦੇ ਕਾਬਿਲ ਹੈ ਜਿਸਨੇ ਗੌਤਮ ਰਿਖੀ ਦੀ ਪਤਨੀ ਅਹਿਲਿਆ ਨਾਲ ਵਿਭਚਾਰ ਕੀਤਾ,ਉਹ ਕਿਵੇਂ ਚੰਗਾ ਹੈ ਜੋ ਆਪਣੀ ਧੀ ਤੇ ਹੀ ਡੁਲ੍ਹ ਗਿਆ,ਉਹ ਜਿਸਦੇ ਹਰ'ਅਵਤਾਰ'ਵਿਚ ਕਪਟ-ਝੂਠ,ਠੱਗੀ ਤੇ ਅਨੈਤਿਕਤਾ ਦਾ ਬੋਲਬਾਲਾ ਹੈ,ਜੋ ਆਪਣੀ ਪਤਨੀ ਦੀ ਰਾਖੀ ਨਹੀ ਕਰ ਸਕਿਆ ਤੇ ਬਾਲੀ ਅਤੇ ਰਾਵਣ ਵਰਗੇ ਯੋਧਿਆਂ ਨੂੰ ਧੋਖੇ ਨਾਲ ਮਾਰ ਸਕਿਆ ਤੇ ਜਿਸ ਦੀ ਕਾਮ-ਵਾਸ਼ਨਾ ਦੀਆਂ ਕਹਾਣੀਆਂ ਖਿੱਲਰੀਆਂ ਪਈਆਂ ਹਨ,ਇਹਨਾਂ ਦੀਆਂ ਸਭ ਬੁਰਾਈਆਂ ਪ੍ਰਵਾਨ ਹਨ ਕਿਉਂਕਿ ਉਹ ਆਰੀਅਨ ਨਸਲ ਦੇ ਸਨ।ਦੂਜੇ ਪਾਸੇ ਆਪਣੀ ਧਰਤੀ,ਸਵੈਮਾਣ,ਤੇ ਆਪਣੇ ਹੱਕਾਂ ਦੀ ਰਾਖੀ ਲਈ ਲੜਨ ਵਾਲੇ ਨੈਤਿਕ ਕਦਰਾਂ-ਕੀਮਤਾਂ ਦੇ ਧਾਰਨੀ ਭਾਰਤੀਆਂ ਨੂੰ ਰੱਜਕੇ ਭੰਡਿਆ ਗਿਆ ਤੇ ਸ਼ਰਾਬ ਨਾ ਪੀਣ ਕਰਕੇ ਉਨਾਂ ਨੂੰ ਅਸੁਰ ਕਿਹਾ ਹੈ।ਧੰਨ ਹਨ ਉਹ ਲੋਕ ਜੋ ਅਜੇ ਵੀ ਬ੍ਰਾਹਮਣੀ ਕਿਰਦਾਰਾਂ ਨੂੰ ਵਡਿਆਈ ਜਾਂਦੇ ਹਨ ਤੇ ਸੱਚੇ-ਸੁਚੇ ਭਾਰਤੀਆਂ ਨੂੰ ਭੰਡੀ ਜਾਂਦੇ ਹਨ ਕਿ ਉਹ ਦੈਂਤ ਸਨ,ਦਾਨਵ ਸਨ,ਐਹ ਸਨ,ਔਹ ਸਨ,ਮਤਲਬ ਜੋ ਬ੍ਰਾਹਮਣ ਨੇ ਦੱਸਿਆ,ਉਹੀ ਅੱਗੇ ਕਹੀ ਜਾਂਦੇ ਹਨ,ਸੋਚਦੇ ਹੀ ਨਹੀ ਕਿ ਬ੍ਰਾਹਮਣ ਉਨਾਂ ਲੋਕਾਂ ਨੂੰ ਕਿਉਂ ਚੰਗੇ ਕਹੇਗਾ ਜਿੰਨਾਂ ਨੇ ਉਸਦੀ ਈਨ ਨਹੀ ਸੀ ਮੰਨੀ।ਅਸਲ ਵਿਚ ਆਰੀਅਨ ਸਭਿਆਚਾਰ ਤੇ ਭਾਰਤੀ ਸੱਭਿਆਚਾਰ ਦੀ ਟੱਕਰ ਵਿਚ ਅਜੇ



ਬ੍ਰਾਹਮਣਾਂ ਦਾ ਹੱਥ ਉਤੇ ਹੈ ਤੇ ਉਹ ਹਰ ਹਰਬਾ ਵਰਤਕੇ ਸੱਚਾਈ ਨੂੰ ਸਾਹਮਣੇ ਆਉਣੋਂ ਰੋਕ ਰਹੇ ਹਨ। ਸੰਸਾਰ ਭਰ ਵਿਚ ਜੇਤੂ ਕੌਮਾਂ ਨੇ ਹਾਰੇ ਲੋਕਾਂ ਨਾਲ ਦੁਰਵਿਹਾਰ ਕੀਤਾ ਹੋਵੇਗਾ ਪਰ ਇਸ ਮਾਮਲੇ ਵਿਚ ਬ੍ਰਾਹਮਣ ਨੇ ਜੋ ਕੀਤਾ ਉਸਨੇ ਮਨੁਖਤਾ ਦੇ ਇਤਿਹਾਸ ਵਿਚ ਸ਼ਰਮਨਾਕ ਪੰਨੇ ਜੋੜ ਦਿਤੇ।

ਬ੍ਰਾਹਮਣਵਾਦੀ ਜ਼ੁਲਮਾਂ ਖਿਲਾਫ ਵੈਸ਼ਾਂ ਤੇ ਸ਼ੂਦਰਾਂ ਵਿਚੋਂ ਅਵਾਜ ਬੁਲੰਦ ਕਰਨ ਵਾਲੇ ਹਰ ਮਹਾਂਪੁਰਖ ਨੂੰ ਬ੍ਰਾਹਮਣ ਨੇ ਖੱਤਰੀਆਂ ਦੀ ਤਾਕਤ ਨਾਲ ਦਬਾ ਦਿਤਾ। ਭਗਤ ਨਾਮਦੇਵ ਜੀ,ਭਗਤ ਰਵਿਦਾਸ ਜੀ, ਭਗਤ ਕਬੀਰ ਜੀ ਤੇ ਹੋਰ ਮਹਾਂਪੁਰਖਾਂ ਦੀਆਂ ਜੀਵਨੀਆਂ ਸਾਨੂੰ ਉਨਾਂ ਬ੍ਰਾਂਹਮਣਵਾਦੀ ਕੁਚਾਲਾਂ ਬਾਰੇ ਦੱਸਦੀਆਂ ਹਨ ਜੋ ਇਨਾਂ ਸੱਚੀਆਂ ਅਵਾਜਾਂ ਨੂੰ ਬੰਦ ਕਰਨ ਲਈ ਕੀਤੇ ਗਏ। ਬ੍ਰਾਹਮਣ ਦਾ ਮੁਖ ਮੁਦਾ ਇਹੀ ਹੁੰਦਾ ਸੀ-ਇਨਾਂ ਨੂੰ ਰੱਬ ਦਾ ਨਾਂ ਲੈਣ ਦਾ, ਵਿਦਿਆ ਹਾਸਿਲ ਕਰਨ ਦਾ ਤੇ ਗਲਤ ਨੂੰ ਗਲਤ ਕਹਿਣ ਦਾ ਕੋਈ ਅਧਿਕਾਰ ਹੀ ਨਹੀ।ਸੋ, ਸਮਾਜ ਨੂੰ ਵੰਡਕੇ, ਆਪੋ ਵਿਚ ਲੜਾਕੇ, ਆਪਣਾ ਤੋਰੀ ਫੁਲਕਾ ਚਲਾਈ ਜਾ ਰਹੇ ਬ੍ਰਾਹਮਣਦੀਆਂ ਪੌਂ-ਬਾਰਾਂ ਸਨ ਕਿ ਸਾਹਮਣੇ ਗੁਰੂ ਨਾਨਕ ਨੇ ਝੰਡਾ ਝੁਲਾ ਦਿਤਾ। ਪਹਿਲੋਂ ਤਾਂ ਬ੍ਰਾਹਮਣਵਾਦੀ ਲੋਕ ਹਰੇਕ ਨੂੰ ਵੈਸ਼-ਸ਼ੂਦਰ ਕਹਿਕੇ ਬਾਕੀ ਸਮਾਜ ਨੂੰ ਮਗਰ ਲਾ ਲੈਂਦੇ ਸੀ ਪਰ ਹੁਣ ਉਸ ਵਲੋਂ ਹੀ ਖੱਤਰੀ ਗਰਦਾਨੇ ਗਏ ਘਰਾਣੇ ਦੇ ਜੰਮੇ-ਜਾਏ ਗੁਰੂ ਨਾਨਕ ਸਾਹਿਬ ਸਨ !ਕੀ ਕਹੇ ?

ਬ੍ਰਾਹਮਣਵਾਦੀਆਂ ਨੇ ਗੁਰੂ ਸਾਹਿਬ ਨੂੰ ਕਰਮਕਾਂਡਾਂ ਵਿਚ ਉਲਝਾਉਣਾ ਚਾਹਿਆਂ ਤਾਂ ਉਨਾਂ ਜਨੇਊ ਦੇ ਸਮੁਚੇ ਵਿਧੀ-ਵਿਧਾਨ ਦੇ ਪਾਜ ਖੋਹਲ ਦਿਤੇ।ਜਦੋਂ ਬ੍ਰਾਹਮਣਵਾਦੀਆਂ ਨੇ ਦੇਖਿਆਂ ਕਿ ਗੁਰੁ ਸਾਹਿਬ ਤਾਂ ਵੈਸ਼ ਤੇ ਸ਼ੂਦਰ ਕਹਿਕੇ ਦੁਰਕਾਰੇ ਲੋਕਾਂ ਨੂੰ ਗੱਲ ਨਾਲ ਲਾਕੇ ਸੱਚ ਦਾ ਗਿਆਨ ਦੇ ਰਹੇ ਹਨ ਤਾਂਉਨਾਂ ਗੁਰੁ ਸਾਹਿਬ ਨੂੰ ਉਨਾਂ ਦੇ ਉਚੇ ਘਰਾਣੇ-ਖੱਤਰੀ ਹੋਣ ਦੀ ਗੱਲ ਰੜਕਾਈ ਪਰ ਗੁਰੁ ਸਾਹਿਬ ਨੇ ਐਲਾਨ ਕੀਤਾ ਕਿ ਮੈਂ ਤਾਂ ਇਨਾਂ ਲੋਕਾਂ ਦਾ ਹੀ ਸੰਗੀ ਸਾਥੀ ਹਾਂ, ਮੈਂ ਵੱਡਿਆਂ ਤੋਂ ਕੀ ਲੈਣਾ ਹੈ ਤੇ ਜਿਥੇ ਵੀ ਇਹ ਤੁਹਾਡੇ ਵਲੋਂ 'ਨੀਚ'ਗਰਦਾਨੇ ਲੋਕਾਂ ਦਾ ਪਿਆਰ-ਸਤਿਕਾਰ ਕੀਤਾ ਜਾਵੇਗਾ,ਉਥੇ ਹੀ ਰੱਬ ਦੀ ਬਖਸ਼ਿਸ਼ ਹੁੰਦੀ ਹੈ।

ਇੰਝ ਗੁਰੁ ਨਾਨਕ ਸਾਹਿਬ ਨੇ ਬ੍ਰਾਹਮਣ ਤੇ ਬ੍ਰਾਹਮਣਵਾਦੀ ਜ਼ੁਲਮਾਂ ਦਾ ਸ਼ਿਕਾਰ ਲੋਕਾਂ ਨੂੰ ਸਿਖੀ ਦਾ ਕਿਲਾ ਬਣਾਕੇ ਦਿਤਾ ਜਿਥੇ ਬੈਠੇ ਕਿਸੇ ਵੀ ਸਖਸ਼ ਨੂੰ ਬ੍ਰਾਹਮਣਵਾਦ ਕੱਖ ਨਹੀ ਕਰ ਸਕਦਾ ! ਦਸ ਗੁਰੁ ਸਾਹਿਬਾਨ ਨੇ ਬ੍ਰਾਹਮਣ ਦੇ ਲਤਾੜੇ ਲੋਕਾਂ ਨੂੰ ਹਿੱਕ ਨਾਲ ਲਾਇਆ।ਅਸਲ ਵਿਚ ਸਿੱਖ ਵਿਚਾਰਧਾਰਾ ਨੇ ਬ੍ਰਾਹਮਣਵਾਦ ਖਿਲਾਫ ਜੰਗ ਲੜੀ।ਸ਼ੂਦਰ ਤੇ ਵੈਸ਼ ਕਹਿਕੇ ਦੁਰਕਾਰੇ ਲੋਕਾਂ ਨੂੰ ਗੁਰੁ-ਘਰ ਨੇ ਉਹ ਮਾਣ ਦਿਤਾ ਕਿ ਉਹ ਲੋਕ ਵੀ ਸਿਖ ਵਿਚਾਰਧਾਰਾ ਲਈ ਹੱਸਕੇ ਸੀਸ ਵਾਰਨਾ ਮਾਣ ਸਮਝਣ ਲੱਗੇ। ਭਾਈ ਜੈਤਾ ਜੀ ਵਰਗਿਆਂ ਨੂੰ ਰੰਘਰੇਟੇ ਗੁਰ ਕੇ ਬੇਟੇ ਹੋਣ ਦਾ ਰੁਤਬਾ ਮਿਲਿਆ। ਦਸ਼ਮੇਸ਼ ਪਾਤਸ਼ਾਹ ਨੇ ਇਸ ਜੰਗ ਨੂੰ ਸ਼ਿਖਰ ਤੇ ਲਿਜਾਂਦਿਆਂ ਖਾਲਸਾ ਪੰਥ ਦੀ ਸਿਰਜਣਾ ਕੀਤੀ ਜਿਸ ਵਿਚ ਬ੍ਰਾਹਮਣੀ ਜਾਤ-ਵੰਡ ਤੇ ਵਰਣ-ਵੰਡ ਦਾ ਭੋਗ ਪਾ ਦਿਤਾ ਗਿਆ।ਕਲਗੀਆਂ ਵਾਲੇ ਸਤਿਗੁਰੂ ਨੇ ਗੁਰੂ ਨਾਨਕ ਸਾਹਿਬ ਜੀ ਦੇ ਨਿਸ਼ਾਨੇ ਨੂੰ ਸਪੱਸ਼ਟ ਕੀਤਾ-

ਜਿਨ ਕੀ ਜਾਤ-ਵਰਣ ਔਰ ਕੁਲ ਮਾਹੀ।
ਸਰਦਾਰੀ ਨਾ ਭਈ ਕਦਾਹੀ।
ਇਨ ਹੀ ਕੋ ਸਰਦਾਰ ਬਨਾਊਂ.
ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥

ਇੰਝ ਬ੍ਰਾਹਮਣ ਦੇ ਦੁਰਕਾਰੇ ਲੋਕਾਂ ਨੂੰ ਗੁਰੂ ਨਾਨਕ ਦੇ ਘਰੋਂ ਸਰਦਾਰੀਆਂ ਦੀ ਬਖਸ਼ਿਸ਼ ਹੋਈ।ਸਿਖ ਇਨਕਲਾਬ ਇਹੀ ਹੈ ਕਿ ਜਿਹੜੇ ਲੋਕ ਪੈਰ ਦੀ ਜੁਤੀ ਸਮਝੇ ਜਾਂਦੇ ਸਨ,ਉਹ ਬਾਦਸ਼ਾਹੀਆਂ ਭੋਗਣ ਲੱਗੇ।ਸਿੱਖ ਵਿਚਾਰਧਾਰਾ ਨੇ ਬ੍ਰਾਹਮਣਵਾਦ ਨੂੰ 'ਮਨਮੱਤ' ਕਹਿਕੇ ਰੱਦ ਕਰ ਦਿਤਾ।ਬ੍ਰਾਹਮਣੀ ਗਰੰਥ,ਬ੍ਰਾਹਮਣੀ ਤੀਰਥ,ਬ੍ਰਾਹਮਣੀ ਰਸਮ ਰਿਵਾਜ,ਕਰਮਕਾਂਡ ਨੂੰ ਸਿਖੀ ਨੇ ਰੱਦ ਕਰ ਦਿਤਾ। ਸਿੱਖ ਫਲਸਫੇ ਨੇ ਮਨੁਖੀ ਆਜ਼ਾਦੀ ਦੇ ਇਤਿਹਾਸ ਨੂੰ ਨਵੇਂ ਅਰਥ ਦਿਤੇ। ਪਰ ਅਜੋਕੀ ਸਥਿਤੀ ਤੇ ਨਜ਼ਰ ਮਾਰਿਆਂ ਅਸੀ ਦੇਖ ਰਹੇ ਹਾਂ ਕਿ ਬ੍ਰਾਹਮਣਵਾਦੀ ਰੁਝਾਨਾਂ ਦੇ ਸਿਖ ਸਮਾਜ ਵਿਚ ਮੁੜ ਦਾਖਲ ਹੋਣ ਕਰਕੇ ਜਾਤ-ਵਰਣ ਦੀ ਗੱਲ ਨਵੇਂ ਰੂਪ ਵਿਚ ਫਿਰ ਲਾਗੂ ਹੋ ਗਈ ਹੈ।

੧. ਸਾਨੂੰ ਗੁਰਦਵਾਰੇ ਨੇ ਇਕਜਟ ਰੱਖਣਾ ਸੀ ਪਰ ਅਸੀ ਅੱਡ ਅੱਡ ਜਾਤਾਂ ਦੇ ਗੁਰਦਵਾਰੇ ਬਣਾ ਲਏ।ਪੇਂਡੂ ਸਮਾਜ ਵਿਚ ਗੁਰੂ ਨਾਨਕ ਵਿਚਾਰਧਾਰਾ ਦੇ ਕਈ ਦੁਸ਼ਮਣ ਕਹਿੰਦੇ ਮਿਲ ਜਾਣਗੇ-ਐਨੀ ਉਮਰ ਹੋਗੀ,ਮੈਂ ਅੱਜ ਤੱਕ ਵੇਹੜੇ ਵਾਲੇ ਗੁਰਦਵਾਰੇ ਪੈਰ ਨਹੀ ਪਾਇਆ !

੨. ਜਦੋਂ ਗੁਰਦਵਾਰਾ ਹੀ ਅੱਡ-ਅੱਡ ਹਨ ਤਾਂ ਸੰਗਤ ਵੀ ਵੰਡੀ ਗਈ।

੩. ਕਈ ਥਾਂਵਾਂ ਤੇ ਬ੍ਰਾਹਮਣ ਵਲੋਂ ਨੀਚ ਮੰਨੇ ਲੋਕਾਂ ਦੀਆਂ ਲੰਗਰ ਵਿਚ ਪੰਗਤ ਅੱਡ ਲੱਗਦੀ ਹੈ।ਬਠਿੰਡੇ ਕੋਲ ਇਹ ਗੁਰਮਤ-ਵਿਰੋਧੀ ਕੰਮ ਐਨੇ ਚੁਭਵੇ ਰੂਪ ਵਿਚ ਹੋ ਰਿਹਾ ਹੈ ਕਿ ਇਸ ਇਲਾਕੇ ਦੇ ਹਜਾਰਾਂ ਸਿਖਾਂ ਨੂੰ ਸਿਖੀ ਨਾਲੋਂ ਨਰਾਜ ਤੇ ਨਿਰਾਸ਼ ਕਰਕੇ ਸਰਸੇ ਭੇਜਣ ਦਾ ਕਾਰਨ ਬਣ ਰਿਹਾ ਹੈ।

੪. ਅਸੀ ਤਾਂ ਮਰਨ ਮਗਰੋਂ ਵੀ ਜਾਤ-ਵਰਣ ਦਾ ਖਹਿੜਾ ਨ੍ਹੀ ਛੱਡ ਰਹੇ।ਹਰ ਪਿੰਡ ਵਿਚ ਅੱਡ ਅੱਡ ਜਾਤਾਂ ਦੇ ਅੱਡ ਅੱਡ ਸ਼ਮਸ਼ਾਨ ਘਾਟ ਹਨ ਕਿ ਕਿਤੇ ਮਰਕੇ ਵੀ ਇੱਕਠੇ ਨਾ ਹੋ ਜਾਈਏ।ਕਈ ਥਾਂਵਾਂ ਤੇ ਦਲਿਤ ਸਿਖਾਂ ਨੂੰ ਚੌਥੇ ਪੌੜੇ ਦੇ ਸਿੱਖ ਕਹਿਕੇ ਅੰਮਿਤ ਸਭ ਤੋਂ ਅਖੀਰ ਵਿਚ ਛਕਾਇਆ ਜਾਂਦਾ ਹੈ।

ਸਿੱਖੀ ਲਈ ਵੰਗਾਰ ਬਣਕੇ ਲਲਕਾਰ ਰਹੀਆਂ ਇਨਾਂ ਅਲਾਮਤਾਂ ਖਿਲਾਫ ਡਟਣਾ ਹੀ ਗੁਰਮਤ ਦਾ ਪਰਚਾਰ ਹੈ। ਆਓ ਇਸ ਸੁਨੇਹੇ ਨੂੰ ਹਰ ਸਿੱਖ ਨੂੰ ਸਮਝਾਈਏ ਕਿ ਜੇ ਸਿੱਖੀ ਬਚਾਉਣੀ ਹੈ ਤਾਂ ਹਿੰਦੂ ਗਰੰਥਾਂ,ਹਿੰਦੂ ਤੀਰਥਾਂ,ਹਿੰਦੂ ਕਰਮਕਾਂਡਾਂ,ਹਿੰਦੂ ਤਿਓਹਾਰਾਂ,ਹਿੰਦੂ ਰਸਮ-ਰਿਵਾਜਾਂ ਤੇ ਹਰ ਹਿੰਦੂ ਚੀਜ ਤੋਂ ਦੂਰ ਰਹਿਣ ਪਵੇਗਾ।

# ਪੰਜਾਬੋਂ ਬਾਹਰ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਸਥਿਤੀ

**ਡਾ. ਕਰਾਂਤੀ ਪਾਲ**



ਕੋਈ ਵੀ ਭਾਸ਼ਾ ਸਿੱਖਣ ਦੇ ਚਾਰ ਪੜਾਓ ਹੁੰਦੇ ਹਨ। ਉਸ ਨੂੰ ਸਮਝ ਸਕਣਾ, ਬੋਲ ਸਕਣਾ, ਪੜ੍ਹ ਸਕਣਾ ਤੇ ਲਿਖ ਸਕਣਾ। ਘਰ ਪਰਿਵਾਰ ਵਿੱਚ ਬੱਚਾ ਸਕੂਲ ਜਾਣ ਤੋਂ ਪਹਿਲਾਂ ਆਪਣੀ ਮਾਂ ਬੋਲੀ ਨੂੰ ਸਮਝਣਾ ਤੇ ਬੋਲਣਾ ਆਰੰਭ ਕਰ ਦਿੰਦਾ ਹੈ। ਪੜ੍ਹਣ ਤੇ ਲਿਖਣ ਵਾਸਤੇ ਉਸ ਨੂੰ ਸਕੂਲ ਜਾਣਾ ਪਵੇਗਾ। ਪੰਜਾਬੀ ਸਾਡੀ ਸਭਿਆਚਾਰਕ ਭਾਸ਼ਾ ਹੈ, ਸਭਿਆਚਾਰ ਦੇ ਨਾਲ-ਨਾਲ ਇਹ ਸਾਡੇ ਧਰਮ ਦੀ ਵੀ ਭਾਸ਼ਾ ਹੈ। ਧਰਮ ਸਭਿਆਚਾਰ ਦਾ ਜਿੱਥੇ ਥੰਮ੍ਹ ਹੈ, ਪੰਜਾਬੀ ਉੱਥੇ ਸਾਡੀ ਪਹਿਚਾਣ ਚਿੰਨ੍ਹ ਹੈ।ਪਰ ਮਸਲਾ ਇੱਥੋਂ ਹੀ ਸ਼ੁਰੂ ਹੁੰਦਾ ਹੈ ਕਿ ਪੰਜਾਬੀ ਪਰਿਵਾਰ ਦੀ ਨਵੀਂ ਪੀੜ੍ਹੀ ਪੁਰਾਣੀ ਪੀੜ੍ਹੀ ਦੇ ਮੁਕਾਬਲੇ ਹਿੰਦੀ ਭਾਸ਼ਾ ਦਾ ਇਸਤੇਮਾਲ ਵੱਧ ਕਰਦੀ ਹੈ। ਬੱਚੇ ਦੇ ਦਾਦਾ-ਦਾਦੀ ਪੰਜਾਬੀ ਬੋਲਦੇ ਹਨ ਪਰ ਉਸਦੇ ਮਾਂ-ਬਾਪ ਹਿੰਦੀ ਭਾਸ਼ਾ ਜ਼ਿਆਦਾ ਇਸਤੇਮਾਲ ਕਰਦੇ ਹਨ।ਪਰ ਜਦੋਂ ਉਹੀ ਬੱਚਾ ਸਮੂਹ ਦਾ ਅੰਗ ਬਣਦਾ ਹੈ ਤਾਂ ਉਸ ਨੂੰ 'ਵੱਖਰੀ ਪਹਿਚਾਣ' ਹੋਣ ਦਾ ਅਹਿਸਾਸ ਪੈਦਾ ਹੁੰਦਾ ਹੈ। ਜਦੋਂ ਇੱਕ ਬੱਚਾ ਆਪਣੇ ਸਹਿਪਾਠੀਆਂ ਨਾਲ ਵਿਚਰਦਾ ਹੈ, ਜਦੋਂ ਉਸ ਨੂੰ ਇਸ ਗੱਲ ਦਾ ਅਹਿਸਾਸ ਹੋਣ ਲਗਦਾ ਹੈ ਕਿ ਮੈਂ ਕੌਣ ਹਾਂ ਜਾਂ ਅਸੀਂ ਕੌਣ ਹੁੰਦੇ ਹਾਂ, ਤਾਂ ਉਹ ਆਪਣੇ ਆਪ ਵਾਰਤਾਲਾਪ ਵਿੱਚੋਂ 'ਪਹਿਚਾਣ' ਪ੍ਰਤਿ ਸੁਚੇਤ ਹੁੰਦਾ ਹੈ। ਇਹੀ ਪਹਿਚਾਣ ਅੱਗੇ ਚੱਲ ਕੇ ਆਪਣੇ-ਆਪਣੇ ਸਭਿਆਚਾਰ ਵਿਚ ਹੋ ਰਹੇ 'ਫੈਸਟੀਵਲ' ਬਾਰੇ ਜਾਣਕਾਰੀ ਦਿਵਾਉਂਦੀ ਹੈ। ਸਮੂਹ ਜਿੱਥੇ ਪਹਿਚਾਣ ਪ੍ਰਤਿ ਸੁਚੇਤ ਕਰਦਾ ਹੈ ਉੱਥੇ ਤੁਹਾਨੂੰ ਆਪਣੀ ਪਹਿਚਾਣ ਨਾਲ ਜੁੜੇ ਪਹਿਲੂਆਂ



ਪ੍ਰਤਿ ਵੀ ਲੁਕਾਉਂਦਾ ਹੈ। ਤੁਹਾਡੀਆਂ ਵੱਖਰੀਆਂ ਹਰਕਤਾਂ ਤੁਹਾਨੂੰ ਪਹਿਚਾਣ ਦਿੰਦੀਆਂ ਹਨ। ਸਭਿਆਚਾਰ ਇਸੇ ਕਰਕੇ ਕੌਮਾਂ ਦੀ ਜਿੰਦਜਾਨ ਹੁੰਦਾ ਹੈ। ਸਭਿਆਚਾਰ ਤੇ ਕੰਮ ਇੱਕ-ਦੂਜੇ ਦੇ ਪਹਿਲੂ ਹਨ। ਅਜਿਹਾ ਸਿਸਟਮ ਹੋਣ ਦੇ ਬਾਵਜੂਦ ਸਥਿਤੀ ਬਿਲਕੁਲ ਵੱਖਰੀ ਹੈ। ਵਿਸ਼ਵੀਕਰਨ ਨੇ ਇਸ ਸਥਿਤੀ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਭੀੜ ਵਿੱਚੋਂ ਆਪਣੀ ਵੱਖਰਤਾ ਬਣਾਉਣਾ ਲਾਜ਼ਮੀ ਹੋ ਗਿਆ ਹੈ। ਅੱਜ ਉਹ ਸਥਿਤੀ ਨਹੀਂ ਜਿਹੜੀ ਅੱਜ ਤੋਂ ਵੀਹ ਸਾਲ ਪਹਿਲਾਂ ਸੀ। ਉਸ ਸਮੇਂ 'ਪ੍ਰਚਾਰਕ ਵਿਧੀਆਂ' ਹੋਂਦ ਵਿਚ ਨਹੀਂ ਆਈਆਂ ਸਨ। ਫ਼ਿਲਮਾਂ ਤੇ ਟੀ.ਵੀ. ਸੀਰੀਅਲਾਂ ਨੇ ਇਸ ਵੱਖਰਤਾ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ ਹੈ। ਇਹ ਵਿਚਾਰ ਮੂਲ ਰੂਪ ਵਿੱਚ ਮਾਰਕੀਟ ਦੀ ਦੇਣ ਸੀ ਪਰ ਇਸ ਲਈ ਰੋਲ ਪੰਜਾਬੀ ਧਰਾਤਲ ਨੇ ਪੈਦਾ ਕੀਤਾ ਹੈ। ਗੱਲ ਵਿਕਾਸ ਵੱਲ ਵਧਦੀ ਗਈ, ਸਭਿਆਚਾਰ ਵਿਕਸਤ ਤਾਂ ਹੋਇਆ ਪਰ ਉਸ ਦਾ ਪਾਪੂਲਰ ਰੂਪ ਹੀ ਸਥਾਪਿਤ ਹੋ ਕੇ ਰਹਿ ਗਿਆ। ਲਿਖਣ ਤੇ ਪੜ੍ਹਨ ਦੀ ਜ਼ਰੂਰਤ ਦਿਨੋ-ਦਿਨ ਹੋਰ ਘਟਦੀ ਜਾ ਰਹੀ ਹੈ ਕਿਉਂਕਿ ਨਵੀਂ ਤਕਨਾਲੋਜੀ ਨੇ ਸਿਰਫ਼ ਬੋਲਣ ਤੇ ਸੁਣਨ ਨੂੰ ਹੀ ਪਹਿਲ ਦਿੱਤੀ ਹੈ। ਖ਼ਤ ਨਾ ਕਿਸੇ ਨੇ ਲਿਖਣਾ ਹੈ ਨਾ ਕਿਸੇ ਨੇ ਪੜ੍ਹਨਾ ਹੈ। ਇਹ ਨਵੀਂ ਪੀੜ੍ਹੀ ਦੇ ਸਮਾਜ ਵਿਚ ਬਿਲਕੁਲ ਖ਼ਤਮ ਹੋਣਾ ਨਵੇਂ ਰੁਝਾਨ ਦੀ ਪੈਦਾਵਾਰ ਹੈ।

ਅਜਿਹੇ ਮਾਹੌਲ ਵਿਚ ਪੰਜਾਬੀ ਸਭਿਆਚਾਰ ਤਾਂ ਜਿਉਂਦਾ ਰਹੇਗਾ ਹੀ, ਪੰਜਾਬੀ ਭਾਸ਼ਾ ਵੀ ਉਸ ਦਾ ਹਿੱਸਾ ਬਣਾ ਕੇ ਸਫ਼ਰ ਤੈਅ ਕਰਦੀ ਰਹੇਗੀ ਕਿਉਂਕਿ ਹਰ ਥਾਂ ਵਸਿਆ ਹੋਇਆ ਪੰਜਾਬੀ ਵਸੇਵਾ ਇਸ ਨੂੰ ਪ੍ਰਭਾਵਿਤ ਕਰੇਗਾ। ਮੀਡੀਏ ਨੂੰ ਇਯ ਦਾ ਸਹਿਯੋਗ ਮਿਲੇਗਾ। ਪੰਜਾਬੀ ਧਰਾਤਲ ਨਾਲ ਜੁੜਿਆ ਵਾਤਾਵਰਣ ਮਾਰਕੀਟ ਦੀ 'ਪਾਪੂਲਰ' ਚੀਜ਼ ਬਣੇਗਾ। ਕਈ ਪਾਪੂਲਰ ਫ਼ਿਲਮਾਂ (ਹਿੰਦੀ ਜਗਤ) ਦੀ ਕਾਮਯਾਬੀ ਇਸ ਦੀ ਉਦਾਹਰਣ ਹੈ। ਇਨ੍ਹਾਂ ਵਿਚਾਰਾਂ ਸੰਗ ਹੀ ਪੰਜਾਬੀ ਭਾਸ਼ਾ ਸਾਹਿਤ ਤੇ ਸਭਿਆਚਾਰ ਦੀ ਸਥਿਤੀ ਪੰਜਾਬੋਂ ਬਾਹਰ ਵਿਚਾਰਦੀ ਰਹਿੰਦੀ ਹੈ। ਪੰਜਾਬੀ ਗੁਰਦੁਆਰੇ ਉਸਾਰਨ ਅਤੇ ਧਾਰਮਿਕ ਪ੍ਰੋਗਰਾਮ ਤੱਕ ਹੀ ਸੀਮਿਤ ਰਹਿੰਦੇ ਹਨ ਪਰ ਉਹ ਅਜਿਹਾ ਕਰਕੇ ਆਪਣੇ ਅੰਦਰ ਬੈਠੇ ਪੰਜਾਬੀਪਣ ਨੂੰ ਮਰਨ ਨਹੀਂ ਦਿੰਦੇ, ਭਾਵੇਂ ਉਨ੍ਹਾਂ ਦੀ ਨਵੀਂ ਪੀੜ੍ਹੀ ਪੰਜਾਬੀ ਨੂੰ ਤਿਆਗ ਕੇ ਹਿੰਦੀ ਭਾਸ਼ਾ ਨੂੰ ਆਪਣੇ ਵੱਧ ਨੇੜੇ ਸਮਝਣ ਲਈ ਹਾਮੀ ਭਰਦੀ ਹੈ। 'ਗੁਰਬਾਣੀ' ਭਾਵੇਂ ਨਵੀਂ ਪੀੜ੍ਹੀ ਦੇ ਨੇੜੇ ਤੇੜੇ ਰਹਿੰਦੀ ਹੈ ਪਰ ਇਹ 'ਦੇਵਨਗਰੀ' ਲਿੱਪੀ ਸਦਕਾ ਹੀ ਉਨ੍ਹਾਂ ਸੰਗ ਵਿਚਰਦੀ ਹੈ।

ਪੰਜਾਬੋਂ ਬਾਹਰ ਵਸਦੇ ਪੰਜਾਬੀਆਂ ਲਈ ਕਿਹੋ-ਜਿਹਾ ਪਲੇਟਫ਼ਾਰਮ ਤਿਆਰ ਕੀਤਾ ਜਾਵੇ ? ਪੰਜਾਬੀ ਸਾਹਿਤ ਤੇ ਭਾਸ਼ਾ ਕੀ ਉਨ੍ਹਾਂ ਦੀ ਸਥਿਤੀ ਨੂੰ ਸਮਝਣ ਦੇ ਸਮਰੱਥ ਹੈ ? ਕੀ ਪੰਜਾਬੀ ਲੋਕ ਇਸ ਤੋਂ ਬਿਨਾਂ ਆਪਣਾ ਵਿਕਾਸ ਕਰਨ ਦੇ ਅਸਮਰੱਥ ਹਨ ? ਇਹ ਸਵਾਲ ਅੱਜ ਵੀ ਉਸੇ ਤਰ੍ਹਾਂ ਜਵਾਬ ਮੰਗਦੇ ਹਨ।

ਇਹ ਕਹਿਣਾ ਕਿ ਮੌਜੂਦਾ ਵਿੱਦਿਅਕ ਨੀਤੀ ਤੇ ਚੈੱਨਲ ਸਿਸਟਮ ਦੇ ਪੱਛਮੀ ਸਭਿਆਚਾਰ ਨੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਖੋਰਾ ਲਾਇਆ ਹੈ, ਇਹ ਗ਼ਲਤ ਰੁਝਾਨ ਹੈ ਕਿਉਂਕਿ ਇਸੇ ਸਿਸਟਮ ਨੇ ਪੰਜਾਬੀ ਖਾਸੇ ਨੂੰ ਇੱਕ ਵਿਸ਼ੇਸ਼ ਰੁਤਬਾ ਵੀ ਦਿੱਤਾ ਹੈ। ਪੰਜਾਬੋਂ ਬਾਹਰ ਪੰਜਾਬੀ ਨਵੀਂ ਪੀੜ੍ਹੀ ਆਪਣੇ-ਆਪ ਨੂੰ ਪੰਜਾਬੀ ਅਖਵਾ ਕੇ ਤਾਂ ਬਹੁਤ ਖ਼ੁਸ਼ ਹੈ ਪਰ ਆਪਣੀ ਭਾਸ਼ਾ, ਸਾਹਿਤ ਤੇ ਕਲਚਰ ਤੋਂ ਦੂਰ ਰਹਿਣਾ ਉਨ੍ਹਾਂ ਦੀ ਤ੍ਰਾਸਦੀ ਹੈ। ਆਉਣ ਵਾਲੇ ਦਿਨਾਂ ਵਿਚ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਲਈ ਅਜਿਹੇ ਸੰਗਠਨ ਦਾ ਨਿਰਮਾਣ ਹੋਵੇ ਜਿਹੜਾ ਸਭਿਆਚਾਰ ਪੱਧਰ 'ਤੇ ਵਿਕਸਤ ਹੋਵੇ, ਜਿਸ ਦੀ ਸੁਰ ਪੰਜਾਬੀ ਸੁਭਾਅ ਨਾਲ ਮੇਲ ਖਾ ਸਕੇ। ਸਰਕਾਰੀ ਪੱਧਰ 'ਤੇ ਬਣੇ ਅਜਿਹੇ ਸੰਗਠਨ ਕੋਈ ਬਹੁਤੇ ਮੁੱਲਵਾਨ ਨਹੀਂ ਹੁੰਦੇ, ਜਿਵੇਂ ਪੰਜਾਬੀ ਅਕਾਦਮੀ ਉੱਤਰਪ੍ਰਦੇਸ਼ ਦਾ ਨਿਰਮਾਣ ਹੋ ਚੁੱਕਾ ਹੈ ਪਰ ਉਹ ਆਪਣਾ ਸਾਰਾ ਕੰਮ-ਕਾਜ 'ਸੱਦਾ ਪੱਤਰ' ਵੀ ਦੇਵਨਗਰੀ ਵਿਚ ਪੇਸ਼ ਕਰਦੀ ਹੈ।

ਪੰਜਾਬੀ ਭਾਸ਼ਾ ਅਸਲ ਵਿੱਚ ਮਾਤ ਭਾਸ਼ਾ ਤੱਕ ਹੀ ਸੀਮਿਤ ਰਹਿੰਦੀ ਹੈ। ਇਸ ਦਾ ਰਿਸ਼ਤਾ ਸਭਿਆਚਾਰਕ ਹੈ, ਗਿਆਨ ਤੇ ਵਿਗਿਆਨ ਦੇ ਖੇਤਰ ਵਿੱਚ ਨਵੀਂ ਪੀੜ੍ਹੀ ਤੋਂ ਦੂਰ ਹੈ। ਉਨ੍ਹਾਂ ਨੂੰ ਲਗਦਾ ਹੈ ਕਿ ਇਹ ਭਾਸ਼ਾ ਉਨ੍ਹਾਂ ਦੀ ਲੋੜਾਂ ਪੂਰੀਆਂ ਕਰਨ ਤੋਂ ਅਸਮਰੱਥ ਹੈ। ਆਧੁਨਿਕ ਸੰਸਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਾਲੀਆਂ ਭਾਸ਼ਾਵਾਂ ਦੇ ਵਿਹੜੇ ਵਿਚ ਅਜੇ ਇਸ ਨੇ ਕਦਮ ਨਹੀਂ ਰੱਖਿਆ।

ਜਿਹੜੇ ਲੋਕ ਇਹ ਆਖਦੇ ਹਨ ਕਿ ਪੰਜਾਬੀ ਤੀਜੀ ਦੁਨੀਆਂ ਦੇ ਪੱਛੜੇ ਹੋਏ ਇੱਕ ਦੇਸ਼ ਦੇ ਇੱਕ ਸਟੇਟ ਦੀ ਭਾਸ਼ਾ ਹੈ, ਉਹ ਠੀਕ ਆਖਦੇ ਹਨ ਕਿਉਂਕਿ ਇਸ ਦੀ ਵਰਤੋਂ ਸਿਰਫ਼ ਸਭਿਆਚਾਰਕ ਪ੍ਰਗਟਾਵੇ ਲਈ ਹੀ ਰਹਿ ਗਈ ਹੈ। ਬਾਕੀ ਖੇਤਰਾਂ ਵਿੱਚ ਇਹ ਗ਼ੈਰ ਹਾਜ਼ਰ ਹੀ ਰਹਿੰਦੀ ਹੈ।

ਸਮੁੱਚੇ ਪੰਜਾਬੀ ਪਰਿਵਾਰਾਂ ਦੀ ਪਹਿਚਾਣ, ਕਲਚਰ ਦੀ ਸਮਝ, ਜਗਿਆਸਾ, ਭਾਸ਼ਾ, ਸਾਹਿਤ ਤੇ ਸਭਿਆਚਾਰ ਨਾਲ ਹੀ ਉੱਭਰਦੀ ਹੈ, ਮੀਡੀਏ ਨੇ ਉਨ੍ਹਾਂ ਨੂੰ ਇਸ ਗੱਲ ਪ੍ਰਤਿ ਸੁਚੇਤ ਕੀਤਾ ਹੈ। ਗੁਰਦੁਆਰਿਆਂ ਵਿੱਚੋਂ ਪੰਜਾਬੀ ਨੂੰ ਬਾਹਰ ਕੱਢਣ, ਨਵੇਂ ਸਿਰੇ ਤੋਂ ਧਾਰਮਿਕ ਥਾਂ ਨੂੰ 'ਸੈਂਟਰ' ਵਜੋਂ ਮਾਣਤਾ ਮਿਲਣੀ ਚਾਹੀਦੀ ਹੈ ਜਿਸ ਨਾਲ ਇੱਕ ਕੌਮ ਲਈ ਇਕੱਠੇ ਬੈਠਣ ਦੀ ਥਾਂ ਨਿਸ਼ਚਿਤ ਹੋ ਸਕੇ। ਪੰਜਾਬ ਨੂੰ ਖ਼ੁਦ ਪਹਿਲ ਕਰਨੀ ਚਾਹੀਦੀ ਹੈ ਤਾਂ ਜੋ ਪੰਜਾਬੋਂ ਬਾਹਰ ਬੈਠੇ ਪੰਜਾਬੀਆਂ ਨੂੰ ਭਾਸ਼ਾ, ਸਾਹਿਤ ਤੇ ਸਭਿਆਚਾਰ ਸਬੰਧੀ ਸਮੱਗਰੀ ਮਿਲ ਸਕੇ।

ਉਪਰੋਕਤ ਗੱਲਾਂ ਹਾਲਾਂਕਿ ਪੰਜਾਬੋਂ ਬਾਹਰ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਗੱਲ ਕਰਦੀਆਂ ਹਨ ਪਰ ਸਮੁੱਚੇ ਪੰਜਾਬ ਦੀ ਸਥਿਤੀ ਵੀ ਇਸ ਤੋਂ ਮਾੜੀ ਹੈ। ਪੰਜਾਬੀ ਭਾਸ਼ਾ ਤੇ ਸਭਿਆਚਾਰ ਵਿਕਾਸ ਵੱਲ ਜਿਸ ਰੂਪ ਨਾਲ ਵਧ ਰਿਹਾ ਹੈ ਉਹ ਇੱਕ ਅਜਿਹੇ 'ਬੰਦੇ' ਦੀ ਪਰਿਭਾਸ਼ਾ ਸਿਰਜ ਰਿਹਾ ਹੈ ਜਿਸ ਦਾ ਹਰ ਪੱਖ ਤੋਂ ਅਧਿਐਨ ਕਰਨਾ ਹੋਰ ਵੀ ਜ਼ਰੂਰੀ ਹੈ। ਆਪਣੇ 'ਨਿੱਜੀ ਸੁਆਰਥ' ਤੇ 'ਸਰਦਾਰੀਆਂ' ਨੂੰ ਤਿਆਗ਼ ਕੇ ਹੀ ਇਸ ਸਮੱਸਿਆ ਪ੍ਰਤਿ ਸੋਚਿਆ ਜਾ ਸਕਦਾ ਹੈ। ਕਾਗ਼ਜ਼ਾਂ ਤੇ ਫ਼ਾਈਲਾਂ ਵਿਚ ਪੰਜਾਬੀ ਭਾਸ਼ਾ ਤੇ ਸਭਿਆਚਾਰ ਤਰੱਕੀਆਂ ਭਰ ਰਿਹਾ ਹੈ, ਚੜ੍ਹਦੀ ਕਲਾ ਦੇ ਗੀਤ ਆ ਰਿਹਾ ਹੈ ਪਰ ਆਮ ਜ਼ਿੰਦਗੀ ਵਿੱਚ ਦਿਨੋ-ਦਿਨ ਸੁੰਗੜ ਰਿਹਾ ਹੈ।

ਬਾਕੀ ਸਫ਼ਾ 30 'ਤੇ

# ਜੋਗੀਆਂ ਨੂੰ ਤਾਰਨ ਵਾਲੇ ਗੁਰੂ ਨਾਨਕ ਸਾਹਿਬ

**ਡਾ. ਸੁਖਦਿਆਲ ਸਿੰਘ ਪ੍ਰਸਿੱਧ ਸਿੱਖ ਇਤਿਹਾਸਕਾਰ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਉਹ ਇਤਿਹਾਸ ਵਿਭਾਗ ਵਿਚ ਪ੍ਰੋਫੈਸਰ ਵਜੋਂ ਆਪਣੀ ਭੂਮਿਕਾ ਨਿਭਾ ਚੁੱਕੇ ਹਨ। 550 ਸਾਲਾ ਗੁਰੂ ਨਾਨਕ ਪ੍ਰਕਾਸ਼ ਉਤਸਵ ਲਈ ਉਨ੍ਹਾਂ ਦਾ ਲੜੀਵਾਰ ਲੇਖ ਅਸੀਂ ਪੇਸ਼ ਕਰ ਰਹੇ ਹਾਂ। ਉਨ੍ਹਾਂ ਦੀ ਖੋਜ ਲੱਗਭੱਗ ਰਚਨਾਤਮਕ ਹੁੰਦੀ ਹੈ। ਸਿੱਖ ਇਤਿਹਾਸ ਬਾਰੇ ਉਹ ਕਾਫੀ ਖੋਜਾਂ ਕਰ ਚੁੱਕੇ ਹਨ। ਅਸੀਂ ਪਾਠਕਾਂ ਦੇ ਲਈ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਬਾਰੇ ਉਨ੍ਹਾਂ ਦੀ ਇਤਿਹਾਸਕ ਖੋਜ ਨੂੰ ਲੜੀਵਾਰ ਪੇਸ਼ ਕਰ ਰਹੇ ਹਾਂ। - ਸੰਪਾਦਕ**

**ਡਾ. ਸੁਖਦਿਆਲ ਸਿੰਘ**
ਸੰਪਰਕ ਨੰਬਰ- 98158-80539






ਜਾਣਕਾਰੀ ਦਾ ਮੁੱਖ ਸਰੋਤ ਇਹਨਾਂ ਅਸਥਾਨਾਂ ਉੱਪਰ ਸ਼ਸ਼ੋਭਤ ਗੁਰਦੁਆਰੇ ਹਨ। ਜਿਵੇਂ ਕਿ ਇਹ ਅਸਥਾਨ ਹਨ: ਸਿਆਲਕੋਟ, ਸਾਹੋ ਕੇ, ਸੀਓ ਕੇ। ਇਹ ਤਿੰਨੇ ਪਿੰਡ ਸਿਆਲਕੋਟ ਦੇ ਨੇੜੇ-ਤੇੜੇ ਹਨ। ਐਮਨਾਬਾਦ ਦੇ ਨੇੜੇ-ਤੇੜੇ ਹੀ ਚੁਟਾਲਾ, ਕੇਰ ਭਾਗ ਦੀ ਆਦਿ ਦੋ ਪਿੰਡ ਹਨ। ਛਾਂਗਾ-ਮਾਂਗਾ ਵੀ ਤਲਵੰਡੀ ਦੇ ਨੇੜੇ-ਤੇੜੇ ਹੀ ਹਨ। ਜਿਹਲਮ ਨਗਰ ਤੋਂ 10-12 ਮੀਲ ਦੂਰ ਰੁਹਤਾਸ, ਟਿੱਲਾ ਬਾਲ ਗੁੰਦਾਈ, ਪੰਜਾ ਸਾਹਿਬ, ਆਸਕਾ ਆਦਿ ਹਨ। ਸੁਲਤਾਨਪੁਰ ਲੋਧੀ ਦੇ ਨੇੜੇ ਹੀ ਚੋਆ ਸਾਹਿਬ ਗੁਰਦੁਆਰਾ ਹੈ। ਖਾਲੜਾ ਵਿਖੇ ਵੀ ਗੁਰੂ ਜੀ ਗਏ ਸਨ। ਜਲੰਧਰ ਦੇ ਨੇੜੇ ਘਵਿੰਡੀ ਅਤੇ ਰਹੂੜਾ ਸਾਹਿਬ ਅਸਥਾਨ ਹਨ। ਸੰਗਰੂਰ ਸ਼ਹਿਰ ਦੇ ਨੇੜੇ ਨਾਨਕਿਆਣਾ ਸਾਹਿਬ ਹੈ। ਬਡਰੁੱਖਾਂ ਨੇੜੇ ਮਸਤੂਆਣਾ ਸਾਹਿਬ ਹੈ ਜਿੱਥੇ ਕੇ ਗੁਰੂ ਸਾਹਿਬ ਗਏ ਸਨ। ਥਾਨੇਸਰ ਅਤੇ ਕੁਰਕਸ਼ੇਤਰ ਵਿਖੇ ਵੀ ਗੁਰੂ ਸਾਹਿਬ ਗਏ ਸਨ। ਥਾਨੇਸਰ ਦੇ ਨੇੜੇ ਹੀ ਪਿੰਡ ਘੁੰਮਣ ਕੇ ਹੈ। ਮਾਲਵੇ ਅਤੇ ਬਾਂਗਰ ਵਿੱਚ ਗੁਰੂ ਜੀ ਦੀ ਯਾਦ ਵਿੱਚ ਕਈ ਗੁਰਦੁਆਰੇ ਬਣੇ ਹੋਏ ਹਨ। ਪੰਜਾਬ ਵਿੱਚ ਗੁਰੂ ਨਾਨਕ ਸਾਹਿਬ ਦੀਆਂ ਚਰਨ-ਛੋਹ ਵਾਲੀਆਂ ਬਹੁਤ ਸਾਰੀਆਂ ਥਾਵਾਂ ਮਿਲਦੀਆਂ ਹਨ। ਇਹ ਗੱਲ ਕੁਦਰਤੀ ਹੈ। ਗੁਰੂ ਸਾਹਿਬ ਦਾ ਜਨਮ ਤਲਵੰਡੀ (ਪੱਛਮੀ ਪੰਜਾਬ) ਵਿੱਚ ਹੋਇਆ। ਵਿਆਹ ਪੱਖੋਂ ਕੇ ਰੰਧਾਵੇ ਅਤੇ ਬਟਾਲਾ ਵਿਖੇ ਹੋਇਆ ਜਿਹੜੇ ਕਿ ਪੂਰਬੀ ਪੰਜਾਬ-ਭਾਰਤ ਵਿੱਚ ਹਨ। ਇਹਨਾਂ ਥਾਵਾਂ 'ਤੇ ਗੁਰੂ ਸਾਹਿਬ ਬਹੁਤ ਵਾਰ ਗਏ ਹੋਣੇ ਹਨ। ਗੁਰੂ ਸਾਹਿਬ ਨੇ ਰਾਵੀ ਦਰਿਆ ਦੇ ਕੰਢੇ ਤੇ ਕਰਤਾਪੁਰ ਸਾਹਿਬ ਨਗਰ ਵਸਾਇਆ ਸੀ। ਇੱਥੋਂ ਵੀ ਗੁਰੂ ਸਾਹਿਬ ਹੋਰ ਥਾਵਾਂ ਤੇ ਜਾਂਦੇ ਰਹਿੰਦੇ ਸਨ। ਭਾਵ ਇਹਨਾਂ ਸਥਾਨਕ ਯਾਤਰਾਵਾਂ ਦਾ ਇਹੋ ਹੀ ਹੈ ਕਿ ਗੁਰੂ ਸਾਹਿਬ ਨੇ ਦੂਰੇਡੀਆਂ ਯਾਤਰਾਵਾਂ 'ਤੇ ਜਾਣ ਤੋਂ ਪਹਿਲਾਂ ਪੰਜਾਬ ਦੇ ਪਿੰਡਾਂ, ਨਗਰਾਂ, ਅਤੇ ਸ਼ਹਿਰਾਂ ਦੀ ਯਾਤਰਾ ਕੀਤੀ ਸੀ। ਪੰਜਾਬ ਗੁਰੂ ਜੀ ਦੀ ਜਨਮ-ਭੂਮੀ ਸੀ। ਇਸ ਲਈ ਜ਼ਰੂਰੀ ਸੀ ਕਿ ਉਹ ਬਾਹਰਲੇ ਖੇਤਰ ਦੇਖਣ ਤੋਂ ਪਹਿਲਾਂ ਆਪਣੀ ਜਨਮ-ਭੂਮੀ ਨੂੰ ਚੰਗੀ ਤਰ੍ਹਾਂ ਦੇਖਦੇ। ਪੰਜਾਬ ਦਾ ਸੱਭਿਆਚਾਰ ਬਾਕੀ ਦੇ ਭਾਰਤੀ ਸੱਭਿਆਚਾਰ ਨਾਲੋਂ ਬਿਲਕੁਲ ਹੀ ਵੱਖਰਾ ਸੀ। ਇਸ ਕਰਕੇ ਗੁਰੂ ਨਾਨਕ ਸਾਹਿਬ ਨੇ ਸਭ ਤੋਂ ਪਹਿਲਾਂ ਪੰਜਾਬ ਦੇ ਇਲਾਕੇ ਦੀਆਂ ਯਾਤਰਾਵਾਂ ਕੀਤੀਆਂ ਸਨ। ਪੰਜਾਬ ਦੀਆਂ ਯਾਤਰਾਵਾਂ, ਗੁਰੂ ਜੀ ਦੀਆਂ ਲੰਮੀਆਂ ਯਾਤਰਾਵਾਂ ਦੀ ਭੂਮਿਕਾ ਵੀ ਸਨ ਅਤੇ ਉਹਨਾਂ ਦੀ ਸ਼ੁਰੂਆਤ ਵੀ ਸਨ। ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਵਿਸ਼ਵ-ਵਿਆਪੀ ਸਨ ਕਿਉਂਕਿ ਇਨ੍ਹਾਂ ਦੀ ਸੀਮਾ ਹੀ ਕੋਈ ਨਹੀਂ ਸੀ। ਸੀਮਾ ਨਾ ਸਮੇਂ ਦੀ ਅਤੇ ਨਾ ਹੀ ਮੁਲਕੀ ਹੱਦਾਂ ਦੀ। ਇਹ ਯਾਤਰਾਵਾਂ ਕਿਸੇ ਇੱਕ ਰਾਜ ਦੀਆਂ ਜਾਂ ਕਿਸੇ ਇੱਕ ਦੇਸ ਦੀਆਂ, ਜਾਂ ਕਿਸੇ ਇੱਕ ਮਹਾਂਦੀਪ ਦੀਆਂ ਹੱਦਾਂ ਅੰਦਰ ਸੀਮਤ ਨਹੀਂ ਸਨ। ਇਹ ਅੰਤਰ-ਰਾਸ਼ਟਰੀ, ਅੰਤਰ-ਮਹਾਂਦੀਪੀ ਅਤੇ ਇੱਥੋਂ ਤੱਕ ਕਿ ਅੰਤਰ-ਖੰਡੀ ਅਤੇ ਅੰਤਰ-ਬ੍ਰਹਿਮੰਡੀ ਵੀ ਸਨ। ਇਸੇ ਕਰਕੇ ਹੀ ਇਹਨਾਂ ਨੂੰ ਸੀਮਾ ਰਹਿਤ ਕਿਹਾ ਗਿਆ ਹੈ। ਇਹ ਇਤਨੀਆਂ ਹੈਰਾਨਕੁਨ ਹਨ ਕਿ ਅਜੇ ਤੱਕ ਵੀ ਇਹਨਾਂ ਯਾਤਰਾਵਾਂ ਦੀ ਸਹੀ ਰੂਪ ਵਿੱਚ ਨਿਸ਼ਾਨਦੇਹੀ ਨਹੀਂ ਕੀਤੀ ਜਾ ਸਕੀ। ਜੇਕਰ ਅਸੀਂ ਪੰਜ ਸੌ ਪੰਜਾਹ ਸਾਲ ਬੀਤਣ ਤੇ ਵੀ ਗੁਰੂ ਸਾਹਿਬ ਦੀਆਂ ਯਾਤਰਾਵਾਂ ਦੀ ਨਿਸ਼ਾਨਦੇਹੀ ਨਹੀ ਕਰ ਸਕੇ ਤਾਂ ਇਹਨਾਂ ਦੀ ਸਹੀ ਇਤਿਹਾਸਕ ਜਾਣਕਾਰੀ ਅਤੇ ਸਹੀ-ਵਿਆਖਿਆ ਕਿਵੇਂ ਕੀਤੀ ਜਾ ਸਕਦੀ ਹੈ?

ਪਹਿਲੀ ਗੱਲ ਤਾਂ ਇਹ ਹੀ ਦੇਖਣ ਵਾਲੀ ਹੈ ਕਿ ਇਕੱਲਾ ਹਿੰਦ ਉੱਪ-ਮਹਾਂਦੀਪ ਹੀ ਅਸੀਮਤ ਅਤੇ ਵਿਸ਼ਾਲ ਸੀ। ਉਹਨਾਂ ਤੋਂ ਪਹਿਲਾ ਕੋਈ ਵਿਅਕਤੀ ਵੀ ਹਿੰਦ ਉਪ-ਮਹਾਂਦੀਪ ਦੀ ਯਾਤਰਾ ਨਹੀਂ ਕਰ ਸਕਿਆ ਸੀ। ਹਿੰਦ ਉਪ-ਮਹਾਂਦੀਪ ਦੇ ਉਤਰੀ, ਪੂਰਬੀ, ਦੱਖਣੀ ਅਤੇ ਪੱਛਮੀ ਖੰਡ ਹੀ ਅੰਤਰਖੰਡਾ ਜੈਸੇ ਸਨ। ਇਹ ਨਾ ਬੋਲੀ ਦੇ ਪੱਖੋਂ, ਨਾ ਸਭਿਆਚਾਰ ਦੇ ਪੱਖੋਂ ਅਤੇ ਨਾ ਹੀ ਧਰਮ ਦੇ ਪੱਖੋਂ ਇੱਕ-ਦੂਜੇ ਨਾਲ ਮਿਲਦੇ ਸਨ। ਇਸ ਲਈ ਇਤਨੇ ਵਖਰੇਵਿਆਂ-ਭਰਪੂਰ ਹਿੰਦ ਉਪ-ਮਹਾਂਦੀਪ ਦੇ ਖੰਡਾਂ ਦੀ ਯਾਤਰਾ ਕਰਨੀ ਹੀ ਆਪਣੇ-ਆਪ ਵਿੱਚ ਇੱਕ ਹੈਰਾਨਕੁਨ ਕਾਰਨਾਮਾ ਸੀ। ਫਿਰ ਹਿੰਦ ਉਪ-ਮਹਾਂਦੀਪ ਵਿੱਚੋਂ ਨਿਕਲ ਕੇ ਸ੍ਰੀ ਲੰਕਾ, ਅਫਗਾਨਿਸਤਾਨ, ਫਾਰਸ ਦੀ ਖਾੜੀ ਦੇ ਦੇਸਾਂ, ਅਰਬ ਦੇਸਾਂ, ਤਿੱਬਤ, ਚੀਨ ਅਤੇ ਰੂਮ ਤੇ ਸ਼ਾਮ ਤੱਕ ਦੇ ਵਿਸ਼ਾਲ ਖੇਤਰਾਂ ਦੀਆਂ ਯਾਤਰਾਵਾਂ ਹੀ ਖੋਜੀਆਂ ਨੂੰ ਚਕਾਚੌਂਧ ਕਰ ਦਿੰਦੀਆਂ ਹਨ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਜੀ ਦੀ ਨਜ਼ਰ ਵਿੱਚ ਵਿਸ਼ਵ ਦੇ ਨੌਂ ਦੇ ਨੌਂ ਖੰਡ ਹੀ ਸਨ। ਇਹਨਾਂ ਨੌਂ ਖੰਡਾ ਤੋਂ ਵੀ ਅੱਗੇ ਜਿੱਥੋਂ ਤੱਕ ਗੁਰੂ ਜੀ ਦੀ ਦਰਿਸ਼ਟੀ ਜਾ ਸਕਦੀ ਸੀ ਉਹ ਖੰਡ ਵੀ ਗੁਰੂ ਜੀ ਦੇ ਯਾਤਰਾ ਮਿਸ਼ਨ ਵਿੱਚ ਸ਼ਾਮਲ ਸਨ।

ਹਿੰਦੂ ਤੀਰਥ-ਅਸਥਾਨਾਂ ਤੇ ਜਾਣ ਬਾਰੇ ਭਾਈ ਸਾਹਿਬ ਇੱਕ ਪਉੜੀ ਵਿੱਚ ਸੰਖੇਪਤਾ ਨਾਲ ਸਮੇਟਦੇ ਹੋਏ ਲਿਖਦੇ ਹਨ ਕਿ ਗੁਰੂ ਜੀ ਨੇ ਦੇਸ ਦੇ ਕੁੱਲ ਤੀਰਥ, ਤੀਰਥਾਂ ਤੇ ਮਨਾਏ ਜਾਣ ਵਾਲੇ ਪੁਰਬ ਆਦਿ ਨੂੰ ਤੁਰ-ਫਿਰ ਕੇ ਦੇਖਿਆ ਸੀ। ਪਰ ਉਹਨਾਂ ਨੂੰ ਕਿਸੇ ਪਾਸੇ ਵੀ ਮਨੁੱਖੀ-ਏਕਤਾ, ਮਨੁੱਖੀ-ਪਿਆਰ ਤੇ ਰੱਬ ਦੀ ਭਗਤੀ ਦਿਖਾਈ ਨਹੀਂ ਦਿੱਤੀ ਸੀ। ਦੇਖਣ ਨੂੰ ਤਾਂ ਹਰ ਥਾਂ 'ਤੇ ਹੀ ਵੱਡੇ-ਵੱਡੇ ਸਿੱਧ-ਸਾਧਿਕ, ਨਾਥ, ਜਤੀ-ਸਤੀ ਆਦਿ ਕਿਸਮ ਦੇ ਭੇਖੀ, ਫਿਰ ਰਹੇ ਸਨ ਜਿਹੜੇ ਕਿ ਆਪਣੀ ਹਉਮੈਂ ਅੰਦਰ ਹੀ ਡੁੱਬੇ ਹੋਏ ਸਨ। ਉਹਨਾਂ ਨੂੰ ਕਿਸੇ ਵੀ ਤੀਰਥ 'ਤੇ ਐਸਾ ਗੁਰਮੁਖ ਨਹੀਂ ਮਿਲਿਆ ਜਿਹੜਾ ਰੱਬ ਅਤੇ ਉਸ ਦੀ ਲੋਕਾਈ ਦੀ ਸੋਝੀ ਰੱਖਦਾ ਹੋਵੇ। ਭਾਈ ਗੁਰਦਾਸ ਜੀ ਅਨੁਸਾਰ ਲੋਕਾਈ ਨੂੰ ਸੱਚ ਦਾ ਸੰਦੇਸ਼ ਦੇਣ ਲਈ ਗੁਰੂ ਜੀ ਪਰਬਤਾਂ ਵੱਲ ਰਵਾਨਾ ਹੋ ਗਏ ਸਨ। ਉੱਥੇ ਪਰਬਤਾਂ ਦੀਆਂ ਕੰਦਰਾਂ ਵਿੱਚ ਬੈਠੀਆਂ ਸਿੱਧਾਂ ਦੀਆਂ ਮੰਡਲੀਆਂ ਦੇਖੀਆਂ। ਇਹਨਾਂ ਮੰਡਲੀਆਂ ਵਿੱਚ ਚੌਰਾਸੀ ਤਰ੍ਹਾਂ ਦੇ ਸਿੱਧ ਮਿਲੇ ਜਿਹੜੇ ਆਪਣੇ-ਆਪ ਨੂੰ ਗੋਰਖ ਦੇ ਚੇਲੇ ਅਖਵਾਉਂਦੇ ਸਨ। ਜਿਉਂ ਹੀ ਗੁਰੂ ਨਾਨਕ ਸਾਹਿਬ ਉਹਨਾਂ ਕੋਲ ਗਏ ਤਾਂ ਉਹਨਾਂ ਨੇ ਹੈਰਾਨ ਹੋ ਕੇ ਪੁੱਛਿਆ ਕਿ ਹੇ ਨੌਜਵਾਨ ਤੂੰ ਕੌਣ ਹੈਂ ਜਿਹੜਾ ਇੱਥੇ ਅਪਹੁੰਚ ਥਾਵਾਂ 'ਤੇ ਵੀ ਪਹੁੰਚ ਗਿਆ ਹੈ। ਸਿੱਧ ਸਮਝਦੇ ਸਨ ਕਿ ਉਹ ਸਮਾਜ ਤੋਂ ਇਤਨੀ ਦੂਰ ਆ ਗਏ ਹਨ ਜਿੱਥੇ ਕਿ ਕੋਈ ਮਨੁੱਖ ਨਹੀਂ ਪਹੁੰਚ ਸਕਦਾ ਸੀ। ਪਰ ਮਨੁੱਖੀ ਰੂਪ ਨੂੰ ਉਹ ਆਪਣੇ ਸਾਹਮਣੇ ਖੜ੍ਹਾ ਦੇਖ ਕੇ ਹੈਰਾਨ ਹੋ ਰਹੇ ਸਨ ਅਤੇ ਪੁੱਛੇ ਰਹੇ ਸਨ ਕਿ ਉਹ (ਗੁਰੂ ਜੀ) ਕਿਸ ਸ਼ਕਤੀ ਦੇ ਸਹਾਰੇ ਨਾਲ ਇੱਥੇ ਪਹੁੰਚੇ ਹਨ। ਗੁਰੂ ਜੀ ਨੇ ਜਵਾਬ ਦਿੱਤਾ ਕਿ ਉਹ ਰੱਬ ਦਾ ਸਿਮਰਨ ਕਰਦੇ ਹੋਏ ਇੱਥੇ ਆਏ ਹਨ। ਫਿਰ ਸਿੱਧਾਂ ਨੇ ਗੁਰੂ ਜੀ ਦਾ ਨਾਂ ਪੁੱਛਿਆ। ਗੁਰੂ ਜੀ ਨੇ ਕਿਹਾ ਕਿ ਉਹਨਾਂ ਦਾ ਨਾਂ ਨਾਨਕ ਹੈ ਅਤੇ ਰੱਬ ਦਾ ਨਾਮ ਸਿਮਰ ਕੇ ਹੀ ਇਹ ਤਾਕਤ ਹਾਸਲ ਕੀਤੀ ਹੈ।

ਫਿਰ ਸਿੱਧਾਂ ਨੇ ਪੁੱਛਿਆ, ਹੇ ਨਾਨਕ, ਸਮਾਜ ਵਿੱਚ ਕਿਸ ਤਰ੍ਹਾਂ ਦਾ ਵਰਤਾਰਾ ਚੱਲ ਰਿਹਾ ਹੈ। ਸਿੱਧਾਂ ਵਿੱਚ ਇਸ ਗੱਲ ਦੀ ਜਾਣਕਾਰੀ ਸੀ ਕਿ ਇੱਕ ਨਾਨਕ ਨਾਂ ਦਾ ਵਿਅਕਤੀ ਪਰਮਾਤਮਾ ਦਾ ਸੰਦੇਸ਼ ਦਿੰਦਾ ਫਿਰਦਾ ਹੈ। ਗੁਰੂ ਜੀ ਨੇ ਜਵਾਬ ਦਿੱਤਾ ਕਿ ਹੇ ਨਾਥ ਜੀ, ਸੱਚ ਦਾ ਚੰਦਰਮਾ ਤਾਂ ਕਿਸੇ ਪਾਸੇ ਵੀ ਦਿਖਾਈ ਨਹੀਂ ਦਿੰਦਾ। ਸਭ ਪਾਸੇ ਝੂਠ ਹੀ ਝੂਠ ਪਸਰਿਆ ਹੋਇਆ ਹੈ। ਉਹ ਤਾਂ ਇਸ ਕੂੜ ਅੰਧੇਰੇ ਵਿੱਚੋਂ ਸੱਚ ਦੀ ਤਲਾਸ਼ ਕਰਨ ਲਈ ਤੁਰੇ ਹੋਏ ਹਨ। ਧਰਤੀ ਉੱਤੇ ਪਾਪ ਇਤਨੇ ਵੱਧ ਗਏ ਹਨ ਕਿ ਧਰਤੀ ਹੇਠਲਾ ਧਉਲ ਵੀ ਪੁਕਾਰ ਉਠਿਆ ਹੈ। ਜਿਹਨਾਂ ਸਿੱਧਾਂ ਨੇ ਜਗਤ ਦਾ ਕਲਿਆਣ ਕਰਨਾ ਸੀ ਉਹ ਤਾਂ ਸਮਾਜ ਨੂੰ ਤਿਆਗ ਕੇ ਪਰਬਤਾਂ ਦੀਆਂ ਕੰਧਰਾਂ ਵਿੱਚ ਆ ਛੁਪੇ ਹਨ। ਪਿੱਛੇ ਸਮਾਜ ਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਕੌਣ ਰਹਿ ਗਿਆ ਹੈ? ਜੋਗੀ ਵੀ ਇਤਨੇ ਗਿਆਨ-ਵਿਹੂਣੇ ਹਨ ਕਿ ਉਹ ਸਮਾਜ-ਕਲਿਆਣ ਦਾ ਕੰਮ ਕਰਨ ਦੀ ਥਾਂ ਦਿਨ-ਰਾਤ ਆਪਣੇ ਸਰੀਰਾਂ ਉੱਤੇ ਸੁਆਹ ਮਲ੍ਹ ਕੇ ਰੱਖਣ ਜੋਗੇ ਹੀ ਰਹਿ ਗਏ ਹਨ। ਸਮਾਜ ਵਿੱਚ ਪਸਰੇ ਹੋਏ ਪਾਪਾਂ ਦੀ ਵਿਆਖਿਆ ਕਰਦੇ ਹੋਏ ਗੁਰੂ ਜੀ ਸਿੱਧਾਂ ਨੂੰ ਦੱਸ ਰਹੇ ਹਨ ਕਿ, "ਸਮੇਂ ਦੇ ਹਾਕਮ ਕੁੱਤਿਆਂ ਵਾਂਗ ਸੜੇ ਹੋਏ ਮਾਸਾਂ ਨੂੰ ਖਾ ਰਹੇ ਹਨ। ਰਾਜੇ ਹੀ ਆਪਣੀ ਪਰਜਾ ਨੂੰ ਲੁੱਟ ਰਹੇ ਹਨ। ਰਾਜਿਆਂ ਨੇ ਤਾਂ ਸਗੋਂ ਆਪਣੀ ਪਰਜਾ ਦੀ ਰਾਖੀ ਕਰਨੀ ਸੀ ਪਰ ਇੱਥੇ ਉਲਟਾ ਰਾਖੀ ਕਰਨ ਵਾਲੇ ਹੀ ਪਰਜਾ ਨੂੰ ਲੁੱਟ ਰਹੇ ਹਨ। ਪਰਜਾ ਵਿਚਾਰੀ ਗਿਆਨ ਬਿਨਾ ਐਸੀ ਬਰਗਲਾਈ ਜਾ ਰਹੀ ਹੈ ਕਿ ਇਸ ਦੇ ਸਾਹਮਣੇ ਹਾਕਮ ਲੋਕ ਹਰ ਤਰ੍ਹਾਂ ਦਾ ਸੱਚ-ਝੂਠ ਬੋਲ ਰਹੇ ਹਨ ਪਰ ਜਨਤਾ ਨੂੰ ਸਮਝ ਨਹੀਂ ਆ ਰਿਹਾ। ਚੇਲੇ ਅਤੇ ਗੁਰੂ ਦਾ ਸੰਬੰਧ ਐਸੇ ਮੋੜ 'ਤੇ ਆ ਗਿਆ ਹੈ ਕਿ ਦੋਵੇਂ ਹੀ ਆਪਣੇ ਸੁਆਰਥਾਂ ਦੀ ਪੂਰਤੀ ਲਈ ਭਾਂਤ-ਭਾਂਤ ਦੇ ਸੁਆਂਗ ਕਰ ਰਹੇ ਹਨ। ਗੁਰੂ ਖੁਦ ਆਪਣੇ ਚੇਲਿਆਂ ਦੇ ਘਰਾਂ ਵਿੱਚ ਜਾ ਕੇ ਉਹਨਾਂ ਨੂੰ ਬੁਲਾ ਕੇ ਲਿਆਉਂਦੇ ਹਨ। ਕਾਜ਼ੀ ਲੋਕ ਰਿਸ਼ਵਤਾਂ ਲੈ ਕੇ ਫੈਸਲੇ ਕਰਦੇ ਹਨ। ਇਸਤਰੀ ਅਤੇ ਪੁਰਖ ਦਾ ਰਿਸ਼ਤਾ ਸਿਰਫ ਪੈਸੇ ਕਮਾਉਣ ਦਾ ਹੀ ਰਹਿ ਗਿਆ ਹੈ। ਪੁਰਖ ਨੂੰ ਇਸ ਗੱਲ ਨਾਲ ਕੋਈ ਸੰਬੰਧ ਨਹੀਂ ਹੈ ਕਿ ਉਸ ਦੀ ਤੀਵੀਂ ਕਿੱਥੋਂ ਆਉਂਦੀ ਹੈ ਤੇ ਕਿੱਥੋਂ ਨਹੀਂ ਆਉਂਦੀ। ਇਸ ਤਰ੍ਹਾਂ ਸਾਰੇ ਸਮਾਜ ਵਿੱਚ ਪਾਪ ਪਸਰ ਗਿਆ ਹੈ।" (ਪਉੜੀ 30ਵੀਂ)

ਜਿਹੜੇ ਪਾਪਾਂ ਦੀ ਗੱਲ ਗੁਰੂ ਸਾਹਿਬ ਨੇ ਸਿੱਧਾਂ ਨੂੰ ਪਹਿਲਾ ਕਹੀ ਸੀ ਕਿ "ਪਾਪਿ ਗਿਰਾਸੀ ਪਿਰਥਮੀ" ਜਾਂ "ਕੂੜ ਅਮਾਵਸ ਵਰਤਿਆ", ਪਉੜੀ 30ਵੀਂ ਵਿੱਚ ਇਸ ਸਮੁੱਚੇ ਪਾਪ ਦੀ ਵਿਆਖਿਆ ਕੀਤੀ ਗਈ ਹੈ। ਇਹ ਗੱਲ ਸਿੱਧਾਂ ਨੂੰ ਦੱਸੀ ਗਈ ਹੈ ਕਿ ਤੁਸੀਂ ਲੋਕਾਂ ਨੇ, ਜਿਹਨਾਂ ਨੇ ਮਨੁੱਖਤਾ ਨੂੰ ਸਹੀ ਜੀਵਨ-ਜਾਚ ਦੀ ਸਿੱਖਿਆ ਦੇਣੀ ਸੀ ਉਹ ਤਾਂ ਪਰਬਤਾਂ ਵਿੱਚ ਆ ਛੁਪੇ ਹਨ। ਉਹਨਾਂ ਦੀ ਗੈਰ-ਹਾਜ਼ਰੀ ਵਿੱਚ ਪਿੱਛੇ ਲੋਕਾਂ ਨੂੰ ਬੁਰਾਈਆਂ ਤੋਂ ਵਰਜਣ ਵਾਲਾ ਕਿਹੜਾ ਮਹਾਂਪੁਰਸ਼ ਰਹਿ ਗਿਆ ਹੈ।

ਅਗਲੀ 31ਵੀਂ ਪਉੜੀ ਵਿੱਚ ਦੱਸਿਆ ਗਿਆ ਹੈ ਕਿ ਜਦੋਂ ਸਿੱਧਾਂ ਨੇ ਨੌਜਵਾਨ ਗੁਰੂ ਨਾਨਕ ਦੀਆਂ ਇਸ ਤਰ੍ਹਾਂ ਦੀਆਂ ਗੱਲਾਂ ਸੁਣੀਆਂ ਤਾਂ ਉਹ ਬੜੇ ਪ੍ਰਭਾਵਿਤ ਹੋਏ। ਉਲਟਾ, ਗੁਰੂ ਜੀ ਦੀਆਂ ਗੱਲਾਂ ਦੀ ਪ੍ਰੋੜ੍ਹਤਾ ਕਰਨ ਦੀ ਬਜਾਏ, ਸਿੱਧਾਂ ਨੇ ਸਲਾਹ ਕੀਤੀ ਕਿ ਜੇਕਰ ਇਹ ਨੌਜੁਆਨ ਉਹਨਾਂ ਦੀ ਸੰਪਰਦਾ ਵਿੱਚ ਹੀ ਸ਼ਾਮਲ ਹੋ ਜਾਵੇ ਤਾਂ ਸਿੱਧਾਂ ਦੀ ਸੰਪਰਦਾ ਬਹੁਤ ਉੱਜਲ ਭਵਿੱਖ ਵਾਲੀ ਹੋ ਸਕਦੀ ਹੈ। ਇਸ ਕੁਚੇਸ਼ਟਾ ਨਾਲ ਉਹ ਭਾਂਤ-ਭਾਂਤ ਦੇ ਤਰੀਕਿਆਂ ਨਾਲ ਗੁਰੂ ਨਾਨਕ ਸਾਹਿਬ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਸਨ ਪਰ ਗੁਰੂ ਨਾਨਕ ਸਾਹਿਬ ਉਹਨਾਂ ਦੀ ਕਿਸੇ ਗੱਲ ਵਿੱਚ ਆਉਣ ਵਾਲੇ ਨਹੀਂ ਸਨ।

ਭਾਈ ਗੁਰਦਾਸ ਜੀ ਦੱਸਦੇ ਹਨ ਕਿ, "ਸਤਿਗੁਰੂ ਜੀ ਸਭ ਕੁਝ ਜਾਣਦੇ ਸਨ ਤੇ ਸਮਝਦੇ ਸਨ। ਇਸ ਲਈ ਉਹਨਾਂ ਦੀ ਗੱਲਬਾਤ ਵਿੱਚ ਐਸਾ ਤਰਕ ਹੁੰਦਾ ਸੀ ਕਿ ਕੋਈ ਸਿੱਧ ਉਸ ਦਾ ਜਵਾਬ ਨਹੀਂ ਦੇ ਸਕਦਾ ਸੀ। ਇਸ ਕਰਕੇ ਆਖਿਰ ਸਿੱਧਾਂ ਦੀ ਮੰਡਲੀ ਆਪਣੀ ਹਾਰ ਮੰਨ ਗਈ ਅਤੇ ਗੁਰੂ ਜੀ ਨੇ ਆਪਣੇ ਵਿਚਾਰਾਂ ਨੂੰ ਪੂਰੀ ਤਰ੍ਹਾਂ ਸਪਸ਼ਟ ਕਰ ਕੇ ਉਹਨਾਂ ਦੇ ਸਾਹਮਣੇ ਰੱਖ ਦਿੱਤਾ ਸੀ ਜਿਸ ਦਾ ਭਾਵ ਸੀ ਕਿ ਕਲਜੁਗ ਵਿੱਚ ਨਾਨਕ ਦੀ ਵਿਚਾਰਧਾਰਾ ਨੂੰ ਅਪਣਾ ਕੇ ਹੀ ਆਪਣਾ ਜੀਵਨ ਸੁਖਾਲਾ ਕੀਤਾ ਜਾ ਸਕਦਾ ਹੈ।"

ਸਤਿਗੁਰ ਅਗਮ ਅਗਾਧਿ ਪੁਰਖੁ
ਕੇਹੜਾ ਝਲੇ ਗੁਰੂ ਦੀ ਝਾਲਾ।
ਸਬਦਿ ਜਿਤੀ ਸਿਧਿ ਮੰਡਲੀ
ਕੀਤੋਸੁ ਆਪਣਾ ਪੰਥ ਨਿਰਾਲਾ।
ਕਲਿਜੁਗ ਨਾਨਕ ਨਾਮੁ ਸੁਖਾਲਾ।
(ਪਉੜੀ 31ਵੀਂ)

ਉਕਤ ਸਾਰੀ ਵਾਰਤਾ, ਗੁਰੂ ਜੀ ਦੀ, ਪਰਬਤਾਂ ਵਿੱਚ ਛੁਪੇ ਬੈਠੇ ਉਹਨਾਂ ਸਿੱਧਾਂ ਨਾਲ ਹੋਈ ਸੀ ਜਿਹਨਾਂ ਨੂੰ ਭਾਰਤੀ ਸਮਾਜ ਵਿੱਚ ਸਭ ਤੋਂ ਪਵਿੱਤਰ ਪੁਰਸ਼ ਮੰਨਿਆ ਜਾਂਦਾ ਸੀ। ਪਰ ਗੁਰੂ ਜੀ ਦੀਆਂ ਬੇਬਾਕ ਗੱਲਾਂ ਨੇ ਇਹਨਾਂ ਨੂੰ ਵੀ ਸ਼ਰਮਸ਼ਾਰ ਕਰ ਦਿੱਤਾ ਸੀ।

(ਚਲਦਾ...)

## ਗ਼ਦਰ ਲਹਿਰ ਦੇ ਸ਼ਹੀਦ ਡਾਕਟਰ ਮਥਰਾ ਸਿੰਘ

**ਦਲਜੀਤ ਰਾਏ ਕਾਲੀਆ**, (ਮੋਬਾਈਲ: 94174-55968)

ਭਾਰਤ ਦੇ ਆਜ਼ਾਦੀ ਅੰਦੋਲਨ ਵਿਚ ਗ਼ਦਰ ਲਹਿਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਡਾਕਟਰ ਮਥਰਾ ਸਿੰਘ ਗ਼ਦਰ ਲਹਿਰ ਦੇ ਪ੍ਰਮੁੱਖ ਸ਼ਹੀਦ ਹੋਏ ਹਨ। ਉਨ੍ਹਾਂ ਦਾ ਜਨਮ ਪਾਕਿਸਤਾਨ ਦੇ ਜੇਹਲਮ ਜ਼ਿਲ੍ਹੇ ਦੇ ਪਿੰਡ ਢੁੱਡਿਆਲ ਵਿਖੇ ਸ. ਹਰੀ ਸਿੰਘ ਦੇ ਘਰ ਹੋਇਆ। ਬਚਪਨ ਵਿਚ ਹੀ ਉਨ੍ਹਾਂ ਦੇ ਸਿਰ ਤੋਂ ਪਿਤਾ ਦਾ ਸਾਇਆ ਉੱਠ ਗਿਆ। ਉਨ੍ਹਾਂ ਮੁੱਢਲੀ ਵਿੱਦਿਆ ਪਿੰਡ ਦੇ ਸਕੂਲ ਵਿੱਚੋਂ ਹੀ ਪ੍ਰਾਪਤ ਕੀਤੀ। ਉਨ੍ਹਾਂ ਖ਼ਾਲਸਾ ਹਾਈ ਸਕੂਲ ਚੱਕਵਾਲ ਤੋਂ ਮੈਟ੍ਰਿਕ ਦਾ ਇਮਤਿਹਾਨ ਪਾਸ ਕੀਤਾ। ਇਸ ਤੋਂ ਬਾਅਦ ਉਹ ਰਾਵਲਪਿੰਡੀ ਵਿਚ ਇਕ ਦਵਾਈਆਂ ਦੀ ਦੁਕਾਨ 'ਤੇ ਮੁਲਾਜ਼ਮ ਲੱਗ ਗਏ। ਬਾਅਦ ਵਿਚ ਉਹ ਨੌਸ਼ਹਿਰੇ ਵਿਖੇ ਇਕ ਦਵਾਈਆਂ ਦੀ ਦੁਕਾਨ ਦੇ ਭਾਈਵਾਲ ਬਣ ਗਏ। ਦਵਾਈਆਂ ਦਾ ਕਾਰੋਬਾਰ ਕਰਦੇ ਹੋਣ ਕਰਕੇ ਉਹ ਇਲਾਕੇ ਵਿਚ ਡਾਕਟਰ ਮਥਰਾ ਸਿੰਘ ਵਜੋਂ ਪ੍ਰਸਿੱਧ ਹੋਏ। 1908 ਵਿਚ ਉਨ੍ਹਾਂ ਦਾ ਵਿਆਹ ਹੋ ਗਿਆ। 1913 ਵਿਚ ਉਨ੍ਹਾਂ ਦੀ ਇਕਲੌਤੀ ਬੱਚੀ ਅਤੇ ਪਤਨੀ ਦੀ ਮੌਤ ਹੋ ਗਈ। 1913 ਵਿਚ ਮਥਰਾ ਸਿੰਘ ਸ਼ੰਘਾਈ ਪਹੁੰਚ ਗਏ ਅਤੇ ਉੱਥੇ ਦਵਾਈਆਂ ਦੀ ਦੁਕਾਨ ਖੋਲ੍ਹ ਲਈ। ਜੁਲਾਈ 1913 ਵਿਚ ਡਾਕਟਰ ਮਥਰਾ ਸਿੰਘ ਅਮਰੀਕਾ ਚਲੇ ਗਏ ਜਿੱਥੇ ਉਹ ਗ਼ਦਰ ਪਾਰਟੀ ਦੇ ਨੇਤਾਵਾਂ ਦੇ ਸੰਪਰਕ ਵਿਚ ਆ ਕੇ ਪਾਰਟੀ ਦੇ ਸਰਗਰਮ ਵਰਕਰ ਬਣ ਗਏ। 1913 ਦੇ ਅਖ਼ੀਰ ਵਿਚ ਉਹ ਅਮਰੀਕਾ ਤੋਂ ਸ਼ੰਘਾਈ ਪਰਤ ਆਏ ਅਤੇ ਗ਼ਦਰ ਪਾਰਟੀ ਦੇ ਪ੍ਰਚਾਰ ਲਈ ਗ਼ਦਰ ਅਖ਼ਬਾਰ ਵੰਡਣ ਲੱਗ ਪਏ।



24 ਮਾਰਚ 1914 ਨੂੰ ਬਾਬਾ ਗੁਰਦਿੱਤ ਸਿੰਘ ਨੇ ਕਾਮਾਗਾਟਾਮਾਰੂ ਜਹਾਜ਼ ਕਿਰਾਏ 'ਤੇ ਲੈ ਕੇ ਸਿੱਧੇ ਕੈਨੇਡਾ ਪਹੁੰਚਣ ਦੀ ਯੋਜਨਾ ਬਣਾਈ ਗਈ। ਇਸ ਜਹਾਜ਼ ਨੇ 18 ਮਾਰਚ ਨੂੰ ਹਾਂਗਕਾਂਗ ਤੋਂ ਰਵਾਨਾ ਹੋਣਾ ਸੀ। ਪਰ ਸਰਕਾਰ ਵੱਲੋਂ ਰੁਕਾਵਟਾਂ ਪਾਉਣ ਕਰਕੇ ਜਹਾਜ਼ 4 ਅਪਰੈਲ 1914 ਨੂੰ ਹਾਂਗਕਾਂਗ ਤੋਂ ਰਵਾਨਾ ਹੋਇਆ। ਡਾਕਟਰ ਮਥਰਾ ਸਿੰਘ ਅਤੇ ਉਸ ਦੇ ਭਰਾ ਲਾਭ ਸਿੰਘ ਨੇ ਇਸ ਜਹਾਜ਼ ਰਾਹੀਂ ਕੈਨੇਡਾ ਪਹੁੰਚਣ ਦੀ ਯੋਜਨਾ ਬਣਾਈ, ਪਰ ਜਦ ਉਹ ਹਾਂਗਕਾਂਗ ਪਹੁੰਚੇ ਤਾਂ ਕਾਮਾਗਾਟਾਮਾਰੂ ਜਹਾਜ਼ ਉੱਥੋਂ ਕੈਨੇਡਾ ਲਈ ਰਵਾਨਾ ਹੋ ਚੁੱਕਿਆ ਸੀ। ਡਾਕਟਰ ਮਥਰਾ ਸਿੰਘ ਨੇ ਵਾਪਸ ਸ਼ੰਘਾਈ ਜਾਣ ਦੀ ਥਾਂ 'ਤੇ ਹਾਂਗਕਾਂਗ ਹੀ ਠਹਿਰਣ ਦਾ ਮਨ ਬਣਾ ਲਿਆ। 23 ਮਈ 1914 ਨੂੰ ਕਾਮਾਗਾਟਾਮਾਰੂ ਵੈਨਕੂਵਰ ਪਹੁੰਚਿਆ, ਕੈਨੇਡਾ ਸਰਕਾਰ ਨੇ ਇਸ ਜਹਾਜ਼ ਨੂੰ ਕਿਨਾਰੇ ਨਾ ਲੱਗਣ ਦਿੱਤਾ। ਦੋ ਮਹੀਨੇ ਦੇ ਕਰੀਬ ਇਸ ਜਹਾਜ਼ ਦੇ ਯਾਤਰੂ ਕੈਨੇਡਾ ਵਿਚ ਹੀ ਖੱਜਲ-ਖੁਆਰ ਹੁੰਦੇ ਰਹੇ। ਦੇਸ਼-ਵਿਦੇਸ਼ ਵਿਚ ਕੈਨੇਡਾ ਸਰਕਾਰ ਦੀ ਹਿੰਦੀ ਮੁਸਾਫਰਾਂ ਨਾਲ ਕੀਤੇ ਗਏ ਭੈੜੇ ਵਤੀਰੇ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਭਾਰਤੀਆ ਦੇ ਮਨਾਂ ਵਿਚ ਦੇਸ਼ ਆਜ਼ਾਦ ਕਰਾਉਣ ਦੀ ਇੱਛਾ ਹੋਰ ਵੀ ਪ੍ਰਬਲ ਹੋ ਗਈ। ਡਾਕਟਰ ਮਥਰਾ ਸਿੰਘ ਨੂੰ ਇਸ ਜ਼ੁਲਮੀ ਵਤੀਰੇ ਦੀ ਜਾਣਕਾਰੀ ਹਾਂਗਕਾਂਗ ਵਿਚ ਮਿਲੀ। ਉਨ੍ਹਾਂ ਫੈਸਲਾ ਕੀਤਾ ਕਿ ਜਹਾਜ਼ ਦੇ ਮੁਸਾਫਰਾਂ ਦੇ ਹਾਂਗਕਾਂਗ ਪਹੁੰਚਣ 'ਤੇ ਇਕ ਭਾਰੀ ਜਲਸਾ ਕੀਤਾ ਜਾਵੇ ਅਤੇ ਉਨ੍ਹਾਂ ਨਾਲ ਹੀ ਦੇਸ਼ ਪਹੁੰਚ ਕੇ ਅੰਗਰੇਜ਼ਾਂ ਦੇ ਜ਼ੁਲਮਾਂ ਦਾ ਪਾਜ ਉਘਾੜਿਆ ਜਾਵੇ। ਸਰਕਾਰ ਨੂੰ ਮਥਰਾ ਸਿੰਘ ਦੀਆਂ ਇਨ੍ਹਾਂ ਸਰਗਰਮੀਆਂ ਦਾ ਪਤਾ ਲੱਗ ਗਿਆ ਅਤੇ ਜਹਾਜ਼ ਨੂੰ ਹਾਂਗਕਾਂਗ ਦੇ ਕਿਨਾਰੇ ਲੱਗਣ ਹੀ ਨਾ ਦਿੱਤਾ। ਜਹਾਜ਼ ਦੇ ਉੱਥੋਂ ਚਲੇ ਜਾਣ ਪਿੱਛੋਂ ਹੀ ਡਾਕਟਰ ਮਥਰਾ ਸਿੰਘ ਤੇ ਹੋਰ ਲੋਕਾਂ ਨੂੰ ਇਸ ਦਾ ਪਤਾ ਚੱਲਿਆ। 29 ਸਤੰਬਰ 1914 ਨੂੰ ਜਦ ਬਜਬਜਘਾਟ (ਕੋਲਕਾਤਾ) ਵਿਖੇ ਕਾਮਾਗਾਟਾਮਾਰੂ ਜਹਾਜ਼ ਪਹੁੰਚਿਆ ਤਾਂ ਜ਼ਾਲਮ ਸਰਕਾਰ ਨੇ 10 ਮੁਸਾਫ਼ਰ ਸ਼ਹੀਦ ਕਰ ਦਿੱਤੇ। ਇਸ ਘਟਨਾ ਬਾਰੇ ਜਾਣ ਕੇ ਮਥਰਾ ਸਿੰਘ ਦਾ ਹਿਰਦਾ ਵਲੂੰਧਰਿਆ ਗਿਆ ਅਤੇ ਅੰਗਰੇਜ਼ਾਂ ਪ੍ਰਤੀ ਉਸ ਦਾ ਰੋਹ ਹੋਰ ਵੀ ਪ੍ਰਬਲ ਹੋ ਗਿਆ। ਜਦ ਦੂਸਰੇ ਜਹਾਜ਼ ਰਾਹੀਂ ਡਾਕਟਰ ਮਥਰਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਬਜਬਜਘਾਟ ਪਹੁੰਚੇ ਤਾਂ ਉਨ੍ਹਾਂ ਦੀ ਤਲਾਸ਼ੀ ਲਈ ਗਈ। ਪੁਲੀਸ ਦੀ ਨਿਗਰਾਨੀ ਹੇਠ ਉਨ੍ਹਾਂ ਨੂੰ ਪੰਜਾਬ ਭੇਜ ਦਿੱਤਾ ਗਿਆ। ਪੰਜਾਬ ਪਹੁੰਚਣ 'ਤੇ ਮਥਰਾ ਸਿੰਘ ਨੂੰ ਗ਼ਦਰ ਦੀ ਕੇਂਦਰੀ ਕਮੇਟੀ ਦਾ ਮੈਂਬਰ ਚੁਣ ਲਿਆ ਗਿਆ। ਫੇਰੂ ਸ਼ਹਿਰ ਦੇ ਸਾਕੇ ਪਿੱਛੋਂ ਉਨ੍ਹਾਂ ਨੂੰ ਬੰਬ ਬਣਾਉਣ ਦਾ ਇੰਚਾਰਜ ਬਣਾ ਦਿੱਤਾ ਗਿਆ। ਡਾਕਟਰ ਮਥਰਾ ਸਿੰਘ ਦੀ ਨਿਗਰਾਨੀ ਹੇਠ ਪਰਮਾਨੰਦ ਝਾਂਸੀ ਬੰਬ ਬਣਾਉਂਦੇ ਅਤੇ ਪੰਡਤ ਰਾਮ ਰੱਖਾ ਸੜੋਆ ਅਤੇ ਹਿਰਦੇ ਰਾਮ ਮੰਡੀ ਬੰਬਾਂ ਲਈ ਸਾਮਾਨ ਖਰੀਦ ਕੇ ਲਿਆਉਂਦੇ। ਗ਼ਦਰ ਪਾਰਟੀ ਵੱਲੋਂ ਡਾਕਟਰ ਮਥਰਾ ਸਿੰਘ ਨੂੰ ਸਰਹੱਦੀ ਸੂਬੇ ਵਿਚ ਗ਼ਦਰ ਦਾ ਪ੍ਰਚਾਰ ਕਰਨ ਲਈ ਵੀ ਭੇਜਿਆ ਗਿਆ। ਜਦ ਅੰਗਰੇਜ਼ ਸਰਕਾਰ ਨੂੰ ਡਾਕਟਰ ਮਥਰਾ ਸਿੰਘ ਦੀਆਂ ਸਰਗਰਮੀਆਂ ਦਾ ਪਤਾ ਲੱਗਿਆ ਤਾਂ ਸਰਕਾਰ ਨੇ ਡਾਕਟਰ ਮਥਰਾ ਸਿੰਘ ਦੀ ਗ੍ਰਿਫ਼ਤਾਰੀ ਲਈ 2000 ਰੁਪਏ ਅਤੇ ਇਕ ਮੁਰੱਬਾ ਜ਼ਮੀਨ ਦਾ ਇਨਾਮ ਰੱਖ ਦਿੱਤਾ। ਪਹਿਲੀ ਦਸੰਬਰ 1915 ਕਾਬਲ ਵਿਚ ਹਿੰਦੁਸਤਾਨ ਦੀ

**ਬਾਕੀ ਸਫ਼ਾ 30 'ਤੇ**

# ਗੁਰੂ ਕੌਣ ਹੁੰਦਾ ਹੈ



ਵੀਰ ਭੁਪਿੰਦਰ ਸਿੰਘ



ਇਸ ਦੁਨੀਆ ਵਿੱਚ ਮਾਇਆ ਦਾ ਪਸਾਰਾ ਬੇਅੰਤ ਤਰੀਕਿਆਂ 'ਚ ਪਸਰਿਆ ਹੋਇਆ ਹੈ। ਮਾਇਆ ਕਿਸੇ ਵੀ ਰੂਪ ਵਿੱਚ ਮਾੜੀ ਨਹੀਂ ਹੁੰਦੀ ਪਰ ਵਿਕਾਰਾਂ ਦੇ ਵੱਸ ਪਿਆ ਮਨੁੱਖ, ਮਾਇਆ ਦੇ ਅਨੇਕਾਂ ਰੂਪਾਂ 'ਚ ਖਚਿਤ ਹੋ ਜਾਂਦਾ ਹੈ। ਸਿੱਟੇ ਵਜੋਂ ਮਨੁੱਖ ਨੂੰ ਬਿਬੇਕ ਬੁੱਧੀ ਪ੍ਰਾਪਤ ਕਰਨੀ ਮੁਸ਼ਕਲ ਹੋ ਜਾਂਦੀ ਹੈ। ਐਸੀ ਅਵਸਥਾ ਵਾਲੇ ਮਨੁੱਖ ਨੂੰ ਅਗਿਆਨਤਾ ਵੱਸ ਜਿਊਣ ਕਾਰਣ, ਸਾਰੀ ਉਮਰ ਯਮ ਰੂਪੀ ਵਿਕਾਰ ਸਤਾਉਂਦੇ ਰਹਿੰਦੇ ਹਨ। ਮਨੁੱਖ ਦਾ ਸਾਰਾ ਜੀਵਨ ਖੁਦਗਰਜ਼ੀ ਦੇ ਤੰਗ ਜਾਲੇ 'ਚ ਉਲਝ ਕੇ ਰਹਿ ਜਾਂਦਾ ਹੈ। ਉਹ ਮਨੁੱਖ, ਮਾਨੋ ਸਾਰੀ ਉਮਰ ਸੁਤਿਆਂ (ਆਤਮਕ ਨੀਂਦ 'ਚ ਹੀ) ਹੀ ਗੁਜ਼ਾਰ ਦਿੰਦਾ ਹੈ। ਜਦੋਂ ਆਤਮਕ ਨੀਂਦ 'ਚੋਂ ਜਾਗਣ ਦਾ ਸਮਾਂ ਆਉਂਦਾ ਹੈ, ਸੋਝੀ ਆਉਂਦੀ ਹੈ ਤਾਂ ਉਹ ਮਨੁੱਖ ਇਹ ਸੋਚ ਕੇ ਪਛਤਾਉਂਦਾ ਹੈ ਕਿ ਓਹੋ ! ਸਾਰੀ ਉਮਰ ਖੁਦਗਰਜ਼ੀ ਭਰਿਆ ਜੀਵਨ ਜਿਉ-ਜਿਉ ਕੇ, ਕੇਵਲ ਆਪਣਾ ਤਨ ਅਤੇ ਆਪਣਾ ਪਰਵਾਰ ਪਾਲਣ ਤੋਂ ਇਲਾਵਾ ਇਨਸਾਨੀਅਤ ਭਰਪੂਰ ਕੋਈ ਵੀ ਕੰਮ ਨਾ ਕੀਤਾ। ਪਰ ਉਸ ਸਮੇਂ ਪਛਤਾਉਣ ਦਾ ਕੋਈ ਫਾਇਦਾ ਹੀ ਨਹੀਂ ਹੁੰਦਾ ਕਿਉਂਕਿ ਉਸ ਵਕਤ ਬੁਢਾਪੇ ਕਾਰਨ ਸਰੀਰ ਕੁਝ ਵੀ ਇਨਸਾਨੀਅਤ ਦੇ ਭਲੇ ਲਈ ਕਰਨ ਦੇ ਲਾਇਕ ਰਹਿੰਦਾ ਹੀ ਨਹੀਂ, ਭਾਵ ਮਨੁੱਖ ਉਸ ਵੇਲੇ ਜੇ ਆਤਮਕ ਨੀਂਦ 'ਚੋਂ ਜਾਗ ਵੀ ਪਵੇ ਤਾਂ ਕੁਝ ਵੀ ਉਸਾਰੂ ਕਰਣ ਲਈ, ਲੱਗਭਗ ਅਸਮਰੱਥ ਹੁੰਦਾ ਹੈ। ਮਨੁੱਖਾਂ ਨੂੰ ਅਗਿਆਨਤਾ ਦੀ ਐਸੀ ਨੀਂਦ 'ਚੋਂ ਜਗਾਉਣ ਲਈ ਗੁਰੂ ਦੀ ਸਖ਼ਤ ਲੋੜ ਹੁੰਦੀ ਹੈ। ਗੁਰਬਾਣੀ ਦਾ ਫੁਰਮਾਣ ਹੈ :- ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ (ਗੁਰੂ ਗ੍ਰੰਥ ਸਾਹਿਬ, ਪੰਨਾ 463) ਜਿਸ-ਜਿਸ ਮਨੁੱਖ ਦਾ ਹਿਰਦਾ ਗੁਰੂ ਗਿਆਨ ਦੇ ਤੀਰ ਨਾਲ ਵਿੰਨ੍ਹਿਆ ਜਾਂਦਾ ਹੈ, ਐਸੇ ਹਰੇਕ ਮਨੁੱਖ ਦੀ ਨੀਂਦ (ਆਤਮਕ ਨੀਂਦ) ਖੁੱਲ ਜਾਂਦੀ ਹੈ, ਮਨੁੱਖ ਸਦੀਵੀ ਜਾਗਣ ਦੀ ਅਵਸਥਾ 'ਚ ਜਿਊਂਦਾ ਹੈ। ਐਸੇ ਮਨੁੱਖ ਨੂੰ ਹੀ ਗੁਰਮੁੱਖ ਕਿਹਾ ਜਾਂਦਾ ਹੈ ਅਤੇ ਐਸਾ ਮਨੁੱਖ 'ਪਰਮ-ਪਦ' ਦੀ ਅਵਸਥਾ ਤੱਕ ਅਪੱੜ ਜਾਂਦਾ ਹੈ।

ਅਚੇਤ ਮਨ ਦੀ ਨੀਂਦ ਤੋਂ ਜਾਗਣਾ ਕਿਵੇਂ ਹੈ ? ਜਾਗਰੂਕ ਕਿਵੇਂ ਹੋਣਾ ਹੈ ? ਭਾਵ, ਆਤਮਕ ਨੀਂਦ ਨੂੰ ਕਿਵੇਂ ਤੋੜੀਏ ਤਾ ਕਿ ਸਦੀਵੀ ਜਾਗ ਪਈਏ ? ਸਰੀਰਕ ਨੀਂਦ 'ਚੋਂ ਜਗਾਉਣ ਲਈ, ਕਿਸੇ ਵੀ ਗੁਰੂ ਦੀ ਲੋੜ ਨਹੀਂ ਹੁੰਦੀ। ਕੋਈ ਵੀ ਮਨੁੱਖ ਸਾਨੂੰ ਹਿਲਾ ਦੇਵੇ, ਹੱਥ ਲਗਾ ਦੇਵੇ, ਆਵਾਜ਼ ਮਾਰ ਦੇਵੇ ਤਾਂ ਅਸੀਂ ਜਾਗ ਪੈਂਦੇ ਹਾਂ। ਸਰੀਰਕ ਨੀਂਦ 'ਚੋਂ ਜਗਾਉਣ ਵਾਲਾ ਸਿਆਣਾ ਹੋਵੇ ਜਾਂ ਇਆਣਾ, ਗਿਆਨੀ ਹੋਵੇ ਜਾਂ ਅਗਿਆਨੀ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਕਿਸੀ ਵੀ ਸ਼ੋਰ ਗੁੱਲ ਜਾਂ ਹਲਕੀ ਜਿਹੀ ਆਵਾਜ਼ ਆਉਣ ਤੇ ਵੀ ਸਰੀਰਕ ਨੀਂਦ ਖੁਲ੍ਹ ਸਕਦੀ ਹੈ। ਦਰਅਸਲ ਸਮਝਣਾ ਤਾਂ ਇਹ ਹੈ ਕਿ ਆਤਮਕ ਨੀਂਦ (ਅਚੇਤ ਮਨ) ਦੀ ਅਵਸਥਾ ਤੋਂ, ਸਾਨੂੰ ਕੌਣ ਜਗਾਉਣ ਲਈ ਸਮਰੱਥ ਹੈ ? ਕੇਵਲ ਅਤੇ ਕੇਵਲ 'ਸਤਿਗੁਰ' (ਸੱਚਾ-ਗਿਆਨ ਗੁਰੂ) ਹੀ ਮਨੁੱਖਾਂ ਨੂੰ ਆਤਮਕ ਨੀਂਦ 'ਚੋਂ (ਅਚੇਤ ਮਨ ਦੀ ਅਵਸਥਾ ਤੋਂ) ਜਗਾਉਣ ਦੇ ਸਮਰੱਥ ਹੁੰਦਾ ਹੈ। ਅਚੇਤ ਮਨ ਵਾਲੇ ਜਾਂ ਆਤਮਕ ਸੁੱਤੇ ਹੋਏ ਮਨੁੱਖ ਵਿਕਾਰਾਂ ਹੱਥੋਂ ਮਾਰ ਖਾ ਕੇ ਖੁਦਗਰਜ਼ੀ ਭਰੀ ਪਸ਼ੂ ਬਿਰਤੀ 'ਚ ਜਿਊਂਦੇ ਹਨ। ਵਿਕਾਰਾਂ ਦੀ ਮਾਰ ਪੈਂਦੀ ਹੀ ਤਦੋਂ ਹੈ, ਜਦੋਂ ਮਨੁੱਖ ਆਤਮਕ ਸੁੱਤਾ ਹੋਵੇ – ਨਰ ਅਚੇਤ ਪਾਪ ਤੇ ਡਰੁ ਰੇ ॥ (ਗੁਰੂ ਗ੍ਰੰਥ ਸਾਹਿਬ, ਪੰਨਾ 220) ਭਾਵ, ਮਨੁੱਖ ਸਰੀਰਕ ਤੌਰ ਤੇ ਬੇਹੋਸ਼ ਨਹੀਂ ਪਰ ਆਤਮਕ ਤੌਰ ਤੇ ਅਚੇਤ, ਬੇਹੋਸ਼ ਹੈ ਤਾਂ ਵਿਕਾਰਾਂ ਦੇ ਹੱਥੇ ਚੜ੍ਹ ਕੇ ਪਸ਼ੁਤਾ ਵਾਲੇ ਕਰਮ ਕਰਦਾ ਰਹਿੰਦਾ ਹੈ। ਜੇ ਮਨੁੱਖ ਆਪਣੀ ਆਤਮਕ ਨੀਂਦ (ਅਚੇਤ ਮਨ) ਤੋਂ ਜਾਗ ਪਵੇ, ਤਾਂ ਉਸ ਦੀਆਂ ਕਰਨੀਆਂ ਪਸ਼ੁਤਾ ਤੋਂ ਉਪਰ ਉਠ ਕੇ, ਗੁਰਮੁਖ ਵਾਲੀਆਂ ਪੂਰਨ ਮਨੁੱਖਤਾ ਭਰਪੂਰ, ਆਦਰਸ਼ ਮਨੁੱਖ ਵਾਲੀਆਂ ਹੋ ਜਾਂਦੀਆਂ ਹਨ। ਜੀਵਨੀ ਵਿੱਚ ਇਸੇ ਬਦਲਾਹਟ ਨੂੰ ਧਾਰਮਕਤਾ ਭਰਪੂਰ ਜੀਵਨ ਕਹਿੰਦੇ ਹਨ, ਤੇ ਇਹ ਚਮਤਕਾਰ ਕੇਵਲ ਗਿਆਨ ਗੁਰੂ ਰਾਹੀਂ ਹੀ ਹੁੰਦਾ ਹੈ :- ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥ (ਗੁਰੂ ਗ੍ਰੰਥ ਸਾਹਿਬ, ਪੰਨਾ 1372)

ਹਰੇਕ ਮਨੁੱਖ ਨੂੰ ਗਿਆਨ ਗੁਰੂ ਰਾਹੀਂ, ਬਿਬੇਕਤਾ ਵਾਲੀਆਂ, ਜਾਗਰੂਕਤਾ ਵਾਲੀਆਂ ਆਤਮਕ ਅੱਖਾਂ (ਤੀਜਾ ਨੇਤ੍ਰ) ਪ੍ਰਾਪਤ ਹੋ ਸਕਦੀਆਂ ਹਨ। ਅੰਦਰੋਂ ਸੁਰਤ ਜਾਗ ਪਵੇ, ਜੀਵਨ ਉੱਚੇ ਆਚਰਣ ਵਾਲਾ ਅਤੇ ਸਦਗੁਣਾਂ ਵਾਲਾ ਹੋ ਜਾਵੇ ਉਸ ਗਿਆਨ ਅਤੇ ਬਿਬੇਕ ਬੁੱਧੀ ਨੂੰ ਆਤਮਕ ਅੱਖਾਂ ਕਹਿ ਸਕਦੇ ਹਾਂ। ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥ (ਗੁਰੂ ਗ੍ਰੰਥ ਸਾਹਿਬ, ਪੰਨਾ 954) ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥ (ਗੁਰੂ ਗ੍ਰੰਥ ਸਾਹਿਬ, ਪੰਨਾ 1100) ਐਸੀਆਂ ਆਤਮਕ ਅੱਖਾਂ (ਬਿਬੇਕਤਾ ਭਰਪੂਰ) ਵਾਲੇ ਮਨੁੱਖ ਦਾ ਜੀਵਨ ਜਾਗਰੂਕ ਅਵਸਥਾ ਵਾਲਾ ਹੋ ਜਾਂਦਾ ਹੈ। ਐਸੀ ਅਵਸਥਾ ਵਾਲਾ ਮਨੁੱਖ, ਸਰੀਰਕ ਰੂਪ 'ਚ ਭਾਵੇਂ ਸੁੱਤਾ ਵੀ ਹੋਵੇ, ਤਾਂ ਵੀ ਆਤਮਕ ਰੂਪ 'ਚ ਜਾਗ੍ਰਿਤ ਅਵਸਥਾ ਕਾਰਨ ਉਸਦੀ ਬਿਰਤੀ ਅਤੇ ਸੁਰਤ ਗਿਆਨ ਗੁਰੂ ਨਾਲ ਜੁੜੀ ਹੁੰਦੀ ਹੈ।

ਆਓ ਹੁਣ ਆਤਮਕ ਜਾਗ੍ਰਿਤ ਅਵਸਥਾ ਭਾਵ ਸੁਚੇਤ ਮਨ ਦੀ ਅਵਸਥਾ ਵਾਲੇ ਮਨੁੱਖ ਨਾਲ, ਜੋ ਜੋ ਵਾਪਰਦਾ ਹੈ, ਉਸ ਦੀ ਵਿਚਾਰ ਕਰਦੇ ਹਾਂ, ਤਾ ਕਿ ਸਾਨੂੰ ਵੀ ਚੇਟਕ ਲਗ ਜਾਵੇ ਕਿ ਅਸੀਂ ਵੀ ਜਾਗਣਾ ਹੈ।

1. ਐਸੀਆਂ ਖੁਲੀਆਂ ਆਤਮਕ ਅੱਖਾਂ ਵਾਲੇ ਮਨੁੱਖ ਨੂੰ "ਗੁਰਮੁਖਿ ਜਾਗਿ ਰਹੇ ਦਿਨ ਰਾਤੀ॥" (ਗੁਰੂ ਗ੍ਰੰਥ ਸਾਹਿਬ, ਪੰਨਾ 1024) ਕਹਿੰਦੇ ਹਨ।
2. ਐਸੀਆਂ ਬਿਬੇਕਤਾ ਭਰੀਆਂ ਅੱਖਾਂ ਵਾਲੇ ਮਨੁੱਖ ਨੂੰ ਸਾਰੇ ਮਨੁੱਖ, ਰੱਬ ਜੀ ਦੇ ਬਣਾਏ ਬੰਦੇ "ਕੁਦਰਤਿ ਕੇ ਸਭ ਬੰਦੇ" ਦਿਸਦੇ ਹਨ।
3. ਐਸੀਆਂ ਖੁੱਲੀਆਂ ਅੱਖਾਂ ਵਾਲੇ ਨੂੰ ਰੱਬ ਜੀ ਹਾਜ਼ਰ ਨਾਜ਼ਰ ਸਭ ਜਗ੍ਹਾ ਮੌਜੂਦ, "ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦ" ਮਹਿਸੂਸ ਹੋਣ ਲੱਗ ਪੈਂਦੇ ਹਨ।
4. ਐਸੀਆਂ ਆਤਮਕ ਖੁੱਲੀਆਂ ਅੱਖਾਂ ਵਾਲੇ ਮਨੁੱਖ "ਹਮ ਨਹੀ ਚੰਗੇ ਬੁਰਾ ਨਹੀ ਕੋਇ॥" ਅਤੇ "ਨਾ ਕੋ ਬੈਰੀ ਨਹੀਂ ਬਿਗਾਨਾ" ਵਾਲੀ ਅਵਸਥਾ ਮਾਣਨ 'ਚ ਵਿਗਾਸ, ਖੇੜਾ, ਵਿਸਮਾਦ ਆਉਂਦਾ ਹੈ।
5. ਐਸੀਆਂ ਖੁੱਲੀਆਂ ਆਤਮਕ ਅੱਖਾਂ ਵਾਲੇ ਮਨੁੱਖ ਨੂੰ ਗੋਰਾ/ਕਾਲਾ, ਪਾਪੀ/ਪੁੰਨੀ, ਅਮੀਰ/ਗਰੀਬ, ਉੱਚੀ/ਨੀਵੀਂ ਜ਼ਾਤ, ਆਪਣੇ/ਪਰਾਏ ਅਤੇ ਤੇਰ ਮੇਰ ਦਾ ਵਿਤਕਰਾ ਨਹੀਂ ਰਹਿੰਦਾ। ਪਰਾਈ 'ਮਾਂ, ਧੀ, ਭੈਣ' ਆਪਣੀ ਹੀ ਮਾਂ, ਧੀ, ਭੈਣ ਲਗਦੀ ਹੈ।
6. ਐਸੀਆਂ ਖੁੱਲੀਆਂ ਆਤਮਕ ਅੱਖਾਂ ਵਾਲੇ ਮਨੁੱਖੀ ਹਿਰਦੇ 'ਚ ਕੋਈ ਵੈਰ ਨਾ ਹੋਣ ਕਾਰਣ ਮਜ਼ਬ੍ਹੀ ਵਿਤਕਰਾ, ਧੜੇਬਾਜ਼ੀ ਦੀ ਭਾਵਨਾ ਮੁੱਕ ਜਾਂਦੀ ਹੈ।
7. ਸੱਚੇ ਗਿਆਨ ਗੁਰੂ ਦੇ ਅੰਜਨ ਨਾਲ, ਖੁਲੀਆਂ ਆਤਮਕ ਅੱਖਾਂ ਵਾਲੇ ਮਨੁੱਖ ਨੂੰ ਜਾਦੂ-ਟੂਣੇ, ਭਰਮ-ਵਹਿਮ, ਭੂਤ/ ਪ੍ਰੇਤ, ਤੰਤ੍ਰ/ ਮੰਤ੍ਰ ਅਤੇ ਕਰਾਮਾਤਾਂ ਬਾਰੇ ਕੋਈ ਅੰਧਵਿਸ਼ਵਾਸ ਰਹਿੰਦਾ ਹੀ ਨਹੀਂ।
8. ਪੂਰਨ ਸੱਚੇ ਗਿਆਨ ਗੁਰੂ ਦੇ ਕਾਰਣ, ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜੈਸੇ ਵਿਕਾਰ ਛੱਡਣ ਲਈ, ਕੁਝ ਵੀ ਉਚੇਚਾ ਉਪਰਾਲਾ ਨਹੀਂ ਕਰਨਾ ਪੈਂਦਾ ਕਿਉਂਕਿ ਚੰਗੇ/ਮੰਦੇ ਦੀ ਪਛਾਣ ਕਰ ਸਕਣ ਦੀ ਬਿਬੇਕ ਬੁੱਧੀ ਕਾਰਨ, ਉਸ ਮਨੁੱਖ ਦੀ ਆਪ ਮੁਹਾਰੇ ਹੀ ਚੰਗੀਆਂ ਕਰਨੀਆਂ ਵਾਲੀ ਆਦਤ ਬਣ ਜਾਂਦੀ ਹੈ। ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥
9. ਆਤਮਕ ਨੀਂਦ 'ਚੋਂ ਜਾਗੇ ਮਨੁੱਖ ਨੂੰ ਸਰੀਰਕ ਨੀਂਦ ਸਮੇਂ ਵੀ (ਸੁਪਨੇ 'ਚ) ਰੱਬੀਂ ਗੁਣਾਂ ਦੀ ਵਡਿਆਈਆਂ ਦੀ ਵਿਚਾਰ ਹੀ ਚਲਦੀ ਰਹਿੰਦੀ ਹੈ। "ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ॥" ਅਤੇ "ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ॥" ਵਾਲੀ ਅਵਸਥਾ ਵਾਲਾ ਅਨੰਦ ਉਨ੍ਹਾਂ ਨੂੰ ਪ੍ਰਾਪਤ ਹੋਣ ਲੱਗ ਪੈਂਦਾ ਹੈ।
10. ਐਸੀਆਂ ਖੁੱਲੀਆਂ ਅੱਖਾਂ ਵਾਲੇ ਮਨੁੱਖ ਦਾ ਹਿਰਦਾ ਖੁਦਗਰਜ਼ੀ, ਕੰਜੂਸੀ ਤੋਂ ਉਪਰ ਉਠ ਕੇ ਵਿਸ਼ਾਲ ਹੋ ਜਾਂਦਾ ਹੈ ਜਿਸਦਾ ਸਦਕਾ "ਸਰਬਤ ਦਾ ਭਲਾ" ਅਤੇ "ਵੰਡ ਛਕਣਾ" ਜੈਸੇ ਰੱਬੀ ਗੁਣਾਂ ਵਾਲਾ ਜੀਵਨ ਜਿਊਣ ਦੀ ਜਾਚ ਆ ਜਾਂਦੀ ਹੈ।
11. ਐਸੀਆਂ ਖੁੱਲੀਆਂ ਅੱਖਾਂ ਵਾਲੇ ਮਨੁੱਖ ਨੂੰ ਲੋਕਾਂ ਦੇ ਦਿੱਤੇ ਦਾਨ, ਪਰਾਇਆ ਹੱਕ ਮਾਰਕੇ, ਹੇਰਾ ਫੇਰੀ ਦੇ ਅਣਕਮਾਏ ਧਨ ਉਤੇ ਟੇਕ ਨਹੀਂ ਰਹਿੰਦੀ ਬਲਕਿ "ਕਿਰਤ ਵਿਰਤ ਕਰ ਧਰਮ ਦੀ ਹਥਹੁੰ ਦੇਕੇ ਭਲਾ ਮਨਾਵੈ" (ਭਾਈ ਗੁਰਦਾਸ ਵਾਰ 6, ਪਉੜੀ 12) ਜੈਸੀ ਜੀਵਨੀ ਜਿਊਣੀ ਹੀ ਉਸਦਾ ਧਰਮ ਹੁੰਦਾ ਹੈ।
12. ਗਿਆਨ ਗੁਰੂ ਦਾ ਸਦਕਾ ਖੁੱਲੀਆਂ ਅੱਖਾਂ ਵਾਲੇ ਮਨੁੱਖ ਕਿਸੀ ਤੋਂ ਵੀ ਚਰਨਾਂ ਤੇ ਮੱਥਾ ਨਹੀਂ ਟਿਕਵਾਉਂਦੇ, ਕਿਸੀ ਨੂੰ ਰੱਬ ਨਾਲ ਮਿਲਾਉਣ ਵਾਲੇ ਵਿਚੋਲੇ ਨਹੀਂ ਬਣਦੇ, ਕਿਸੀ ਦੇ ਕੰਨਾਂ 'ਚ ਨਾਮ ਮੰਤਰ ਫੂਕ ਕੇ ਦੇਣ ਵਾਲੇ ਅਖੌਤੀ ਗੁਰੂ ਵੀ ਨਹੀਂ ਬਣਦੇ ਅਤੇ ਨਾ ਹੀ ਕਿਸੀ ਦੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਲਈ ਪ੍ਰਾਰਥਨਾਵਾਂ, ਅਰਦਾਸਾਂ ਕਰਦੇ ਹਨ। ਅਜਿਹੇ ਮਨੁੱਖ ਕਿਸੀ ਦੇ ਵੀ ਗੁਰੂ, ਪੀਰ, ਸੰਤ ਜਾਂ ਬਾਬੇ ਨਹੀਂ ਬਣਦੇ।
13. ਖੁੱਲੀਆਂ ਅੱਖਾਂ ਵਾਲੇ ਮਨੁੱਖ ਨੂੰ "ਪਰ ਕਾ ਬੁਰਾ ਨ ਰਾਖਹੁ ਚੀਤ॥" ਅਤੇ "ਫਰੀਦਾ ਬੁਰੇ ਦਾ ਭਲਾ ਕਰਿ" ਜਿਊਣਾ ਆ ਜਾਂਦਾ ਹੈ। ਉਹ ਦੂਜਿਆਂ ਨੂੰ ਮਾਫ ਕਰਨਾ ਅਤੇ ਬੁਰੇ ਨਾਲ ਵੀ ਭਲਾ ਕਰਨ ਦੀ ਆਦਤ ਪਕਾ ਲੈਂਦੇ ਹਨ। ਹਾਂ ! ਪਰ ਕਿਸੀ ਨੂੰ ਪਾਪੀ, ਨਾਸਤਕ, ਨਰਕਾਂ ਦਾ ਫਤਵਾ ਜਾਂ ਸਰਾਪ ਦੇਣ ਜੈਸੇ ਭੈੜੇ ਬੋਲਾਂ ਅਤੇ ਖ਼ਿਆਲਾਂ ਤੋਂ ਉਪਰ ਉਠ ਜਾਂਦੇ ਹਨ ਭਾਵ ਕਿਸੀ ਬਾਰੇ ਬੁਰੀ ਸੋਚ ਉਨ੍ਹਾਂ ਦੇ ਚਿੱਤ ਵਿੱਚ ਵੀ ਨਹੀਂ ਆਉਂਦੀ।
14. ਸੱਚੇ ਗਿਆਨ ਰਾਹੀਂ, ਖੁਲੀਆਂ ਅੱਖਾਂ ਵਾਲੇ ਮਨੁੱਖ ਆਪਣੇ ਆਪ ਨੂੰ ਹੋਰਨਾਂ ਤੋਂ ਉੱਚਾ, ਆਸਤਕ ਜਾਂ ਪੁੰਨੀ ਨਹੀਂ ਸਮਝਦੇ ਹਨ ਅਤੇ ਨਾ ਹੀ ਕਿਸੇ ਦੀ ਨਿੰਦਾ ਕਰਦੇ ਹਨ।
15. ਸੱਚੇ ਗਿਆਨ ਗੁਰੂ ਦਾ ਸਦਕਾ, ਚੇਤੰਨ ਬਿਬੇਕਤਾ ਭਰਪੂਰ ਖੁੱਲੀਆਂ ਅੱਖਾਂ ਵਾਲੇ ਮਨੁੱਖਾਂ ਨੂੰ "ਕਾਹੂ ਫਲ ਕੀ ਇਛਾ ਨਹੀ ਬਾਛੈ॥" ਦ੍ਰਿੜ ਹੋ ਜਾਂਦਾ ਹੈ। ਸਿੱਟੇ ਵਜੋਂ ਪਦਾਰਥਵਾਦ, ਮਾਇਕੀ ਅਤੇ ਸਰੀਰਕ ਸੁੱਖਾਂ ਦੀਆਂ ਮੰਗਾਂ ਵੀ ਨਹੀਂ ਮੰਗਦੇ ਅਤੇ ਮਰਣ ਮਗਰੋਂ ਅਖੌਤੀ ਮੁਕਤੀ, ਚਰਨਾ 'ਚ ਨਿਵਾਸ, ਸੂਰਗ, ਜਨੱਤ ਜਾਂ ਸਰੀਰ ਮੁੜ ਕੇ ਨਾ ਧਾਰਨਾ ਪਵੇ ਜੈਸੀਆਂ ਮੰਗਾਂ ਵੀ ਨਹੀਂ ਮੰਗਣੀਆਂ ਪੈਂਦੀਆਂ। ਉਪਰੋਕਤ ਬਿਆਨ ਕੀਤੇ ਕੀਮਤੀ ਗੁਣਾਂ ਵਾਲੀਆਂ ਖੁਲੀਆਂ ਅੱਖਾਂ ਵਾਲੀ ਜਾਗ੍ਰਿਤ ਅਵਸਥਾ, ਸੁਚੇਤਤਾ, ਬਿਬੇਕ ਬੁੱਧੀ (ਦਸਮ ਦੁਆਰ ਖੁਲ੍ਹਣ) ਵਾਲੀ ਅਵਸਥਾ ਮਨੁੱਖ ਤੇ ਕਦੋਂ ਵਾਪਰਦੀ ਹੈ ?

## ਆਓ ਇਸ ਬਾਰੇ ਥੋੜੀ ਹੋਰ ਵਿਚਾਰ ਸਾਂਝ ਕਰੀਏ :

1. ਕਬੀਰਾ ਜਹਾ ਗਿਆਨੁ ਤਹ ਧਰਮੁ ਹੈ (ਗੁਰੂ ਗ੍ਰੰਥ ਸਾਹਿਬ, ਪੰਨਾ 1372)
2. ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕ॥ (ਗੁਰੂ ਗ੍ਰੰਥ ਸਾਹਿਬ ਪੰਨਾ, 793)
3. ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ (ਗੁਰੂ ਗ੍ਰੰਥ ਸਾਹਿਬ, ਪੰਨਾ 293)

ਜਿਸ ਮਨੁੱਖ ਦਾ ਹਿਰਦਾ ਗਿਆਨ ਗੁਰੂ ਦੇ ਤੀਰ ਨਾਲ ਵਿਨ੍ਹਿਆ ਜਾਂਦਾ ਹੈ, ਉਹ ਮਨੁੱਖ ਆਪਣੇ ਮਨ ਪਿੱਛੇ (ਮਨਮੁਖ ਹੋ ਕੇ) ਨਹੀਂ ਤੁਰਦਾ ਭਾਵ ਸੱਚੇ ਗਿਆਨ ਅਨੁਸਾਰ ਜੀਵਨੀ ਜਿਊਂਦਾ ਹੈ। "ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥ ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥ (ਗੁਰੂ ਗ੍ਰੰਥ ਸਾਹਿਬ, ਪੰਨਾ 1374) ਐਸਾ ਮਨੁੱਖ ਆਪਣੀ ਅਕਲ, ਬੁੱਧੀ, ਮਤ ਅਤੇ ਮਨ ਨੂੰ ਗਿਆਨ ਗੁਰੂ ਅੱਗੇ ਸਮਰਪਤ ਕਰ ਦਿੰਦਾ ਹੈ। ਐਸੀ ਕਰਨੀ ਦਾ ਧਾਰਨੀ ਹੋ ਜਾਂਦਾ ਹੈ ਜਿਸ ਵਿੱਚ ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥ ਉਸ ਪਾਸੋਂ ਧਰਮੀ ਕਰਮ ਹੀ ਹੁੰਦੇ ਹਨ। ਪਾਪੀ/ਪੁੰਨੀ ਜਾਂ ਚੰਗੇ/ਮੰਦੇ ਕਰਮਾਂ ਬਾਰੇ ਵਿਚਾਰ ਕਰਨੀ ਨਹੀਂ ਪੈਂਦੀ ਬਲਕਿ ਸੱਚੇ ਗਿਆਨ ਅਨੁਸਾਰ ਜੋ ਜੀਵਨੀ ਬਣ ਜਾਂਦੀ ਹੈ ਉਹ ਸੁਕ੍ਰਿਤ ਅਤੇ ਧਾਰਮਕਤਾ ਭਰਪੂਰ ਹੀ ਹੁੰਦੀ ਹੈ। ਸਿੱਟੇ ਵਜੋਂ ਅਸੀਂ ਇਸੇ ਵਿਚਾਰ ਤੇ ਪੁਜਾਂਗੇ ਕਿ ਮਨੁੱਖ "ਆਪਣੀਆਂ ਪਸ਼ੂ ਬਿਰਤੀਆਂ ਵਾਲੇ ਜੀਵਨ ਤੋਂ ਉਪਰ ਉਠ ਕੇ, ਪੂਰਨ ਮਨੁੱਖਤਾ ਭਰਪੂਰ ਜੀਵਨ ਉਸ ਵਕਤ ਜਿਊਂਦਾ ਹੈ ਜਦੋਂ ਉਹ ਅਗਿਆਨਤਾ ਦੀ ਆਤਮਕ ਨੀਂਦ 'ਚੋਂ ਜਾਗ ਪੈਂਦਾ ਹੈ। ਸੋ ਅਗਿਆਨਤਾ ਦੀ ਆਤਮਕ ਨੀਂਦ 'ਚੋਂ ਮਨੁੱਖ ਨੂੰ ਕੇਵਲ ਅਤੇ ਕੇਵਲ ਗਿਆਨ ਗੁਰੂ, ਸਤਿਗੁਰ ਹੀ ਜਗਾਉਂਦਾ ਹੈ।

ਜੋ ਮਨੁੱਖ ਸਰੀਰਕ (ਦੇਹਧਾਰੀ) ਗੁਰੂ ਬਣਕੇ ਕਿਸੀ ਵੀ ਮਨੁੱਖ ਦੇ ਕੰਨਾਂ 'ਚ ਘੁਰਮੁਰ ਕਰਕੇ, ਕਿਸੇ ਵੀ ਲਫਜ਼ੀ ਰਟਨ ਦਾ ਅਖੌਤੀ ਨਾਮ ਮੰਤਰ ਦਿੰਦੇ ਹਨ, ਉਹ ਕੀ ਹੁੰਦਾ ਹੈ ? ਗਹਿਰਾਈ ਤੱਕ ਵਿਚਾਰਿਆਂ ਪਤਾ ਲਗਦਾ ਹੈ, ਕਿ ਜੋ ਵੀ ਮਨੁੱਖ ਆਪਣੇ ਆਪ ਨੂੰ ਗੁਰੂ ਸਮਝਦਾ ਹੈ ਅਤੇ ਕਿਸੀ ਨੂੰ ਚੇਲਾ ਬਣਾ ਕੇ ਨਾਮ ਮੰਤਰ ਦਿੰਦਾ ਹੈ, ਤਾਂ ਮੰਨਣਾ ਪਵੇਗਾ ਕਿ "ਆਪਣੇ ਆਪ ਨੂੰ ਗੁਰੂ ਕਹਿਣ ਅਤੇ ਅਖਵਾਉਣ ਵਾਲਾ, ਸਮਝਣ ਵਾਲਾ ਮਨੁੱਖ, ਆਤਮਕ ਨੀਂਦ 'ਚ ਸੁੱਤਾ ਹੋਇਆ ਹੈ।" ਅਗਿਆਨਤਾ ਵੱਸ ਮਨੁੱਖ ਹੀ ਕਿਸੀ ਦਾ ਗੁਰੂ ਬਣਨ ਦਾ ਭੁਲੇਖਾ ਖਾਂਦਾ ਹੈ ਅਤੇ ਨਾ ਅਗਿਆਨਤਾ ਵੱਸ ਮਨੁੱਖ ਹੀ ਕਿਸੀ ਮਨੁੱਖ ਦਾ ਚੇਲਾ ਬਣਦਾ ਹੈ ਕਿਉਂਕਿ ਸਰੀਰ ਗੁਰੂ ਹੁੰਦਾ ਹੈ ਤੇ ਨਾ ਹੀ ਸਰੀਰ ਚੇਲਾ ਬਣ ਸਕਦਾ ਹੈ। ਇਹ ਅਸੀਂ ਲੇਖ 'ਚ ਪਿੱਛੇ ਵਿਚਾਰ ਚੁਕੇ ਹਾਂ। ਅਗਿਆਨੀ, ਸੁੱਤੇ ਮਨ ਦੀ ਅਵਸਥਾ ਕਾਰਨ ਹੀ ਭੁਲੇਖਾ ਹੈ ਕਿ ਉਹ ਮਨੁੱਖ ਗੁਰੂ ਹੋ ਸਕਦਾ ਹੈ ਅਤੇ ਅਜਿਹੇ ਅਗਿਆਨੀ ਸੁੱਤੇ ਮਨ ਵਾਲੇ ਮਨੁੱਖ ਹੀ ਕਿਸੇ ਨੂੰ ਸਰੀਰ ਰੂਪ 'ਚ ਗੁਰੂ ਮੰਨਦੇ ਰਹਿੰਦੇ ਹਨ। ਅਗਿਆਨੀ ਮਨੁੱਖ ਤਾਂ ਸੁੱਤੇ ਮਨ ਦੇ ਕਾਰਨ 'ਕਾਂ ਬਿਰਤੀ' ਹੁੰਦਾ ਹੈ ਅਤੇ ਕਾਂ ਕੇਵਲ ਗੰਦਗੀ ਖਾਂਦਾ ਹੈ। ਕਾਂ ਹੰਸ ਵਾਲੀ ਬੁੱਧੀ ਲਏ ਬਿਨਾ ਕਿਵੇਂ ਕਹਿ ਸਕਦਾ ਹੈ ਕਿ ਫਲਾਣਾ ਹੰਸ ਮੇਰਾ ਗੁਰੂ ਹੈ – ਇਹ ਤਾਂ ਉਹੀ ਗੱਲ ਹੋ ਗਈ "ਅੰਧੀ ਰਯਤਿ ਗਿਆਨ ਵਿਹੂਣੀ॥"। ਲੋਕਾਈ ਤਾਂ ਅਗਿਆਨਤਾ ਵੱਸ ਠਗਾਈ ਜਾਂਦੀ ਹੈ ਅਤੇ ਅਖਾਣ ਵੀ ਮਸ਼ਹੂਰ ਹੈ ਕਿ – "ਗੁਰੂ ਜਿਨ੍ਹਾਂ ਦੇ ਟਪਣੇ ਚੇਲੇ ਜਾਣ ਛੜੱਪ" ਭਾਵ ਅਗਿਆਨੀ ਮਨੁੱਖ ਹੀ ਆਪਣੇ ਆਪ ਨੂੰ ਗੁਰੂ ਕਹਿੰਦੇ/ਸਮਝਦੇ ਹਨ ਤੇ ਅਗਿਆਨੀਆਂ ਨੂੰ ਹੀ ਚੇਲੇ ਬਣਾਉਂਦੇ ਹਨ। "ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ॥" (ਗੁਰੂ ਗ੍ਰੰਥ ਸਾਹਿਬ, ਪੰਨਾ 58)

ਮਨੁੱਖਾਂ ਦੀ ਕੁਦਰਤੀ ਬਿਰਤੀ ਹੈ, ਕਿ ਉਹ ਜਿਸ ਮਨੁੱਖ ਨੂੰ 'ਸਰੀਰ ਰੂਪ' 'ਚ ਗੁਰੂ ਮੰਨ ਲੈਂਦੇ ਹਨ – ਉਸ ਅਖੌਤੀ ਗੁਰੂ ਉਤੇ, ਜਦੋਂ ਕਾਮ, ਕ੍ਰੋਧ, ਲੋਭ, ਮੋਹ ਜਾਂ ਹੰਕਾਰ ਦੇ ਹਮਲੇ ਵਾਪਰਦੇ ਵੇਖਦੇ ਹਨ ਜਾਂ ਉਸਦੇ ਮਾੜੇ ਕੰਮ ਵੇਖਦੇ ਹਨ ਤਾਂ ਨਿਰਾਸ਼ ਹੋ ਜਾਂਦੇ ਹਨ। ਜੇਕਰ ਉਸ ਅਖੌਤੀ ਗੁਰੂ ਦੀਆਂ ਮਾੜੀਆਂ ਕਰਨੀਆਂ ਛੁਪੀਆਂ ਵੀ ਰਹਿਣ ਤਾਂ ਲੋਕੀ ਉਸਦੀ ਸਰੀਰਕ ਮੌਤ ਮਗਰੋਂ ਨਵਾਂ ਗੁਰੂ ਲੱਭਦੇ ਰਹਿੰਦੇ ਹਨ। ਨਾਨਕ ਪਾਤਸ਼ਾਹ, ਇਸੇ ਭੁਲੇਖੇ ਨੂੰ ਹੀ ਦੂਰ ਕਰਨਾ ਚਾਹੁੰਦੇ ਸਨ ਕਿ ਸਰੀਰ ਗੁਰੂ ਨਹੀਂ ਹੁੰਦਾ। ਸਿਧਾਂ ਦੇ ਪੁੱਛਣ ਤੇ ਉਨ੍ਹਾਂ ਨੇ ਕਿਹਾ ਸੀ "ਮੇਰਾ ਗੁਰੂ, ਸ਼ਬਦ ਗੁਰੂ ਹੈ ਤੇ ਮੇਰੀ ਸੁਰਤ, ਉਸ (ਸ਼ਬਦ) ਗਿਆਨ-ਗੁਰੂ ਦੀ ਚੇਲਾ ਹੈ। "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥" ਅਨੁਸਾਰ, ਨਾਨਕ ਪਾਤਸ਼ਾਹ ਵਲੋਂ ਇਹ ਸੁਨੇਹਾ ਦ੍ਰਿੜ ਕਰਵਾਉਣ ਲਈ "ਗਿਆਨ ਦੀ ਜੋਤ ਨੂੰ ਹੀ ਗੁਰੂ' ਪਰਚਾਰਿਆ ਗਿਆ। ਬਾਣੀ ਗੁਰੂ ਰਾਹੀਂ, ਸਤਿਗੁਰ ਦ੍ਰਿੜ ਕਰਵਾਇਆ। ਇਸੇ ਆਸ਼ੇ ਨੂੰ ਮੁੱਖ ਰਖਦਿਆਂ, ਦਸ ਜਾਮਿਆਂ 'ਚ 239 ਸਾਲ ਲਗਾ ਕੇ ਕੇਵਲ ਗੁਰੂ ਗ੍ਰੰਥ ਸਾਹਿਬ ਭਾਵ ਸ਼ਬਦ ਗੁਰੂ ਦੇ ਲੜ ਲਗਾਇਆ। ਲੋਕਾਈ ਨੂੰ ਸਰੀਰਕ ਗੁਰਤਾ ਵਾਲੇ ਹਨੇਰੇ ਚੋਂ ਕੱਢ ਕੇ, ਗਿਆਨ-ਗੁਰੂ ਰਾਹੀਂ ਬਿਬੇਕਤਾ ਭਰਪੂਰ ਅੱਖਾਂ, ਅੰਜਨ, ਪ੍ਰਕਾਸ਼ ਦ੍ਰਿੜ ਕਰਾਇਆ। ਸੱਚੇ ਗਿਆਨ-ਗੁਰੂ ਨੂੰ ਦਸਾਂ ਪਾਤਸ਼ਾਹੀਆਂ ਨੇ ਪ੍ਰਚਾਰਿਆ ਅਤੇ ਇਸੇ ਸਤਿਗੁਰ ਨੂੰ ਹੀ ਗੁਰੂ ਗ੍ਰੰਥ ਸਾਹਿਬ ਰਾਹੀਂ ਸਾਰੀ ਮਨੁੱਖਤਾ ਦੀ ਅਗਵਾਈ ਲਈ ਪੇਸ਼ ਕੀਤਾ। ਸਾਰੇ ਮਨੁੱਖਾਂ ਨੂੰ, ਸ਼ਬਦ ਗੁਰੂ ਦੇ ਲੜ ਲਗਾ ਕੇ, ਪਸ਼ੂਤਾ ਤੋਂ ਉਪਰ ਉਠਾ ਕੇ ਮਨੁੱਖਤਾ ਭਰਪੂਰ ਜੀਵਨੀ ਜਿਊਣ ਲਈ, ਆਤਮਕ ਨੀਂਦ ਚੋਂ ਜਗਾਉਣ ਲਈ ਗੁਰਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਰਾਹੀਂ ਪ੍ਰਚਾਰਨ ਦਾ ਨਵਾਂ ਵਿੱਲਖਣ ਢੰਗ ਅਪਣਾਇਆ। ਗੁਰੂ ਗ੍ਰੰਥ ਜੀ ਨੂੰ "ਬਾਣੀ ਗੁਰੂ ਗੁਰੂ ਹੈ ਬਾਣੀ॥ " ਦਾ ਦਰਜਾ ਦਿੱਤਾ ਹੈ।

# ਇਲੈਕਸ਼ਨ ਮੈਨੀਫੈਸਟੋ

**ਬਲਰਾਜ ਸਿੰਘ ਸਿੱਧੂ**
(ਸੀਨੀਅਰ ਅਧਿਕਾਰੀ ਪੰਜਾਬ ਪੁਲੀਸ)
Email: (bssidhupps@gmail.com),
Phone: (91-95011-00062)।






ਚੋਣਾਂ ਦਾ ਐਲਾਨ ਹੁੰਦੇ ਸਾਰ ਲੀਡਰਾਂ ਵਿਚ ਅਦਭੁਤ ਤਾਕਤ ਤੇ ਚੁਸਤੀ ਫੁਰਤੀ ਆ ਜਾਂਦੀ ਹੈ। ਬਿਮਾਰ, ਬੁੱਢੇ ਤੇ ਮਰਨ ਕਿਨਾਰੇ ਪਏ ਨੇਤਾ ਵੀ ਜੰਗਲੀ ਘੋੜੇ ਵਾਂਗ ਦੁਲੱਤੇ ਮਾਰਨ ਲੱਗ ਜਾਂਦੇ ਹਨ। ਕਿਰਲੇ ਵਾਂਗ ਆਕੜੀਆਂ ਧੌਣਾਂ ਕਮਾਨ ਵਾਂਗ ਦੋਹਰੀਆਂ ਹੋ ਕੇ ਵੋਟਰ ਬਾਦਸ਼ਾਹ ਅੱਗੇ ਝੁਕ ਜਾਂਦੀਆਂ ਹਨ, ਜ਼ੁਬਾਨ ਵਿੱਚ ਮਿਸ਼ਰੀ ਘੁਲ ਜਾਂਦੀ ਹੈ। ਚੋਣ ਕਮਿਸ਼ਨ ਜੋ ਮਰਜ਼ੀ ਕਹੇ, ਚੋਣਾਂ ਹਮੇਸ਼ਾ ਦੋ ਚਰਣਾਂ ਵਿੱਚ ਹੁੰਦੀਆਂ ਹਨ। ਵੋਟਾਂ ਤੋਂ ਪਹਿਲਾਂ ਲੀਡਰ ਵੋਟਰ ਦੇ ਚਰਣਾਂ ਵਿੱਚ ਤੇ ਵੋਟਾਂ ਤੋਂ ਬਾਅਦ ਵੋਟਰ ਲੀਡਰ ਦੇ ਚਰਨਾਂ ਵਿਚ। ਹਰੇਕ ਪਾਰਟੀ ਚੁਣਾਵੀਂ ਜੰਗ ਜਿੱਤਣ ਦੀਆਂ ਤਿਆਰੀਆਂ ਕਸ ਲੈਂਦੀ ਹੈ। ਅਣਗੌਲੇ, ਤੋੜ ਮਰੋੜ ਕੇ ਨੁੱਕਰਾਂ ਵਿੱਚ ਸੁੱਟੇ ਜੰਗਾਲ ਲੱਗੇ ਵਰਕਰਾਂ ਦਾ ਦੁਬਾਰਾ ਮੁੱਲ ਪੈਣਾ ਸ਼ੁਰੂ ਹੋ ਜਾਂਦਾ ਹੈ। ਰੁੱਸਿਆਂ ਨੂੰ ਦਸ ਰੁਪਏ ਦਾ ਪਲਾਸਟਿਕ ਦੇ ਫੁੱਲਾਂ ਵਾਲਾ ਹਾਰ ਪਹਿਨਾ ਕੇ ਪਾਰਟੀ ਦੀ ਇੱਜ਼ਤ ਦਾ ਵਾਸਤਾ ਦੇ ਕੇ ਗੱਲ ਨਾਲ ਲਗਾਇਆ ਜਾਂਦਾ ਹੈ। ਪੈਂਫਲਿਟ, ਬੈਨਰ, ਪੋਸਟਰ ਆਦਿ ਛਪਣ ਲੱਗ ਪੈਂਦੇ ਹਨ ਤੇ ਘਰਾਂ-ਦੁਕਾਨਾਂ ਉੱਪਰ ਝੰਡੇ ਝੂਲਣ ਲੱਗ ਜਾਂਦੇ ਹਨ। ਵੋਟਾਂ ਭੋਟਣ ਲਈ ਸਿਆਸੀ ਪਾਰਟੀਆਂ ਦਾ ਇੱਕ ਅਹਿਮ ਕੰਮ ਹੁੰਦਾ ਹੈ ਚੋਣ ਮੈਨੀਫੈਸਟੋ ਜਾਰੀ ਕਰਨਾ। ਚੋਣ ਮੈਨੀਫੈਸਟੋ ਤਿਆਰ ਕਰਨ ਲਈ ਬਹੁਤ ਹੀ ਹੰਢੇ ਵਰਤੇ ਤੇ ਘਾਗ ਕਿਸਮ ਦੇ ਅਹੁਦੇਦਾਰਾਂ ਦੀ ਡਿਊਟੀ ਲਾਈ ਜਾਂਦੀ ਹੈ, ਤਾਂ ਜੋ ਲੋਕਾਂ ਨੂੰ ਕੁਝ ਸਮੇਂ ਲਈ (ਇਲੈਕਸ਼ਨ ਖਤਮ ਹੋਣ ਤੱਕ) ਮਿੱਠੇ ਮਿੱਠੇ ਸੁਪਨੇ ਵਿਖਾਏ ਜਾ ਸਕਣ। ਕਈ ਤਰ੍ਹਾਂ ਦੇ ਅਸੰਭਵ ਅਤੇ ਅਜੀਬ ਵਾਅਦੇ ਕੀਤੇ ਜਾਂਦੇ ਜੋ ਅਮਰੀਕਾ ਵਰਗੇ ਵਿਕਸਤ ਦੇਸ਼ ਲਈ ਵੀ ਪੂਰੇ ਕਰਨੇ ਮੁਸ਼ਕਲ ਹਨ, ਇੰਡੀਆ ਨੇ ਤਾਂ ਕਰਨੇ ਹੀ ਕੀ ਨੇ। ਵੈਸੇ ਅੱਜ ਕੱਲ੍ਹ ਦੇਸ਼ ਭਗਤੀ ਦਾ ਫੈਸ਼ਨ ਚੱਲ ਰਿਹਾ ਹੈ। ਹਰ ਕੋਈ ਆਪਣੇ ਆਪ ਨੂੰ ਦੂਸਰੇ ਨਾਲੋਂ ਵੱਡਾ ਦੇਸ਼ ਭਗਤ ਸਾਬਤ ਕਰਨ ਦੀ ਹੋੜ ਵਿੱਚ ਰੁੱਝਾ ਹੋਇਆ ਹੈ। ਕਾਲਾ ਧੰਨ, ਬੇਰੋਜ਼ਗਾਰੀ ਅਤੇ ਵਿਕਾਸ ਆਦਿ ਦੇ ਜ਼ਰੂਰੀ ਮੁੱਦੇ ਬਹੁਤ ਪਿੱਛੇ ਸੁੱਟ ਦਿੱਤੇ ਗਏ ਹਨ। ਬਸ ਪਾਕਿਸਤਾਨ ਮੁਰਦਾਬਾਦ!

ਅਜਿਹੀ ਹੀ ਇੱਕ ਸਿਆਸੀ ਪਾਰਟੀ ਦਾ ਪ੍ਰਧਾਨ ਪਾਰਟੀ ਦਫਤਰ ਵਿੱਚ ਬੈਠਾ ਆ ਰਹੀਆਂ ਚੋਣਾਂ ਦੀ ਰਣਨੀਤੀ ਬਣਾਉਣ ਬਾਰੇ ਪਾਰਟੀ ਦੇ ਖਾਸ ਅਹੁਦੇਦਾਰਾਂ ਨਾਲ ਸਲਾਹ ਮਸ਼ਵਰਾ ਕਰ ਰਿਹਾ ਸੀ। ਉਸੇ ਵੇਲੇ ਮੈਨੀਫੈਸਟੋ ਤਿਆਰ ਕਰਨ ਵਾਲੀ ਕਮੇਟੀ ਦੇ ਚੇਅਰਮੈਨ ਨੇ ਚੋਣ ਮੈਨੀਫੈਸਟੋ ਦਾ ਖਰੜਾ ਉਸ ਅੱਗੇ ਲਿਆ ਰੱਖਿਆ ਤਾਂ ਜੋ ਪ੍ਰਧਾਨ ਚੈੱਕ ਕਰ ਲਵੇ ਤੇ ਜੇ ਕੋਈ ਕਮੀ ਪੇਸ਼ੀ ਹੋਵੇ ਤਾਂ ਦੂਰ ਕੀਤੀ ਜਾ ਸਕੇ। ਪ੍ਰਧਾਨ ਨੇ ਧਿਆਨ ਨਾਲ ਖਰੜਾ ਪੜ੍ਹਨਾ ਸ਼ੁਰੂ ਕਰ ਦਿੱਤਾ। ਦਸ ਕੁ ਲਾਈਨਾਂ ਪੜ੍ਹਨ ਤੋਂ ਬਾਅਦ ਪ੍ਰਧਾਨ ਦੇ ਮੱਥੇ ਵੱਟ ਪੈ ਗਏ। ਉਹ ਸੜ ਬਲ ਕੇ ਚੇਅਰਮੈਨ ਨੂੰ ਪੈ ਨਿਕਲਿਆ, "ਆਹ ਕੀ ਬਕਵਾਸ ਲਿਖੀ ਆ? ਅਖੇ ਜੇ ਸਾਡੀ ਪਾਰਟੀ ਦੀ ਸਰਕਾਰ ਬਣ ਗਈ ਤਾਂ ਅਸੀਂ ਪਰਿਵਾਰ ਨਿਯੋਜਨ ਨੂੰ ਸਖਤੀ ਨਾਲ ਲਾਗੂ ਕਰਾਂਗੇ। ਦੋ ਤੋਂ ਵੱਧ ਬੱਚੇ ਪੈਦਾ ਕਰਨ ਵਾਲਿਆਂ ਦੀਆਂ ਸਾਰੀਆਂ ਸਰਕਾਰੀ ਸਹੂਲਤਾਂ ਬੰਦ ਕਰ ਦਿਆਂਗੇ। ਉਹਨਾਂ ਦੀ ਹਰ ਪ੍ਰਕਾਰ ਦੀ ਸਰਕਾਰੀ ਸਬਸਿਡੀ ਤੇ ਰਿਜ਼ਰਵੇਸ਼ਨ ਬੰਦ ਕਰ ਦਿੱਤੀ ਜਾਵੇਗੀ। ਹੱਦ ਹੋ ਗਈ, ਤੂੰ ਯਾਰ ਚੀਨ ਵਿੱਚ ਬੈਠਾ ਏਂ?"

ਚੇਅਰਮੈਨ ਬੜੇ ਅਦਬ ਨਾਲ ਬੋਲਿਆ, ਪ੍ਰਧਾਨ ਜੀ ਦੇਸ਼ ਦੀਆਂ ਕੁੱਲ ਸਮੱਸਿਆਵਾਂ ਦੀ ਜੜ੍ਹ ਇਹ ਸ਼ੈਤਾਨ ਦੀ ਆਂਤ ਵਾਂਗ ਵਧਦੀ ਜਾ ਰਹੀ ਅਬਾਦੀ ਹੀ ਹੈ। ਇਹ ਸਾਰੀਆਂ ਸਰਕਾਰੀ ਯੋਜਨਾਵਾਂ ਨੂੰ ਖਾ ਜਾਂਦੀ ਹੈ। ਵੇਖੋ ਸੜਕਾਂ, ਹਸਪਤਾਲਾਂ, ਸਰਕਾਰੀ ਦਫਤਰਾਂ, ਅਦਾਲਤਾਂ, ਬੱਸਾਂ, ਟਰੇਨਾਂ, ਬਜ਼ਾਰਾਂ ਵਿੱਚ ਲੋਕ ਕਿਵੇਂ ਕੁਰਬਲ ਕੁਰਬਲ ਕਰਦੇ ਫਿਰਦੇ ਨੇ। ਵਧਦੀ ਅਬਾਦੀ ਕਾਰਨ ਜੁਰਮ ਵੀ ਵਧਦੇ ਜਾ ਰਹੇ ਨੇ। ਦੇਸ਼ ਦੀ ਆਰਥਿਕਤਾ ਇੰਨੀ ਤੇਜ਼ੀ ਨਾਲ ਵਧਦੀ ਅਬਾਦੀ ਦਾ ਭਾਰ ਨਹੀਂ ਝੱਲ ਸਕਦੀ। ਹਰ ਸਾਲ ਬੇਰੋਜ਼ਗਾਰਾਂ ਦੀ ਇੱਕ ਨਵੀਂ ਫੌਜ ਤਿਆਰ ਹੋ ਜਾਂਦੀ ਹੈ। ਦੇਸ਼ ਦੇ ਕੁਦਰਤੀ ਸੋਮੇ ਖਤਮ ਹੋ ਰਹੇ ਹਨ। ਬਾਕੀ ਗੱਲਾਂ ਛੱਡੋ, ਕੁਝ ਸਾਲਾਂ ਬਾਅਦ ਤਾਂ ਇੰਨੀ ਅਬਾਦੀ ਨੂੰ ਪੀਣ ਵਾਲਾ ਪਾਣੀ ਦੇਣਾ ਵੀ ਮੁਸ਼ਕਲ ਹੋ ਜਾਵੇਗਾ। ਇਕੱਲੀ ਅਬਾਦੀ ਕੰਟਰੋਲ ਕਰਨ ਨਾਲ ਹੀ ਦੇਸ਼ ਦੀਆਂ ਨੱਬੇ ਫੀਸਦੀ ਸਮੱਸਿਆਵਾਂ ਹੱਲ ਹੋ ਸਕਦੀਆਂ ਨੇ। ਪ੍ਰਧਾਨ ਸੁਣ ਕੇ ਹੋਰ ਅੱਗ ਬਬੂਲਾ ਹੋ ਗਿਆ। ਖਰੜਾ ਚੇਅਰਮੈਨ ਦੇ ਮੂੰਹ'ਤੇ ਮਾਰਿਆ, "ਮੈਂ ਠੇਕਾ ਲਿਆ ਹੋਇਆ ਐ ਦੇਸ਼ ਦੀਆਂ ਸਮੱਸਿਆਵਾਂ ਦਾ? ਅਸੀਂ ਇਲੈਕਸ਼ਨ ਜਿੱਤੀਏ ਕਿ ਲੋਕਾਂ ਦੇ ਸਿਆਪੇ ਹੱਲ ਕਰੀਏ? ਇਹ ਤੇਰਾ ਅਬਾਦੀ ਘੱਟ ਕਰਨ ਵਾਲਾ ਫਾਰਮੂਲਾ ਜੇ ਕਿਤੇ ਪਬਲਿਕ ਨੇ ਸੁਣ ਲਿਆ ਨਾ, ਸਾਡੀ ਪਾਰਟੀ ਨੂੰ ਇੱਕ ਵੋਟ ਨਹੀਂ ਮਿਲਣੀ। ਕਈ ਸਾਲ ਪਹਿਲਾਂ ਤੇਰੇ ਵਰਗੇ ਇੱਕ ਨੈਸ਼ਨਲ ਲੈਵਲ ਦੇ ਲੀਡਰ ਨੇ ਅਬਾਦੀ ਘਟਾਉਣ ਦੀ ਕੋਸ਼ਿਸ਼ ਕੀਤੀ ਸੀ, ਅਗਲੀ ਇਲੈਕਸ਼ਨ ਵਿੱਚ ਉਸਦੀ ਪਾਰਟੀ ਗਧੇ ਦੇ ਸਿਰ ਤੋਂ ਸਿੰਗਾਂ ਵਾਂਗ ਗਾਇਬ ਹੋ ਗਈ ਸੀ। ਛੱਡ ਅਬਾਦੀ ਦਾ ਫਿਕਰ, ਤੂੰ ਮੈਨੀਫੈਸਟੋ ਵਿੱਚ ਲਿਖ ਕਿ ਬੇਰੋਜ਼ਗਾਰੀ ਖਤਮ ਕਰ ਦਿੱਤੀ ਜਾਵੇਗੀ। ਸਾਰੇ ਪੜ੍ਹੇ ਲਿਖਿਆਂ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ। ਬੱਚਿਆਂ ਦੀ ਸਾਰੀ ਪੜ੍ਹਾਈ ਤੇ ਵਿਆਹ ਦਾ ਖਰਚਾ ਸਰਕਾਰ ਕਰੇਗੀ। ਗਰੀਬਾਂ ਨੂੰ ਮਕਾਨ, ਮੋਟਰ ਸਾਈਕਲ, ਕਣਕ, ਚਾਵਲ, ਦਾਲ, ਦੇਸੀ ਘਿਉ, ਮਸਾਲੇ, ਗੈਸ, ਕੱਪੜੇ, ਜੁੱਤੀਆਂ, ਟੀ.ਵੀ., ਫਰਿੱਜ, ਬਿਜਲੀ, ਪਾਣੀ, ਸਫਰ ਅਤੇ ਇਲਾਜ, ਸਭ ਸਹੂਲਤਾਂ ਫਰੀ ਦਿੱਤੀਆਂ ਜਾਣਗੀਆਂ। ਵਪਾਰੀਆਂ ਦੇ ਟੈਕਸ ਅਤੇ ਕਿਸਾਨਾਂ ਦੇ ਸਾਰੇ ਕਰਜ਼ੇ ਮੁਆਫ ਕਰ ਦਿੱਤੇ ਜਾਣਗੇ। ਫਿਰ ਵੇਖੀਂ ਕਿਵੇਂ ਪੈਂਦੀਆਂ ਆਪਣੀ ਪਾਰਟੀ ਨੂੰ ਵੋਟਾਂ। ਦੂਜੀਆਂ ਪਾਰਟੀਆਂ ਦੇ ਉਮੀਦਵਾਰਾਂ ਦੀਆਂ ਜਮਾਨਤਾਂ ਨਾ ਜ਼ਬਤ ਹੋ ਗਈਆਂ ਤਾਂ ਮੇਰਾ ਨਾਮ ਬਦਲ ਦੇਈਂ।" ਚੋਣ ਮੈਨੀਫੈਸਟੋ ਕਮੇਟੀ ਦਾ ਚੇਅਰਮੈਨ ਵਿਚਾਰਾ ਮਨ ਮਸੋਸ ਕੇ ਰਹਿ ਗਿਆ ਤੇ ਨਵਾਂ ਘੋਸ਼ਣਾ ਪੱਤਰ ਤਿਆਰ ਕਰਨ ਲਈ ਤੁਰ ਪਿਆ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
*"If you wish to play the Game of Love, place your head in your palm and walk on My Path."*
**- Guru Nanak Dev Ji**

BAISAKHI
2019
CELEBRATION
KEERTAN DARBAR & NAGAR KEERTAN



Sunday, April 14, 2019 • 7:00 am - 6:00 pm
Los Angeles Convention Center
1201 S. FIGUEROA STREET, LOS ANGELES, CA 90015

AMRIT VELA PROGRAM
GURU RAM DAS ASHRAM
1620 Preuss Rd., Los Angeles, CA 90035
3:30 am Japji Sahib
3:50 am Asa di Var
6:30 am Grand Motorcade Procession of Siri Guru Granth Sahib Ji to Convention Center

KEERTAN DARBAR PROGRAM
Convention Center, Concourse Hall
7:00 am Prakash of Siri Guru Granth Sahib Ji, followed by Children's Jethas from Southern CA Gurudwaras, Ragi Jethas from Southern CA Gurudwaras, Guest Ragi Jethas & Honored Guests
*Children's Activities Room • Baisakhi Bazaar*
*Langar served all day*
3:00 pm Grand Procession of Siri Guru Granth Sahib Ji to the Guru's Nagar Keertan Float

NAGAR KEERTAN PROGRAM
Gilbert Lindsey Plaza and Downtown Los Angeles
*Gatka Demonstrations, Delicious snacks served after the parade*
3:00 pm - 6:00 pm
PLEASE ATTEND WITH YOUR FAMILY AND FRIENDS! ALL ARE WELCOME

AMRIT SANCHAR
Saturday, April 13, 2019
at Guru Ram Das Ashram

Please call: (310) 201-0954
For more Baisakhi Celebration information, visit
www.gururamdasashram.org
47975

ਆਪ ਜੀ ਸਾਰੇ ਪਰਿਵਾਰ ਸਮੇਤ ਸੇਵਾ ਵਿੱਚ ਸ਼ਾਮਿਲ ਹੋਵੋ, ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ



# ਪਾਠਕਾਂ ਦਾ ਨਜ਼ਰੀਆ

## ਜਸਵੰਤ ਸਿੰਘ ਖਾਲੜਾ ਤੇ ਅਣਪਛਾਤੀਆਂ ਲਾਸ਼ਾਂ

ਅਪ੍ਰੈਲ ਉੱਨੀ ਸੌ ਪੰਚਨਵੇਂ.. (ਅਪਰੈਲ 1995) ਵਿਚ ਜਦੋਂ ਜਸਵੰਤ ਸਿੰਘ ਖਾਲੜਾ ਕਨੇਡਾ ਦੀ ਪਾਰਲੀਮੈਂਟ ਨੂੰ ਵੱਖੋ ਵੱਖ ਸਮਸ਼ਾਨ ਘਾਟਾਂ ਵਿਚ ਅਣਪਛਾਤੀਆਂ ਆਖ ਫੂਕ ਦਿੱਤੀਆਂ ਹਜਾਰਾਂ ਲਾਸ਼ਾਂ ਦੀ ਅਸਲੀਅਤ ਬਿਆਨ ਕਰ ਰਿਹਾ ਸੀ ਤਾਂ ਦਸਤਾਵੇਜ ਦੇਖ ਕਈ ਗੋਰੇ ਐਮਪੀ ਵੀ ਕੰਬ ਉਠੇ..

ਆਖਣ ਲੱਗੇ ਜੇ ਇਹ ਵਾਪਿਸ ਗਿਆ ਤਾਂ ਪੱਕਾ ਖਤਮ ਕਰ ਦਿੱਤਾ ਜਾਵੇਗਾ..ਸਣੇ ਪਰਿਵਾਰ ਕਨੇਡਾ ਦੀ ਪੱਕੀ ਨਾਗਰਿਕਤਾ ਦਿਵਾ ਦਿੰਦੇ ਹਾਂ..

ਫੇਰ ਅਗਲੇ ਦਿਨ ਵਾਪਸੀ ਦੀ ਫਲਾਈਟ ਸੀ..।

ਦੋਸਤ ਮਿੱਤਰ ਸਾਰੀ ਰਾਤ ਸਮਝਾਉਂਦੇ ਰਹੇ..ਤੇਰੀ ਮੌਤ ਦਾ ਪ੍ਰਵਾਨਾ ਲਿਖਿਆ ਜਾ ਚੁਕਾ ਏ..ਨਾ ਜਾ ਵਾਪਿਸ..ਬਾਕੀ ਪਰਿਵਾਰ ਵੀ ਇਥੇ ਸੱਦ ਲੈਂਦੇ ਹਾਂ..।

ਅੱਗੋਂ ਬੱਸ ਏਹੀ ਆਖਦਾ ਰਿਹਾ ਕੇ ਜੇ ਵਾਪਿਸ ਨਾ ਗਿਆ ਤਾਂ ਓਹਨਾ ਮਜਲੂਮ ਪਰਿਵਾਰਾਂ ਦਾ ਕੀ ਬਣੂੰ ਜਿਹੜੇ ਮੇਰੀ ਤਸੱਲੀ ਤੇ ਮੇਰੇ ਨਾਲ ਇਸ ਮੁਹਿੰਮ ਵਿਚ ਮੇਰੇ ਨਾਲ ਤੁਰੇ ਸਨ..ਹੁਣ ਜੋ ਹੁੰਦਾ ਵੇਖੀ ਜਾਊ!

ਛੇ ਸਤੰਬਰ 1995 ਦੀ ਸਵੇਰ ਕੋਈ ਪੌਣੇ ਕੁ ਨੌਂ ਵਜੇ ਕਬੀਰ ਪਾਰਕ ਵਾਲੀ ਰਿਹਾਇਸ਼ ਵਿਚ ਅਚਾਨਕ ਯੂਨੀਵਰਸਿਟੀ ਦੀ ਨੌਕਰੀ ਨੂੰ ਤੁਰੀ ਜਾਂਦੀ ਪਤਨੀ ਬੀਬੀ ਪਰਮਜੀਤ ਕੌਰ ਕੋਲ ਜਾ ਕੇ ਪੁੱਛਣ ਲੱਗੇ "ਬੱਚੇ ਪੜ੍ਹਾ ਲਵੇਂਗੀ ਕੱਲੀ"?

ਅੱਗੋਂ ਹੱਸਦੀ ਹੋਈ ਆਖਣ ਲੱਗੀ ਕਿ ਅੱਗੇ ਵੀ ਤਾਂ ਗੁਰੂ ਆਸਰੇ ਹੀ ਪੜ੍ਹਦੇ ਨੇ..!

ਸ਼ੇਰ ਮਾਂ ਦਾ ਪੁੱਤ ਆਪਣਾ ਅੰਜਾਮ ਚੰਗੀ ਤਰਾਂ ਜਾਣਦਾ ਸੀ.. ਨਤੀਜੇ ਭੁਗਤਣ ਲਈ ਤਿਆਰ ਬਰ ਤਿਆਰ ਸੀ..ਉਹ ਵੀ ਉਸ ਵੇਲੇ ਜਦੋਂ ਸਿਸਟਮ ਦੀ ਮਰਜੀ ਬਗੈਰ ਪੱਤਾ ਵੀ ਨਹੀਂ ਸੀ ਹਿੱਲ ਸਕਦਾ..ਪਾਣੀ ਦੇ ਬਹਾਅ ਦੇ ਉਲਟ ਤਾਰੀ ਜੂ ਲਾਈ ਸੀ ਅਗਲੇ ਨੇ.. .ਬਚ ਬੁਰੇ ਹਾਲਾਤਾਂ ਤੋਂ..ਪੱਤਾ ਪੱਤਾ ਸਿੰਘਾਂ ਦਾ ਵੈਰੀ"..ਹੰਸ ਰਾਜ ਹੰਸ ਦੇ ਗਾਏ ਇਸ ਗੀਤ 'ਤੇ ਪਾਬੰਦੀ ਤੱਕ ਲਾ ਦਿੱਤੀ ਗਈ ਸੀ..!

ਭਾਈ ਸਾਬ੍ਹ ਦੀ ਬੇਟੀ ਦੱਸਦੀ ਏ ਕਿ ਜਦੋਂ ਕਨਫਰਮ ਹੋ ਗਿਆ ਕਿ ਖਾਲੜਾ ਸਾਬ੍ਹ ਵੀ ਓਸੇ ਲੀਹੇ ਮੁਕਾ ਦਿੱਤੇ ਗਏ ਨੇ ਜਿਥੇ ਕਦੀ ਪੰਜੀ ਹਜਾਰ ਲਾਸ਼ਾਂ ਦਾ ਨਾਮੋ-ਨਿਸ਼ਾਨ ਮਿਟਿਆ ਸੀ..ਤਾਂ ਕਈ ਰਿਸ਼ਤੇਦਾਰੀਆਂ ਮੂੰਹ ਮੋੜ ਗਈਆਂ..ਦੋਸਤ ਮਿੱਤਰ ਮਿਲਣੋਂ ਹਟ ਗਏ..ਕਈ ਗਵਾਹ ਸੋਨੇ ਚਾਂਦੀ ਦੀ ਤੱਕੜੀ ਵਿਚ ਤੁਲ ਗਏ.. ਧਮਕੀ ਭਰੇ ਫੋਨ ਅਕਸਰ ਆ ਜਾਇਆ ਕਰਦੇ..ਕੇਸ ਦੀ ਪੈਰਵੀ ਨਾ ਕਰੋ..ਮੂੰਹ ਮੰਗੇ ਪੈਸੇ ਲੈ ਲਵੋ..ਪਰ ਗੁਰੂ ਤੇ ਆਸਥਾ ਲਾਈ ਆਮ ਜਿਹਾ ਇਹ ਪਰਿਵਾਰ ਨਿਸ਼ਾਨੇ ਤੋਂ ਨਾ ਥਿੜਕਿਆ..

ਫੇਰ ਸਤਾਨਵੇਂ ਨੂੰ ਪੰਥਕ ਅਕਾਲੀ ਸਰਕਾਰ ਦੇ ਸਰਬਰਾਹ ਉਸ ਪ੍ਰਕਾਸ਼ ਸਿੰਘ ਬਾਦਲ ਦੇ ਬੂਹੇ ਉਤੇ ਵੀ ਜਾ ਦਸਤਕ ਦਿੱਤੀ ਜਿਹੜਾ ਅਕਸਰ ਹੀ ਆਖਿਆ ਕਰਦਾ ਸੀ ਕਿ "ਬੀਬੀ ਸਾਡੀ ਸਰਕਾਰ ਆ ਲੈਣ ਦਿਓ ਇਨਸਾਫ ਜਰੂਰ ਮਿਲੂਗਾ।"

ਪਰ ਰਾਜ ਤਿਲਕ ਦੀ ਖੁਮਾਰੀ ਵਿਚ ਅੰਨ੍ਹੇ ਹੋਏ ਇਸ ਧ੍ਰਿਤਰਾਸ਼ਟਰ ਦਾ ਜੁਆਬ ਬੜਾ ਅਜੀਬ ਅਤੇ ਸ਼ਰਮਨਾਕ ਸੀ.. "ਬੀਬੀ ਛੱਡੋ ਖਹਿੜਾ ਹੁਣ ਤਫਤੀਸ਼ ਦਾ..ਜਾਣ ਵਾਲਾ ਚਲਾ ਗਿਆ..ਮਨਿਸਟਰੀ ਲੈ ਲਵੋ..ਜਿਹੜੀ ਮਰਜੀ ਚੇਅਰਮੈਨੀ ਆਖੋ ਮਿਲ ਜਾਵੇਗੀ..ਬੱਚੇ ਬਾਹਰ ਸੈਟਲ ਕਰਵਾ ਦਿੰਨੇ ਆ।"

ਦੋਸਤੋ ਇੱਕ ਵਾਰ ਜੰਗਲ ਨੂੰ ਅੱਗ ਲੱਗ ਗਈ..ਨੱਸਦੇ ਹੋਏ ਜਾਨਵਰਾਂ ਦੇਖਿਆ ਕੇ ਇੱਕ ਨਿੱਕੀ ਜਿਹੀ ਚਿੜੀ ਚੁੰਜ ਵਿਚ ਪਾਣੀ ਭਰ-ਭਰ ਅੱਗ ਦੀਆਂ ਲਪਟਾਂ ਉੱਤੇ ਸੁੱਟ ਰਹੀ ਸੀ.. ਕੋਈ ਟਿੱਚਰ ਕਰਦੇ ਹੋਏ ਆਖਣ ਲੱਗੇ, "ਤੇਰੇ ਚੁੰਝ ਭਰ ਪਾਣੀ ਨਾਲ ਕਿਹੜਾ ਕੋਈ ਫਰਕ ਪੈ ਜੂ।"

ਅੱਗੋਂ ਚਿੜੀ ਆਖਣ ਲੱਗੀ ਕਿ ਫਰਕ ਭਾਵੇਂ ਨਾ ਪਵੇਂ ਪਰ ਜਦੋਂ ਕਦੀ ਜੰਗਲ ਦਾ ਇਤਿਹਾਸ ਲਿਖਿਆ ਜਾਊ ਤਾਂ ਮੇਰਾ ਨਾਮ ਭੱਜਣ ਵਾਲਿਆਂ ਵਿਚ ਨਹੀਂ ਸਗੋਂ ਅੱਗ ਬੁਝਾਉਣ ਵਾਲਿਆਂ ਦੀ ਲਿਸਟ ਵਿਚ ਦਰਜ ਹੋਊ!

**ਹਰਪ੍ਰੀਤ ਸਿੰਘ ਜਵੰਦਾ**

## ਪੰਜਾਬ ਬਰਬਾਦੀ ਦੇ ਰਾਹ 'ਤੇ

ਸਿੱਖਿਆ ਅਤੇ ਸਿਹਤ, ਦੋ ਅਜਿਹੇ ਖੇਤਰ ਹਨ ਜਿੱਥੇ ਸਰਕਾਰ ਨੂੰ ਦਿਲ ਖੋਲ੍ਹ ਕੇ ਖਰਚ ਕਰਨਾ ਚਾਹੀਦਾ ਹੈ ਪਰ ਸਰਕਾਰ ਇਨ੍ਹਾਂ ਦੋਹਾਂ ਖੇਤਰਾਂ ਵਿੱਚ ਹੀ ਕੰਜੂਸੀ ਕਰਦੀ ਹੈ। ਸਗੋਂ ਉਲਟਾ ਇਨ੍ਹਾਂ ਦੋਹਾਂ ਹੀ ਖੇਤਰਾਂ ਵਿੱਚ ਨਿੱਜੀਕਰਨ ਨੂੰ ਉਤਸ਼ਾਹਤ ਕਰਕੇ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਸੁਰਖਰੂ ਹੋਣਾ ਚਾਹੁੰਦੀ ਹੈ। ਨਿੱਜੀ ਹਸਪਤਾਲਾਂ ਦੇ ਮਹਿੰਗੇ ਇਲਾਜ ਗਰੀਬ ਲੋਕਾਂ ਦੀ ਪਹੁੰਚ ਤੋਂ ਬਹੁਤ ਦੂਰ ਹਨ। ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਵੀ ਘਾਟ ਹੈ ਅਤੇ ਦਵਾਈਆਂ ਦੀ ਵੀ। ਨਸ਼ਿਆਂ ਅਤੇ ਖੁਦਕੁਸ਼ੀਆਂ ਦੇ ਪ੍ਰਕੋਪ ਨੇ ਵੀ ਪੰਜਾਬ ਨੂੰ ਬਹੁਤ ਝੰਜੋੜਿਆ ਹੈ। ਘਰਾਂ ਦੇ ਘਰ ਖਾਲੀ ਹੋ ਗਏ ਹਨ। ਬੇਰੁਜ਼ਗਾਰੀ ਸਭ ਤੋਂ ਵੱਡਾ ਸੰਤਾਪ ਹੈ। ਸਰਕਾਰੀ ਅਦਾਰਿਆਂ ਵਿੱਚ ਭਰਤੀ ਤੋਂ ਤਾਂ ਸਰਕਾਰ ਦੇ ਹੱਥ ਖੜ੍ਹੇ ਹਨ। ਬੇਰੋਜ਼ਗਾਰਾਂ ਦੀ ਗਿਣਤੀ ਪੰਜਾਬ ਵਿੱਚ ਹੀ ਪੰਜਾਹ ਲੱਖ ਦਾ ਹਿੰਦਸਾ ਛੂਹਣ ਵਾਲੀ ਹੈ। ਮਾਸਟਰ ਡਿਗਰੀ ਵਾਲਿਆਂ ਨੂੰ ਵੀ ਇੱਥੇ ਦਸ ਹਜ਼ਾਰ ਰੁਪਏ ਮਹੀਨਾ ਤੋਂ ਵੱਧ ਦੀ ਨੌਕਰੀ ਨਹੀਂ ਮਿਲਦੀ। ਸਰਕਾਰ ਖਜ਼ਾਨਾ ਖਾਲੀ ਹੋਣ ਦਾ ਬਹਾਨਾ ਲਾ ਕੇ ਪੱਲਾ ਝਾੜ ਦੇਂਦੀ ਹੈ। ਫਿਰ ਵਿਚਾਰੇ ਬੇਰੁਜ਼ਗਾਰ ਕੀ ਕਰਨ? ਨਸ਼ਿਆਂ ਦੇ ਰਾਹ ਪੈ ਕੇ ਜ਼ਿੰਦਗੀ ਖਰਾਬ ਕਰਨ ਜਾਂ ਫਿਰ ਵਿਦੇਸ਼ਾਂ ਵੱਲ ਕੂਚ ਕਰਨ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸਰਕਾਰ ਦੇ ਆਪਣੇ ਖਰਚਿਆਂ ਵਿੱਚ ਤਾਂ ਕੋਈ ਕਟੌਤੀ ਨਹੀਂ ਹੁੰਦੀ। ਇਹ ਬਹਾਨਾ ਕੇਵਲ ਮੁਲਾਜ਼ਮਾਂ ਅਤੇ ਬੇਰੁਜ਼ਗਾਰਾਂ ਲਈ ਹੀ ਹੈ।

ਮੁਫਤ ਦੇ ਆਟਾ ਦਾਲ ਨੇ ਲੋਕਾਂ ਦੀ ਸੋਚਣ ਸ਼ਕਤੀ ਨੂੰ ਹੀ ਘੁਣ ਲਗਾ ਦਿੱਤਾ ਹੈ। ਹਾਲਾਂਕਿ ਇਹ ਗੱਲ ਸਾਫ ਚਿੱਟੇ ਦਿਨ ਵਾਂਗ ਸਪਸ਼ਟ ਹੈ ਕਿ ਇੱਥੇ ਕੁਝ ਵੀ ਮੁਫਤ ਵਿੱਚ ਨਹੀਂ ਮਿਲਦਾ। ਕਿਸੇ ਨਾ ਕਿਸੇ ਸ਼ਕਲ ਵਿੱਚ ਕੀਮਤ ਦੇਣੀ ਹੀ ਪੈਂਦੀ ਹੈ। ਖੇਤੀ ਸੈਕਟਰ ਲਈ ਜੇ ਬਿਜਲੀ ਮੁਫਤ ਕੀਤੀ ਗਈ ਹੈ ਤਾਂ ਘਰੇਲੂ ਬਿਜਲੀ ਮਹਿੰਗੀ ਕਰਕੇ ਉੱਧਰ ਬੋਝ ਵਧਾ ਦਿੱਤਾ। ਫਿਰ ਮੁਫਤ ਕੀ ਮਿਲਿਆ? ਚੋਣਾਂ ਜਿੱਤਣ ਲਈ ਲੀਡਰ ਅਤੇ ਪਾਰਟੀ ਆਂ ਅਥਾਹ ਖਰਚ ਕਰਦੀਆਂ ਹਨ। ਇਹ ਸਭ ਦੇਸ਼ ਸੇਵਾ ਲਈ ਤਾਂ ਕੀਤਾ ਨਹੀਂ ਜਾਂਦਾ। ਜਰੂਰ ਸਤਹ ਤੇ ਲਾਲਚ ਵੀ ਹੁੰਦਾ ਹੈ। ਗੌਰ ਕਰਨ ਵਾਲੀ ਗੱਲ ਹੈ ਕਿ ਚੁਣੇ ਗਏ ਵਿਧਾਇਕਾਂ, ਸੰਸਦ ਮੈਂਬਰਾਂ ਤੇ ਮੰਤਰੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਪ੍ਰਾਪਤ ਹੁੰਦੀਆਂ ਹਨ। ਲਗਭਗ ਸਭ ਕੁਝ ਮੁਫਤ ਹੀ ਹੁੰਦਾ ਹੈ। ਰਹਿਣ ਲਈ ਮਹੱਲ ਨੁਮਾ ਇਮਾਰਤਾਂ ਵੀ ਮਿਲਦੀਆਂ ਹਨ ਫਿਰ ਵੱਡੀਆਂ ਵੱਡੀਆਂ ਤਨਖਾਹਾਂ ਦੀ ਕੀ ਜ਼ਰੂਰਤ ਹੈ? ਜਦੋਂ ਉਹਨਾਂ ਨੇ ਸਹੂਲਤਾਂ ਦੇ ਨਾਲ ਨਾਲ ਤਨਖਾਹਾਂ ਵੀ ਲੈਣੀਆਂ ਹਨ ਤਾਂ ਫਿਰ ਸੇਵਾ ਕਾਹਦੀ ਹੋਈ?

ਮਿਲਾਵਟਖੋਰੀ ਨੇ ਸਾਰਾ ਤਾਣਾਬਾਣਾ ਉਲਝਾ ਕੇ ਰੱਖ ਦਿੱਤਾ ਹੈ। ਕੋਈ ਵੀ ਚੀਜ਼ ਸ਼ੁੱਧ ਨਹੀਂ ਮਿਲਦੀ। ਸਭ ਤੋਂ ਵੱਧ ਖਪਤ ਦੁੱਧ ਦੀ ਹੁੰਦੀ ਹੈ। ਉਹ ਸ਼ੁੱਧ ਮਿਲਦਾ ਹੀ ਨਹੀਂ, ਸਵਾਰਥੀ ਲੋਕਾਂ ਨੇ ਉਸ ਵਿੱਚ ਯੂਰੀਆ ਖਾਦ ਤੇ ਹੋਰ ਕਈ ਤਰ੍ਹਾਂ ਦੇ ਕੈਮੀਕਲ ਪਾਉਣੇ ਸ਼ੁਰੂ ਕਰ ਦਿੱਤੇ ਹਨ। ਲੋਕ ਸਿਹਤ ਵਾਸਤੇ ਦੁੱਧ ਪੀਣਾ ਚਾਹੁੰਦੇ ਹਨ ਪਰ ਉਹ ਬੀਮਾਰੀਆਂ ਪ੍ਰੋਸਣ ਲੱਗ ਪਿਆ ਹੈ। ਵਧਦੇ ਲਾਲਚ ਨਾਲ ਨੈਤਿਕਤਾ ਦਾ ਨਿਘਾਰ ਹੋ ਗਿਆ ਹੈ। ਨਿਯਮਾਂ ਤੇ ਕਾਨੂੰਨਾਂ ਦੀ ਕਿਸੇ ਨੂੰ ਪ੍ਰਵਾਹ ਹੀ ਨਹੀਂ ਹੈ। ਲੋਕ ਸਰਕਾਰ ਕੋਲੋਂ ਰੁਜ਼ਗਾਰ ਅਤੇ ਹੋਰ ਸਹੂਲਤਾਂ ਭਾਲਦੇ ਹਨ ਪਰ ਸਰਕਾਰ ਤਾਂ ਵੋਟ ਬੈਂਕ ਦੀ ਕਾਇਮੀ ਲਈ ਹਜ਼ਾਰਾਂ ਕਰੋੜ ਰੁਪਏ ਬੁੱਤ ਬਣਾਉਣ ਲਈ ਖਰਚ ਰਹੀ ਹੈ ਜਦੋਂ ਕਿ ਦੇਸ਼ ਵਿੱਚ 80 ਕਰੋੜ ਤੋਂ ਵੀ ਵੱਧ ਜਨਤਾ ਭੁੱਖਮਰੀ ਦਾ ਸ਼ਿਕਾਰ ਹੋ ਕੇ ਪ੍ਰੇਸ਼ਾਨ ਹੈ।ਪ੍ਰਦੂਸ਼ਣ ਦੇ ਵਾਧੇ ਕਾਰਨ ਲੋਕਾਂ ਦਾ ਜੀਊਣਾ ਔਖਾ ਹੋਇਆ ਪਿਆ ਹੈ। ਗੁਰੂਆਂ ਪੀਰਾਂ ਦੀ ਧਰਤੀ ਤੇ ਖੁੱਲ੍ਹੀ-ਡੁੱਲ੍ਹੀ ਜ਼ਿੰਦਗੀ ਜੀਊਣ ਵਾਲੇ ਬੇਪ੍ਰਵਾਹ ਨੌਜਵਾਨ ਸ਼ੁੱਧ ਪਾਣੀ ਤੋਂ ਵੀ ਆਤੁਰ ਹਨ ਤੇ ਬੋਤਲਬੰਦ ਮਹਿੰਗਾ ਪਾਣੀ ਪੀਣ ਲਈ ਮਜਬੂਰ ਹਨ।

**ਦਰਸ਼ਨ ਸਿੰਘ ਰਿਆੜ**

## ਪੰਜਾਬ ਵਿਚ ਰੁਜ਼ਗਾਰ ਮੰਡੀ

ਰੁਜ਼ਗਾਰ ਮੇਲਿਆਂ ਦਾ ਜਿਹੜਾ ਪੱਖ ਸਭ ਤੋਂ ਵੱਧ ਅਣਸੁਖਾਵਾਂ ਪ੍ਰਭਾਵ ਪਾਉਂਦਾ ਹੈ, ਉਹ ਹੈ ਇਨ੍ਹਾਂ ਦਾ ਮੰਡੀ ਵਾਲਾ ਸਰੂਪ। ਪੰਜਾਬ ਵਿੱਚ ਕਈ ਤਰ੍ਹਾਂ ਦੀਆਂ ਮੰਡੀਆਂ ਲਗਦੀਆਂ ਹਨ। ਮਸ਼ੀਨਰੀ ਦੀ ਮੰਡੀ ਲੱਗਦੀ ਹੈ, ਪਸ਼ੂ ਮੰਡੀਆਂ ਲਗਦੀਆਂ ਹਨ, ਕਿਸਾਨ ਮੇਲੇ ਵੀ ਇਕ ਤਰ੍ਹਾਂ ਦੀਆਂ ਮੰਡੀਆਂ ਹੀ ਹਨ। ਇਨ੍ਹਾਂ ਸਭ ਥਾਵਾਂ ਜਾਂ ਮੰਡੀਆਂ ਵਿਚ ਵਿਕਰੇਤਾ ਵਸਤਾਂ ਵੇਚਦੇ ਹਨ, ਪਰ ਰੁਜ਼ਗਾਰ ਮੇਲਿਆਂ ਵਿਚ ਬੰਦੇ ਵਿਕਦੇ ਹਨ। ਸਿੱਖਿਆ ਦੇ ਚੰਗੇ-ਚੰਗੇ ਕੋਰਸ ਪਾਸ ਕਰਕੇ, ਮਹਿੰਗੇ ਮੁੱਲ ਦੀਆਂ ਪੜ੍ਹਾਈਆਂ ਕਰਕੇ, ਕੀ ਹੁਣ ਉਹ ਵਿਕਣ ਜੋਗੇ ਹੀ ਰਹਿ ਗਏ ਹਨ? ਅਫ਼ਸੋਸ ਦੀ ਵੱਡੀ ਵਜ੍ਹਾ ਵੀ ਇਹੋ ਹੈ ਕਿ ਰੁਜ਼ਗਾਰ ਮੇਲੇ ਮਾਨਵੀ ਗੌਰਵ ਨੂੰ ਬਿਲਕੁਲ ਹੀ ਅੱਖੋਂ ਪਰੋਖੇ ਕਰ ਰਹੇ ਹਨ।ਰੁਜ਼ਗਾਰ ਮੇਲਿਆਂ ਵਿਚ ਜਿਆਦਾਤਰ ਨੌਕਰੀਆਂ ਕਾਰਪੋਰੇਟ ਸੈਕਟਰ ਵੱਲੋਂ ਆ ਰਹੀਆਂ ਹਨ। ਇਹ ਬਹੁਕੌਮੀ ਕੰਪਨੀ ਵਜੋਂ ਪੇਸ਼ ਕੀਤੀਆਂ ਜਾ ਰਹੀਆਂ ਹਨ। ਕਾਰਪੋਰੇਟ ਸੈਕਟਰ ਦੀ ਹੋਂਦ ਬੜੀ ਲਚਕੀਲੀ ਹੈ। ਕੰਪਨੀਆਂ ਦੇ ਕਾਰੋਬਾਰਾਂ ਵਿਚ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਬਹੁਕੌਮੀ ਕੰਪਨੀਆਂ ਆਪਣੇ ਕਾਰੋਬਾਰਾਂ ਦੇ ਸਥਾਨ ਵੀ ਇੱਕ ਦੇਸ਼ ਤੋਂ ਦੂਜੇ ਦੇਸ਼ ਜਾਂ ਇੱਕ ਖੇਤਰ ਤੋਂ ਦੂਜੇ ਖੇਤਰ ਵਿੱਚ ਤਬਦੀਲ ਕਰਦੀਆਂ ਰਹਿੰਦੀਆਂ ਹਨ। ਮੁਨਾਫ਼ਾ ਨਾ ਹੋਣ ਦੀ ਸੂਰਤ ਵਿੱਚ ਇਹ ਕਾਰੋਬਾਰ ਨੂੰ ਬੰਦ ਕਰਨ ਵਿੱਚ ਵੀ ਕੋਈ ਝਿਜਕ ਨਹੀਂ ਦਿਖਾਉਂਦੀਆਂ। ਅਜਿਹੀਆਂ ਕੰਪਨੀਆਂ ਵਿੱਚ ਜਿਹੜੇ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਵੀ ਜਾਂਦਾ ਹੈ, ਉਨ੍ਹਾਂ ਲਈ ਵੀ ਰੁਜ਼ਗਾਰ ਦੀ ਸਥਿਰਤਾ ਬਾਰੇ ਅਨਿਸ਼ਚਿਤਾ ਬਣੀ ਰਹਿੰਦੀ ਹੈ। ਉਨ੍ਹਾਂ ਨੂੰ ਮਹਿਸੂਸ ਹੁੰਦਾ ਰਹਿੰਦਾ ਹੈ ਕਿ ਉਨ੍ਹਾਂ ਨੂੰ ਕਦੇ ਵੀ ਨੌਕਰੀ ਤੋਂ ਜਵਾਬ ਮਿਲ ਸਕਦਾ ਹੈ, ਅਰਥਾਤ ਉਨ੍ਹਾਂ ਨੂੰ ਕਦੇ ਵੀ ਸੜਕ 'ਤੇ ਆਉਣਾ ਪੈ ਸਕਦਾ ਹੈ। ਸੋ, ਰੁਜ਼ਗਾਰ ਮੇਲੇ ਨਾਂਅ ਦੇ ਹੀ ਮੇਲੇ ਹਨ, ਅਸਲ ਵਿਚ ਇਹ ਕਿਰਤ ਮੰਡੀਆਂ ਹੀ ਹਨ। ਖ਼ਰੀਦਦਾਰਾਂ ਦੀ ਲੋੜ ਲਈ ਕਿਰਤ ਪੂਰਤੀ ਦੇ ਸਥਾਨ ਹਨ।

**ਪ੍ਰੋ. ਰਾਕੇਸ਼ ਰਮਨ**

## ਕਿੱਥੇ ਹੈ ਅਜ਼ਾਦੀ

ਸਹਿਣਸ਼ੀਲਤਾ ਨਾ ਲੋਕਾਂ ਚ ਰਹੀ ਨਾ ਸਰਕਾਰਾਂ ਵਿਚ, ਵਿਚਾਰਕ ਵਿਰੋਧ ਕਾਰਨ ਲੋਕ ਇੱਕ ਦੂਜੇ ਨੂੰ ਵੱਢ ਖਾਣ ਨੂੰ ਪੈਂਦੇ ਹਨ ਤੇ ਸਰਕਾਰਾਂ ਸੂਲੀ ਟੰਗਣ ਨੂੰ ਕਾਹਲੀਆਂ ਰਹਿੰਦੀਆਂ ਹਨ। ਘੱਟ ਗਿਣਤੀਆਂ, ਦਲਿਤ ਤੇ ਗਰੀਬ (ਭਾਵੇਂ ਕਿਸੇ ਵੀ ਭਾਈਚਾਰੇ ਜਾਂ ਧਰਮ ਨਾਲ ਸੰਬੰਧਤ ਹੋਣ) ਨੂੰ ਸ਼ਿਕਾਇਤ ਹੈ ਨਿਆਂ ਵਿਚ ਵਿਤਕਰੇ ਦੀ, ਹੈ ਵੀ ਸ਼ਤ ਪ੍ਰਤੀਸ਼ਤ ਸੱਚ ਹੈ, ਕੁੱਝ ਸਮੇਂ ਦੀਆਂ ਸਰਕਾਰਾਂ ਵੀ ਇਸ ਸਚਾਈ ਨੂੰ ਭੁੱਲਣ ਨਹੀਂ ਦਿੰਦੀਆਂ, ਸਮੇਂ ਸਮੇਂ ਯਾਦ ਕਰਵਾਉਂਦੀਆਂ ਰਹਿੰਦੀਆਂ ਹਨ ਜਿਸ ਨਾਲ ਕੁੱਝ ਚਿੰਤਤ ਲੋਕਾਂ ਨੂੰ ਹਮਦਰਦੀ ਤੇ ਕੁੱਝ ਫਿਰਕੂ ਲੋਕਾਂ ਨੂੰ ਬਹਾਨਾ ਮਿਲ ਜਾਂਦਾ ਹੈ ਇਨਸਾਨੀਅਤ ਨੂੰ ਤਾਰ ਤਾਰ ਕਰਨ ਦਾ। ਹਿੰਦੂ, ਸਿੱਖ, ਮੁਸਲਿਮ, ਈਸਾਈ ਆਦਿ ਕਰਕੇ ਅਸੀਂ ਆਪਣਾ ਆਪਣਾ ਗੁੱਸਾ ਕੱਢਦੇ ਹਾਂ ਤੇ ਫਿਰਕੂ ਸੋਚ ਪਾਲ ਲੈਂਦੇ ਹਾਂ, ਇਹੀ ਤੇ ਉਹ ਚਾਹੁੰਦੇ ਹਨ, ਇਸੇ ਕਰਕੇ ਤੇ ਸੱਭ ਕੁੱਝ ਹੋ ਰਿਹਾ ਹੈ, ਕਾਮਯਾਬ ਵੀ ਹੋ ਰਹੇ ਹਨ ਤੇ ਖੁਸ਼ ਵੀ। ਧਾਰਮਿਕ ਹੋਣ ਜਾਂ ਸਿਆਸੀ ਹੋਣ ਜਾਂ ਸਰਕਾਰਾਂ ਹੋਣ ਜਾਂ ਵਿਅਕਤੀਗਤ ਹੋਣ , ਨੁਕਤਾਚੀਨੀ, ਅਲੋਚਨਾ ਜਾਂ ਵਿਰੋਧ ਬਰਦਾਸ਼ਤ ਹੀ ਨਹੀਂ ਕਰਦੀਆਂ, ਤਾਂ ਫਿਰ ਲੋਕਤੰਤਰ ਕਹਿਣਾ ਜਾਂ ਸ਼ਿਕਾਇਤ ਕਰਨਾ ਬੇਮਤਲਬ ?

ਵੋਟਾਂ ਖਾਤਿਰ ਸਰਕਾਰਾਂ ਇਕ, ਦੂਜੇ ਫਿਰਕੇ ਨੂੰ ਖੁਸ਼ ਕਰਨ ਲਈ 295 ਏ, 120ਬੀ, 121ਏ ਵਰਗੀਆਂ ਧਰਾਵਾਂ ਦੀ ਵਰਤੋਂ ਕਰਦੀਆਂ ਹਨ। ਇਸੇ ਕੜੀ ਵਜੋਂ ਤਿੰਨ ਨੌਜਵਾਨਾਂ ਨੂੰ ਦੇਸ ਧਰੋਹ ਦੀ ਧਾਰਾ 121ਏ (1860) ਅਧੀਨ ਸਜ਼ਾ ਸੁਣਾਈ ਗਈ ਹੈ, ਕਾਰਨ ਉਨ੍ਹਾਂ ਕੋਲੋਂ ਇਤਰਾਜ਼ਯੋਗ ਸਮੱਗਰੀ ਜੋ ਦੇਸ਼ ਦੇ ਖਿਲਾਫ ਤੇ ਨਵਾਂ ਦੇਸ਼ ਘੜਨ ਦੀ ਸਾਜਿਸ਼ ਦਾ ਦੋਸ਼ ਹੈ, ਮਿਲੀ ਹੈ। ਜੇ ਪੁਲਿਸ ਮੁਤਾਬਿਕ ਮਨ ਵੀ ਲਿਆ ਜਾਵੇ ਤਾਂ ਕਿਸੇ ਵੀ ਪੱਖੋ ਐਨੀ ਵੱਡੀ ਸਜ਼ਾ ਦੀ ਤੁੱਕ ਹੀ ਨਹੀਂ ਬਣਦੀ।

"ਆਦਿਲ ਦਾ ਅਦਾਲਤੀ ਨਿਜ਼ਾਮ ਸੱਤਾ ਅੱਗੇ ਜਦ ਝੁੱਕਦਾ!
ਨਿਆਂ ਦੀ ਨਿਸਫਲਤਾ ਦੇਖ ਯਕੀਂ ਤਦ ਮੁੱਕਦਾ!"

ਯਾਦ ਰਹੇ ਕਿ ਸਿੱਖ ਸਰਕਾਰ(ਪੰਥਕ ਅਕਾਲੀ ਦਲ) ਦੇ ਰਾਜ ਦੌਰਾਨ ਇਹ ਘਾਤਕ ਕੇਸ ਦਰਜ ਹੋਇਆ ਤੇ ਧਰਮ ਨਿਰਪੱਖ ਸਰਕਾਰ ਦੇ ਰਾਜ ਦੌਰਾਨ ਸਜ਼ਾ ਹੋਈ। ਸਮਾਂ ਨਜਦੀਕ ਆ ਰਹੀਆਂ ਵੋਟਾਂ, ਬੜੇ ਸਵਾਲ ਤੇ ਸੰਕਾ ਪੈਦਾ ਕਰਦੀਆਂ ਹਨ। ਬੋਲਣ, ਲਿਖਣ ਤੇ ਪੜ੍ਹਨ ਦੀ ਆਜ਼ਾਦੀ ਖੋਹਣੀ ਲੋਕਤੰਤਰ ਲਈ ਘਾਤਕ ਹੈ ਸਾਰਿਆਂ ਨੂੰ ਖਾਸ ਕਰ ਇਨਸਾਫ ਪਸੰਦ ਲੋਕਾਂ ਨੂੰ ਇਸ ਖਿਲਾਫ਼ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

"ਤੇਰੇ ਘਰ ਅੱਗ, ਮੇਰੇ ਲਈ ਬਸੰਤਰ ਨੱਚੀ ਸੀ
ਤੇਰੀ ਰੂਹ ਬਲੀ, ਮੇਰੇ ਲਈ ਆਤਿਸ਼ ਮੱਚੀ ਸੀ"

**ਕੁਲਵਿੰਦਰ ਸਿੰਘ**

## ਆਰਐੱਸਐੱਸ ਦਾ ਸੁਪਨਾ ਜਨੂੰਨੀ ਰਾਸ਼ਟਰਵਾਦ

ਅੱਜ ਹਾਲਾਤ ਇਹ ਹਨ ਕਿ ਭਾਰਤ ਦੋ ਬਰੋ-ਬਰਾਬਰ ਸੰਸਾਰਾਂ ਵਿਚ ਵੰਡਿਆ ਗਿਆ ਹੈ। ਇਕ ਹੈ ਜਨੂੰਨੀ ਰਾਸ਼ਟਰਵਾਦ, ਜਿਹੜਾ ਆਰਐੱਸਐੱਸ ਦਾ ਸੁਪਨਾ ਸਾਕਾਰ ਕਰਨ ਲਈ ਕੁਝ ਵੀ ਕਰ ਸਕਦਾ ਹੈ। ਦੂਜਾ ਹੈ ਰੋਜ਼ਮਰ੍ਹਾ ਸਿਆਸਤ, ਜਿਸ ਉਤੇ ਦੇਸ਼ ਵਾਸੀਆਂ ਨੂੰ ਪਰਤਾਉਣ ਲਈ ਵਿਰੋਧੀ ਧਿਰ ਵੱਲੋਂ ਪੂਰੀ ਵਾਹ ਲਾਈ ਜਾ ਰਹੀ ਹੈ। ਇਸ ਦੇ ਬਾਵਜੂਦ, ਰੋਜ਼ਮਰ੍ਹਾ ਸਿਆਸਤ ਦੀ ਹਾਲਤ ਨਿਰਾਸ਼ਾਜਨਕ ਹੈ, ਜਦੋਂਕਿ ਰਾਸ਼ਟਰਵਾਦ ਵੱਲੋਂ ਵੀਡੀਓ ਗੇਮ ਵਾਂਗ ਲੜਾਈ ਲੜੀ ਜਾ ਰਹੀ ਹੈ। ਦੇਸ਼ ਵਿਚ ਖ਼ੂਨ-ਖ਼ਰਾਬੇ ਲਈ ਉਤਸ਼ਾਹ ਦਾ ਮਾਹੌਲ ਬਣਾ ਦਿੱਤਾ ਗਿਆ ਹੈ।

ਜਮਹੂਰੀਅਤ ਨੂੰ ਨਾ ਸਿਰਫ਼ ਬਹੁਮਤਵਾਦੀ ਜ਼ਿਆਦਤੀਆਂ ਦੇ ਟਾਕਰੇ ਦਾ ਵੱਲ ਸਿੱਖਣਾ ਹੋਵੇਗਾ, ਸਗੋਂ ਕਪਟ ਰੂਪਾਂ (simulacra), ਭਾਵ ਮੁਲਕ ਵਿਚ ਉਭਾਰੀਆਂ ਜਾ ਰਹੀਆਂ ਗ਼ਲਤ ਤੇ ਕਲਪਿਤ ਹਕੀਕਤਾਂ ਨੂੰ ਵੀ ਵੰਗਾਰਨਾ ਹੋਵੇਗਾ। ਅਨੁਮਾਨਿਤ ਆਲਮੀ ਸ਼ਕਤੀਆਂ ਵੀ ਅਸਲੀ ਸੰਸਾਰ ਵਿਚ ਇਨ੍ਹਾਂ ਨੂੰ ਮੁੜ ਪ੍ਰੀਭਾਸ਼ਿਤ ਕਰ ਰਹੀਆਂ ਹਨ। ਜਿਵੇਂ ਜੀਨ ਬੌਡਰਿਲਾਰਡ ਨੇ ਕਿਹਾ ਹੈ ਕਿ ਕਪਟ ਰੂਪ, ਨਤੀਜਿਆਂ ਵਿਚ ਹਕੀਕੀ ਬਣ ਜਾਂਦੇ ਹਨ ਅਤੇ ਮੀਡੀਆ ਦੀ ਦੁਨੀਆਂ ਵਿਚ ਆਪਣੇ ਆਪ ਨੂੰ ਸਥਾਈ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਜਿਥੇ ਹਕੂਮਤ ਦੀ ਹੀ ਗੱਲ ਦਾ ਪ੍ਰਚਾਰ ਹੁੰਦਾ ਹੋਵੇ ਅਤੇ ਆਮ ਲੋਕ ਮਹਿਜ਼ 'ਹਾਂ ਵਿਚ ਹਾਂ ਮਿਲਾਉਣ' ਵਾਲੇ ਸਹਿ ਕਲਾਕਾਰ ਹੋਣ, ਉਥੇ ਅਤਿ-ਅਸਲੀਅਤ ਵੱਲੋਂ ਅਸਲੀਅਤ ਨੂੰ ਦਬਾ ਦਿੱਤਾ ਜਾਂਦਾ ਹੈ। ਇਸ ਲਈ ਜਮਹੂਰੀ ਸਿਆਸਤ ਦੀਆਂ ਸੰਭਾਵਨਾਵਾਂ ਨੂੰ ਮੁੜ ਜੀਵਤ ਕਰਨ ਲਈ ਨਵੀਆਂ ਕਲਪਨਾਵਾਂ ਦੀ ਲੋੜ ਹੈ। ਜੇ ਅਸੀਂ ਸੱਭਿਅਕ ਸਮਾਜ ਵਜੋਂ ਆਪਣੀ ਹੋਂਦ ਕਾਇਮ ਰੱਖਣੀ ਚਾਹੁੰਦੇ ਹਾਂ ਤਾਂ ਸਾਡੀ ਰੋਜ਼ਮਰ੍ਹਾ ਵਾਲੀ ਪਹੁੰਚ ਨੂੰ ਮੁੜ ਤੋਂ ਉਭਾਰੇ ਜਾਣ ਦੀ ਲੋੜ ਹੈ।

**ਸ਼ਿਵ ਵਿਸ਼ਵਨਾਥਨ**

# ਬਡੂੰਗਰ ਜੀ ਪੰਥਕ ਮਾਮਲਿਆਂ 'ਚ ਇਕ ਟੱਬਰ ਦੀ ਧੌਂਸ ਬਾਰੇ ਵੀ ਬੋਲਿਆ ਕਰੋ

ਪੰਜਾਬ ਤੋਂ ਛਪਦੀਆਂ ਕੁਝ ਅਖ਼ਬਾਰਾਂ ਵਿਚ ਭਾਈ ਕ੍ਰਿਪਾਲ ਸਿੰਘ ਬਡੂੰਗਰ ਜੀ ਦਾ ਜੋਸ਼ੀਲੀ ਸ਼ਬਦਾਵਲੀ ਵਾਲਾ ਬਿਆਨ ਛਪਿਆ ਹੈ, ਜਿਸ ਵਿਚ ਉਨ੍ਹਾਂ ਕਿਹਾ ਕਿ ਗੁਰੂ ਨਾਨਕ ਯੂਨੀਵਰਸਿਟੀ ਵਿੱਚ 'ਦੇਹਿ ਸ਼ਿਵਾ ਬਰੁ ਮੋਹਿ ਇਹੈ' ਨੂੰ ਬਦਲ ਕੇ ਗਾਇਆ ਜਾਣ ਵਾਲਾ ਸ੍ਰੀ ਸੁਰਜੀਤ ਪਾਤਰ ਦਾ ਗੀਤ 'ਬਰਦਾਸ਼ਤ' ਨਹੀਂ ਕੀਤਾ ਜਾਵੇਗਾ। ਉਨ੍ਹਾਂ ਦਾ ਇਹ ਬਿਆਨ ਬਿਲਕੁਲ ਜਾਇਜ਼ ਮੰਨਿਆ ਜਾਂਦਾ ਜੇ ਸੱਚਮੁੱਚ ਉਕਤ ਸਵੱਈਏ ਨੂੰ ਬਦਲ ਦਿੱਤਾ ਗਿਆ ਹੁੰਦਾ। ਅਸਲ ਵਿਚ ਅਜਿਹਾ ਕੁਝ ਵੀ ਨਹੀਂ ਹੋਇਆ। ਸੋਸ਼ਲ ਮੀਡੀਏ ਤੋਂ ਸਾਫ਼ ਜਾਣਕਾਰੀ ਮਿਲਦੀ ਹੈ ਕਿ ਜਦੋਂ ਧਾਰਮਿਕ ਮੁੱਦਿਆਂ ਬਾਰੇ ਨਵੀਆਂ 'ਛਿੰਗੜੀਆਂ ਛੇੜਨ' ਦੇ ਮਾਹਰ ਕੁਝ ਸੱਜਣਾਂ ਵਲੋਂ ਉਕਤ ਮੁੱਦੇ ਨੂੰ 'ਤੂਲ' ਦਿੱਤੀ ਜਾਣੀ ਸ਼ੁਰੂ ਹੋਈ ਤਦੇ ਹੀ ਗੁਰੂ ਨਾਨਕ ਯੂਨੀਵਰਸਿਟੀ ਦੇ ਅਧਿਕਾਰੀਆਂ ਵਲੋਂ ਸਪੱਸ਼ਟ ਕਰ ਦਿੱਤਾ ਗਿਆ ਸੀ ਕਿ 'ਦੇਹਿ ਸ਼ਿਵਾ..' ਵਾਲਾ ਸਵੱਈਆ ਬਦਲਿਆ ਜਾਂ ਛੱਡਿਆ ਨਹੀਂ ਗਿਆ, ਸਗੋਂ ਗੁਰੂ ਨਾਨਕ ਸਾਹਿਬ ਦੀ ਅਜ਼ਮਤ ਬਾਰੇ ਪਾਤਰ ਜੀ ਤੋਂ ਉਚੇਚੇ ਤੌਰ 'ਤੇ



ਗੀਤ ਲਿਖਵਾਇਆ ਗਿਆ ਸੀ।

ਇਸ ਸਪੱਸ਼ਟੀਕਰਨ ਤੋਂ ਇਹ 'ਮਸਲਾ' ਖਤਮ ਹੋ ਜਾਣਾ ਚਾਹੀਦਾ ਸੀ, ਪਰ ਕੀਤਾ ਕੀ ਜਾਏ? ਸਿਆਸੀ ਆਗੂਆਂ ਤੋਂ ਇਲਾਵਾ ਲਿਖਾਰੀਆਂ, ਕਵੀਆਂ ਅਤੇ ਪ੍ਰੋਫੈਸਰਾਂ ਨੂੰ ਵੀ ਈਰਖਾ ਰੋਗ ਚਿੰਬੜਿਆ ਹੋਇਆ ਹੈ, ਜਿਸ ਕਰਕੇ ਸਾਊ ਸ਼ਰੀਫ਼ ਸ਼ਾਇਰ ਸੁਰਜੀਤ ਪਾਤਰ ਜੀ ਦੀ ਉੱਚ ਪਾਏ ਦੀ ਕਵਿਤਾ ਇਨ੍ਹਾਂ ਸ੍ਰੀਮਾਨਾਂ ਦਾ 'ਨਿਸ਼ਾਨਾ' ਬਣ ਗਈ।

ਸ੍ਰੀ ਬਡੂੰਗਰ ਜੀ ਦੇ ਪ੍ਰਧਾਨਗੀ ਕਾਲ ਸਮੇਂ ਉਨ੍ਹਾਂ ਦਾ ਸਾਥੀ ਮੈਂਬਰ ਸ਼੍ਰੋਮਣੀ ਕਮੇਟੀ ਰਿਹਾ ਹੋਣ ਕਰ ਕੇ ਮੈਂ ਉਨ੍ਹਾਂ ਨੂੰ ਕਹਿਣ ਦਾ ਹੱਕ ਰੱਖਦਾ ਹਾਂ ਕਿ ਵੈਸੇ ਤਾਂ ਉਨ੍ਹਾਂ ਦੇ 'ਚੁੱਪ ਵੱਟਣ' ਵਾਲੇ ਵੇਲਿਆਂ ਦੀ ਲੰਬੀ ਸੂਚੀ ਹੈ ਪਰ ਕੀ ਉਹ ਦੱਸਣਗੇ ਕਿ ਜਦੋਂ ਉਨ੍ਹਾਂ ਦੁਆਰਾ ਜਾਰੀ ਕੀਤਾ ਗਿਆ ਮੂਲ ਨਾਨਕਸ਼ਾਹੀ ਕੈਲੰਡਰ ਸ੍ਰੀ ਸੁਖਬੀਰ ਬਾਦਲ ਦੇ ਹੁਕਮ 'ਤੇ ਅਚਾਨਕ ਰੱਦ ਕਰ ਦਿੱਤਾ ਗਿਆ ਸੀ। ਕੀ ਉਦੋਂ ਉਨ੍ਹਾਂ ਇਹ ਕਿਹਾ ਸੀ ਕਿ ਅਜਿਹਾ ਨਾਦਰੀ ਹੁਕਮ ਬਰਦਾਸ਼ਤ ਨਹੀਂ? ਹਾਲੇ ਕੱਲ ਸਾਰੀਆਂ ਮਾਣ ਮਰਿਆਦਾਵਾਂ ਛਿੱਕੇ ਟੰਗ ਕੇ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਰੰਗਾਂ ਨਾਲ ਮੂੰਹ ਸਿਰ ਲਬੇੜਦੇ 'ਜਥੇਦਾਰ' ਦੇਖ ਕੇ, ਬਡੂੰਗਰ ਜੀ ਕੁਸਕੇ ਹੀ ਨਹੀਂ? ਫਿਰ ਨਹੀਂ ਸੱਜੇ ਹੱਥ ਦੀ ਉਂਗਲ ਖੜ੍ਹੀ ਕਰਕੇ ਬਿਆਨ ਦਿੰਦੇ।

**ਤਰਲੋਚਨ ਸਿੰਘ ਦੁਪਾਲ**, ਕੈਲੀਫੋਰਨੀਆ (ਯੂਐਸਏ)।

## ਸੂਫੀ ਰੰਗਤ 'ਚ ਰਿਲੀਜ਼ ਹੋਵੇਗਾ ਕੰਵਰਦੀਪ ਦਾ ਨਵਾਂ ਗੀਤ 'ਮੇਰੇ ਸਾਈਆਂ'

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਪੰਜਾਬੀ ਗਾਇਕ ਕੰਵਰਦੀਪ ਜਲਦ ਹੀ ਆਪਣੇ ਨਵੇਂ ਗੀਤ 'ਮੇਰੇ ਸਾਈਆਂ' ਨਾਲ ਦਰਸ਼ਕਾਂ ਦੀ ਕਚਿਹਰੀ 'ਚ ਦਸਤਕ ਦੇਣ ਜਾ ਰਹੇ ਹਨ। ਇਸ ਗੀਤ ਦਾ ਪੋਸਟਰ ਰਿਲੀਜ਼ ਕਰਦੇ ਹੋਏ ਗਾਇਕ ਕੰਵਰਦੀਪ ਨੇ ਜਾਣਕਾਰੀ ਦਿੱਤੀ ਹੈ। ਕੁਝ ਦਿਨ ਪਹਿਲਾਂ ਉਨ੍ਹਾਂ ਦੇ ਗੀਤ 'ਮੇਰੇ ਸਾਈਆਂ' ਦਾ ਟੀਜ਼ਰ ਵੀ



ਰਿਲੀਜ਼ ਹੋ ਚੁੱਕਾ ਹੈ। ਇਥੇ ਇਹ ਗੱਲ ਵਰਨਣਯੋਗ ਹੈ ਕਿ ਕੰਵਰਦੀਪ ਪੰਜਾਬੀ ਸੱਭਿਆਚਾਰਕ ਅਤੇ ਸੂਫੀ ਗਾਇਕੀ ਨਾਲ ਬਹੁਤ ਲੰਮੇ ਅਰਸੇ ਤੋਂ ਜੁੜਿਆਂ ਹੋਇਆ ਹੈ। ਉਨ੍ਹਾਂ ਨੂੰ ਉਮੀਦ ਹੈ ਕਿ ਆਪਣੀ ਨਿਵੇਕਲੀ ਸੂਫੀਅਤ ਦੀ ਪਹਿਚਾਣ ਰੱਖਣ ਵਾਲਾ ਇਹ ਗੀਤ ਲੋਕਾਂ ਦੀ ਪਸੰਦ 'ਤੇ ਜ਼ਰੂਰ ਖਰਾ ਉਤਰੇਗਾ।

# ਫਿਲਮ 'ਮੰਜੇ ਬਿਸਤਰੇ' ਵਾਲਾ 'ਸਾਧੂ ਹਲਵਾਈ' ਬਨਾਮ ਕਰਮਜੀਤ ਅਨਮੋਲ

**ਸੁਰਜੀਤ ਜੱਸਲ**
9814607737

ਕਰਮਜੀਤ ਅਨਮੋਲ ਅੱਜ ਪੰਜਾਬੀ ਫਿਲਮਾਂ ਦਾਂ ਨੰਬਰ ਵੰਨ ਕਾਮੇਡੀਅਨ ਹੈ। ਇੱਕ ਦੌਰ ਸੀ ਜਦ ਮੇਹਰ ਮਿੱਤਲ ਬਿਨਾ ਫ਼ਿਲਮ ਬਣਾਉਣਾ ਘਾਟੇ ਦਾ ਸੌਦਾ ਹੁੰਦੀ ਸੀ। ਬਿਲਕੁੱਲ ਇਹੋਂ ਗੱਲ ਅੱਜ ਕਰਮਜੀਤ ਅਨਮੋਲ 'ਤੇ ਢੁੱਕਦੀ ਹੈ। ਅੱਜ ਜਿਆਦਾਤਰ ਪੰਜਾਬੀ ਫ਼ਿਲਮਾਂ ਵਿੱਚ ਕਰਮਜੀਤ ਦੀ ਅਦਾਕਾਰੀ ਵਿਸ਼ੇਸ ਅਹਿਮੀਅਤ ਰੱਖਦੀ ਹੈ। ਦਰਸ਼ਕ ਉਸਦੀ ਅਦਾਕਾਰੀ ਦਾ ਹਰੇਕ ਰੰਗ ਮਾਣ ਚੁੱਕੇ ਹਨ ਭਾਵੇਂ ਉਹ ਮੰਜੇ ਬਿਸਤਰੇ ਵਾਲਾ ਸਾਧੂ ਹਲਵਾਈ, ਅਰਦਾਸ ਵਾਲਾ ਲਾਲਾ ਸੰਭੂ ਨਾਥ ਜਾਂ ਫਿਰ ਫਿਰ ਮਿਸਟਰ ਮਿਸਜ ੪੨੦ ਔਰਤ ਪਾਤਰ ਵਾਲਾ ਹਰੇਕ ਕਿਰਦਾਰ ਨੂੰ ਉਸਨੇ ਰੂਹ ਨਾਲ ਖੇਡਿਆ ਹੈ ਤੇ ਦਰਸ਼ਕਾਂ ਉਸਨੂੰ ਦਿਲੋਂ ਪਿਆਰ ਦਿੱਤਾ ਹੈ। ਉਸਦਾ ਕਹਿਣਾ ਹੈ ਕਿ ਮੈਂ ਸਮਾਜ ਦੇ ਹਰੇਕ ਪਾਤਰ ਨੂੰ ਫ਼ਿਲਮੀ ਪਰਦੇ 'ਤੇ ਨਿਭਾਇਆ ਹੈ। ਇਹ ਪਾਤਰ ਉਸਦੇ ਆਲੇ ਦੁਆਲੇ ਹੀ ਹੁੰਦੇ ਹਨ। ਜਿਨਾਂ ਤੋਂ ਪ੍ਰਭਾਵਤ ਹੋ ਕੇ ਉਹ ਕਲਾ ਦੀ ਰੰਗਤ ਦਿੰਦਾ ਹੈ। ਸਾਧੂ ਹਲਵਾਈ ਤਾਂ ਐਨਾਂ ਹਰਮਨ ਪਿਆਰਾ ਹੋਇਆ ਕਿ ਹੁਣ ਮੰਜੇ ਬਿਸਤਰੇ 2 ਵਿੱਚ ਵੀ ਦਰਸ਼ਕ ਉਸਦੇ ਕਾਰਨਾਮੇ ਵੇਖ ਕੇ ਹੱਸ ਹੱਸ ਦੂਹਰੇ ਹੋਣਗੇ। ਗਿੱਪੀ ਗਰੇਵਾਲ ਵੀ ਸਾਧੂ ਬਾਬੇ ਦੇ ਕਿਰਦਾਰ ਵਾਲੀ ਕਾਮੇਡੀ ਤੋਂ ਬਹੁਤ ਪ੍ਰਭਾਵਤ ਰਿਹਾ ਹੈ ਕਰਮਜੀਤ ਅਨਮੋਲ ਗਾਇਕੀ ਅਤੇ ਫ਼ਿਲਮੀ ਪਰਦੇ ਦਾ ਇੱਕ ਸਰਗਰਮ ਕਲਾਕਾਰ ਹੈ। ਭਾਵੇਂਕਿ ਗਾਇਕੀ ਉਸਦਾ ਮੁੱਢਲਾ ਸੌਂਕ ਹੈ ਪਰ ਫ਼ਿਲਮੀ ਪਰਦੇ 'ਤੇ ਬਤੌਰ ਕਾਮੇਡੀਅਨ, ਅਦਾਕਾਰ ਉਸਦੀ ਪਛਾਣ ਵਧੇਰੇ ਬਣੀ ਹੈ। ਕੈਰੀ ਆਨ ਜੱਟਾ,ਜੱਟ ਐਂਡ ਜੂਲੀਅਟ, ਜੀਂਹਨੇ ਮੇਰਾ ਦਿਲ ਲੁੱਟਿਆ,ਡੈਲੀ ਕੂਲ ਮੁੰਡੇ ਫੂਲ, ਲੱਕੀ ਦੀ ਅਨਲੱਕੀ ਸਟੋਰੀ, ਡਿਸਕੋ ਸਿੰਘ, ਗੋਰਿਆਂ ਨੂੰ ਦਫਾ ਕਰੋ, ਅਰਦਾਸ, ਅੰਬਰਸਰੀਆ ,ਪ੍ਰਾਹੁਣਾ, ਅਫ਼ਸਰ, ਸੂਬੇਦਾਰ ਜੋਗਿਦਰ ਸਿੰਘ,ਦੋ ਦੂਣੀ ਪੰਜ, ਆਦਿ 70 ਦੇ ਕਰੀਬ ਪੰਜਾਬੀ -ਹਿੰਦੀ ਫ਼ਿਲਮਾਂ ਵਿੱਚ ਕੰਮ ਚੁੱਕਿਆ ਕਰਮਜੀਤ ਅਨਮੋਲ ਅੱਜ ਪੰਜਾਬੀ ਸਿਨਮੇ ਦਾ ਸਿਰਮੌਰ ਕਾਮੇਡੀਅਨ ਹੈ। ਵਿਸਾਖੀ ਮੌਕੇ ਰਿਲੀਜ ਹੋ ਰਹੀ ਪੰਜਾਬੀ ਫ਼ਿਲਮ 'ਮੰਜੇ ਬਿਸਤਰੇ 2' ਬਾਰੇ ਉਸਨੇ ਦੱਸਿਆ ਕਿ ਪਹਿਲੀ ਫ਼ਿਲਮ ਪੰਜਾਬ ਦੇ ਪਹਿਲੇ ਸਮਿਆਂ ਵਿੱਚ ਵਿਆਹ ਸਮਾਗਮਾਂ ਮੌਕੇ ਮੇਲ-ਗੇਲ ਦੇ ਪੈਣ-ਬੈਠਣ ਲਈ ਪਿੰਡ 'ਚੋਂ ਮੰਜੇ-ਬਿਸਤਰੇ ਇਕੱਠੇ ਕਰਨ ਦੇ ਨਾਂ 'ਤੇ ਸੀ। ਜਿਸ ਨੂੰ ਦਰਸ਼ਕਾਂ ਪਸੰਦ ਹੀ ਬਹੁਤ ਕੀਤਾ ਕਿ ਹੁਣ ਇਸ ਦਾ ਸੀਕੁਅਲ 'ਮੰਜੇ ਬਿਸਤਰੇ 2' ਲੈ ਕੇ ਆ ਰਹੇ ਹਾਂ 12 ਅਪ੍ਰੈਲ ਨੂੰ ਰਿਲੀਜ਼ ਹੋ ਰਹੀ ਇਸ ਫ਼ਿਲਮ ਦਾ ਟਰੇਲਰ ਅੱਜ ਦਰਸ਼ਕਾ ਦੀ ਪਸੰਦ ਬਣਿਆ ਹੋਇਆ ਹੈ। ਇਸ ਫ਼ਿਲਮ ਵਿੱਚ ਦਰਸ਼ਕ ਉਸਨੂੰ ਪਹਿਲੇ 'ਮੰਜੇ ਬਿਸਤਰੇ ' ਵਾਲੇ ਅੰਦਾਜ਼ ਵਿੱਚ ਹੀ ਵੇਖਣਗੇ। ਜਿਵੇ ਕਿ ਦਰਸ਼ਕ ਵੇਖ ਚੁੱਕੇ ਹਨ ਕਿ ਬਜੁਰਗ ਸਾਧੂ ਹਲਵਾਈ ਬਹੁਤ ਸਰਾਰਤੀ ਤੇ ਰੌਣਕੀ ਹੈ। ਇਸ 85 ਸਾਲ ਦੇ ਬਜੁਰਗ ਪਾਤਰ ਬਣਨ ਲਈ ਮੇਰੇ ਮੇਅਕੱਪ 'ਤੇ ਢਾਈ ਘੰਟੇ ਲੱਗਦੇ ਸੀ, ਫ਼ਿਲਮ 'ਚ ਮੇਰੇ ਚਿਹਰੇ 'ਤੇ ਝੁਰੜੀਆਂ ਵਿਖਾਈ ਦੇਣ ਲਈ ਇਹ ਮੇਅਕੱਪ 15 ਘੰਟੇ ਮੇਰੇ ਚਿਹਰੇ 'ਤੇ ਰਹਿੰਦਾ ਸੀ।

ਸੰਗਰੂਰ ਜਿਲੇ 'ਚ ਪੈਂਦੇ ਗੰਢੂਆਂ ਪਿੰਡ ਦਾ ਗੋਲਮੋਲ ਜਿਹਾ, ਮਧਰੇ ਕੱਦ ਦਾ ਕਰਮਜੀਤ ਅਨਮੋਲ ਨਿੱਕਾ ਹੁੰਦਾ ਕਲੀਆਂ ਦੇ ਬਾਦਸਾਹ ਕੁਲਦੀਪ ਮਾਣਕ ਦੀਆਂ ਲੋਕ ਗਥਾਵਾਂ ਸੁਣਦਾ



ਹੁੰਦਾ ਸੀ। ਪਿਤਾ ਸਾਧੂ ਸਿੰਘ ਤੇ ਮਾਤਾ ਮੂਰਤੀ ਕੌਰ ਦੇ ਘਰ ਜਨਮਿਆਂ ਕਰਮਜੀਤ ਸਕੂਲ-ਕਾਲਜ਼ ਦਿਨਾਂ 'ਚ ਉਹ ਵਧੀਆ ਗਾਉਣ ਲੱਗ ਪਿਆ। ਲੰਮੇ ਸੰਘਰਸ਼ ਤੋਂ ਬਾਅਦ ਭਗਵੰਤ ਮਾਨ ਅਤੇ ਜਰਨੈਲ ਘੁਮਾਣ ਦੇ ਸਹਿਯੋਗ ਨਾਲ ਬਤੌਰ ਗਾਇਕ ਆਪਣੀ ਪਲੇਠੀ ਕੈਸਟ 'ਆਸ਼ਿਕ ਭਾਜੀ' ਲੈ ਕੇ ਆਇਆ। ਗਾਇਕੀ ਦੇ ਸੰਘਰਸ਼ ਦੌਰਾਨ ਹੀ ਉਸਨੇ ਭਗਵੰਤ ਮਾਨ ਨਾਲ ਕਾਮੇਡੀ ਸੋਅ ਕਰਨੇ ਸੁਰੂ ਕੀਤੇ। ਐਮ ਐਂਚ ਵੰਨ 'ਤੇ ਚੱਲਦੇ ਲੜੀਵਾਰ 'ਜੁਗਨੂੰ ਹਾਜ਼ਿਰ ਹੈ' ਵਿੱਚ ਕਰਮਜੀਤ ਨੇ ਅਨੇਕਾਂ ਕਾਮੇਡੀ ਕਿਰਦਾਰ ਨਿਭਾਏ। ਭਗਵੰਤ ਮਾਨ ਨਾਲ ਦੇਸ ਵਿਦੇਸ਼ਾਂ ਵਿੱਚ ਅਨੇਕਾਂ ਸ਼ੋਅ ਕੀਤੇ, ਗਾਇਕੀ ਨਾਲ ਵੀ ਜੁੜਿਆ ਰਿਹਾ। ਉਸਨੇ ਸੱਭਿਆਚਾਰਕ ਤੇ ਮਿਆਰੀ ਗਾਇਕੀ ਨਾਲ ਆਪਣਾ ਵੱਖਰਾ ਮੁਕਾਮ ਹਾਸਿਲ ਕੀਤਾ। ਉਸਦੇ ਅਨੇਕਾਂ ਗੀਤ ਆਏ, ਐਲਬਮਾਂ ਆਈਆ ਜਿੰਨਾ ਨੇ ਉਸਦੀ ਸੋਹਰਤ ਨੂੰ ਚਾਰ ਚੰਨ ਲਾਏ। ਆਮ ਗੀਤਾਂ ਤੋਂ ਹਟ ਕੇ ਉਸ ਨੇ ਜਾਗਦੀਆਂ ਜਮੀਰਾਂ ਵਾਲੇ ਗੀਤ 'ਪਿੰਡ ਵਿਕਾਊ ਹੈ' ਅਤੇ 'ਕੁਰਸੀ' ਵੀ ਗਾਏ। ਚਰਚਿਤ ਗੀਤ 'ਰੋ ਰੋ ਨੈਣਾਂ ਨੇ' ਤੋਂ ਬਾਅਦ ਪੰਜਾਬੀ ਫ਼ਿਲਮ ' ਜੱਟ ਬੁਆਏਜ਼-ਪੁੱਤ ਜੱਟਾ ਦੇ' ਦੇ ਬੈਕ-ਗਰਾਉਂਡ ਗੀਤ 'ਯਾਰਾ ਓਏ...' ਨਾਲ ਕਰਮਜੀਤ ਇੱਕ ਵਾਰ ਫਿਰ ਚਰਚਾ ਵਿੱਚ ਆ ਗਿਆ ।

ਜਿੰਨਾਂ ਨਾਲ ਉਸਨੂੰ ਇੱਕ ਵੱਖਰੀ ਪਹਿਚਾਣ ਮਿਲੀ। ਇਸੇ ਪਹਿਚਾਣ ਕਰਕੇ ਉਸ ਨੂੰ ਫ਼ਿਲਮਾਂ ਵਿਚ ਕੰਮ ਕਰਨ ਦੇ ਮੌਕੇ ਮਿਲਣ ਲੱਗੇ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਕਰਮਜੀਤ ਫ਼ਿਲਮਾਂ ਤੇ ਗਾਇਕੀ ਖੇਤਰ ਦਾ ਇੱਕ ਸਰਗਰਮ ਕਲਾਕਾਰ ਹੈ। ਫ਼ਿਲਮਾਂ ਵੱਲ ਵਧਦਿਆਂ ਉਹ ਕਰਮਜੀਤ ਫ਼ਿਲਮਾਂ ਦੇ ਨਾਲ ਨਾਲ ਗਾਇਕੀ ਨੂੰ ਵੀ ਬਰਾਬਰ ਸਮਾਂ ਦੇ ਰਿਹਾ ਹੈ। ਫ਼ਿਲਮਾਂ ਤੋਂ ਵਿਹਲਾ ਹੋ ਉਹ ਗਾਇਕੀ ਖੇਤਰ ਵਿੱਚ ਬਿਜ਼ੀ ਹੋ ਜਾਂਦਾ ਹੈ । ਉਸਦਾ ਇੱਕ ਵੱਖਰਾ ਸਰੋਤਾ ਵਰਗ ਹੈ। ਦਰਜਨਾਂ ਕੈਸਟਾਂ ਅਤੇ ਅਨੇਕਾਂ ਸੁਪਰਹਿੱਟ ਗਾਣੇ ਦੇਣ ਵਾਲੇ ਕਰਮਜੀਤ ਅਨਮੋਲ ਨਾਲ ਨਿਸ਼ਾ ਬਾਨੋ ਬਤੌਰ ਸਹਿ ਗਾਇਕਾ ਪਿਛਲੇ ਕਈ ਸਾਲਾਂ ਤੋਂ ਉਸ ਨਾਲ ਸਟੇਜਾਂ ਕਰ ਰਹੀ ਹੈ। ਨਿਸ਼ਾ ਨੂੰ ਫ਼ਿਲਮਾਂ ਵੱਲ ਵੀ ਕਰਮਜੀਤ ਨੇ ਹੀ ਪ੍ਰੇਰਿਤ ਕੀਤਾ। ਫ਼ਿਲਮਾਂ ਅਤੇ ਗਾਇਕੀ ਖੇਤਰ ਵਿੱਚ ਅਨੇਕਾਂ ਵੱਡੇ ਮਾਣ ਸਨਮਾਣ ਉਸਦੀ ਸੱਚੀ ਸੁੱਚੀ ਕਲਾ ਦੇ ਗਵਾਹ ਹਨ।

ਪੰਜਾਬੀ ਫ਼ਿਲਮਾਂ ਵਿਚ ਉਸ ਵਲੋਂ ਨਿਭਾਏ ਬਹੁਤੇ ਕਿਰਦਾਰ ਉਸਦੀ ਜ਼ਿੰਦਗੀ ਦੇ ਨੇੜੇ-ਤੇੜੇ ਹੀ ਹੁੰਦੇ ਹਨ। ਉਸਦੀ ਇਹ ਸਿਫ਼ਤ ਹੈ ਕਿ ਕਰਮਜੀਤ ਆਪਣਾ ਕਿਰਦਾਰ ਖੁਦ ਹੀ ਤਿਆਰ ਕਰਦਾ ਹੈ। ਕਰਮਜੀਤ ਦਾ ਪਿਛੋਕੜ ਪਿੰਡਾਂ ਦੇ ਕਲਚਰ ਨਾਲ ਜੁੜਿਆ ਰਿਹਾ ਹੈ। ਬਹੁਤੇ ਪਾਤਰ ਉਸਦੀ ਜਿੰਦਗੀ ਦਾ ਹਿੱਸਾ ਰਹੇ ਹਨ। ਅਜਿਹੇ ਪਾਤਰਾਂ ਨੂੰ ਫ਼ਿਲਮੀ ਪਰਦੇ 'ਤੇ ਨਿਭਾਉਦਿਆਂ ਉਸ ਨੂੰ ਚੰਗਾ ਲੱਗਦਾ ਹੈ। 'ਅਰਦਾਸ' ਫ਼ਿਲਮ ਵਿਚਲਾ ਲਾਲੇ ਸੰਭੂ ਨਾਂਥ ਦਾ ਕਿਰਦਾਰ ਉਸਦੀ ਜਿੰਦਗੀ ਦੇ ਬਹੁਤ ਨੇੜੇ ਹੈ। ਕਰਮਜੀਤ ਅਦਕਾਰੀ ਦੇ ਇਲਾਵਾ ਫ਼ਿਲਮ 'ਲਾਵਾਂ ਫੇਰੇ' ਨਾਲ ਬਤੌਰ ਨਿਰਮਾਤਾ ਵੀ ਅੱਗੇ ਆਇਆ। ਉਸਦਾ ਕਹਿਣਾ ਹੈ ਕਿ ਪੁਰਾਣੇ ਕਲਚਰ ਬਾਰੇ ਲਗਾਤਾਰ ਫ਼ਿਲਮਾਂ ਬਣਨੀਆਂ ਚੰਗੀ ਗੱਲ ਹੈ ਕਿਉਂਕ ਇਹ ਸਾਡੀ ਅੱਜ ਦੀ ਪੀੜੀ ਨੂੰ ਬੀਤੇ ਕੱਲ ਨਾਲ ਜੋੜਦੀਆਂ ਹਨ। ਬਤੌਰ ਨਿਰਮਾਤਾ ਉਸਨੇ ਸਾਲ 2018 ਦੀ ਸੁਪਰਹਿੱਅ ਫ਼ਿਲਮ 'ਲਾਵਾਂ ਫੇਰੇ' ਪੰਜਾਬੀ ਦਰਸ਼ਕਾਂ ਨੂੰ ਦਿੱਤੀ ਜਦਕਿ ਅੱਜ ਕੱਲ ਆਪਣੀ ਨਵੀਂ ਫ਼ਿਲਮ 'ਮਿੰਦੋ ਤਸੀਲਦਾਰਨੀ' ਦੀ ਸੂਟਿਗ ਵਿਚ ਲੱਗਿਆ ਹੋਇਆ ਹੈ। ਜਲਦ ਹੀ ਉਹ ਪਹਿਲੀ ਫ਼ਿਲਮ ਦਾ ਸੀਕੁਅਲ 'ਲਾਵਾਂ-ਫੇਰੇ 2' ਵੀ ਕਰੇਗਾ।

---

(ਅਸਲ ਵਾਪਰੀ ਘਟਨਾ)

# ਜਦੋਂ ਪੁੱਤਰ ਜੰਮਣਾ ਵੀ ਗੁਨਾਹ ਹੋ ਗਿਆ !

**ਡਾ. ਹਰਸ਼ਿੰਦਰ ਕੌਰ, ਐਮਡੀ.**
ਫੋਨ ਨੰ: 0175-2216783

"ਮੇਰਾ ਨਾਂ ਅੰਗਰੇਜ਼ ਕੌਰ ਹੈ। ਮੇਰੇ ਮਾਪਿਆਂ ਨੇ ਬੜੇ ਚਾਅ ਨਾਲ ਮੇਰਾ ਨਾਂ ਰੱਖਿਆ ਸੀ। ਮੇਰੇ ਪਿਓ ਨੂੰ ਲੱਗਦਾ ਸੀ ਕਿ ਅੰਗਰੇਜ਼ ਬਹੁਤ ਅਗਾਂਹਵਧੂ ਹੁੰਦੇ ਨੇ ਤੇ ਗੋਰੇ ਚਿੱਟੇ ਵੀ।



ਮੈਨੂੰ ਉਹ ਅਸਮਾਨ ਦੀਆਂ ਉਚਾਈਆਂ ਛੂੰਹਦੀ ਨੂੰ ਵੇਖਣਾ ਚਾਹੁੰਦਾ ਸੀ।

"ਮੈਂ ਨਿਰੀ ਦੁੱਧ ਦੀ ਧੋਤੀ, ਗੋਰੀ-ਚਿੱਟੀ, ਹੱਥ ਲਾਇਆ ਵੀ ਮੈਲੀ ਹੁੰਦੀ ਸੀ। ਇਸੇ ਲਈ ਮੇਰੇ ਪਿਓ ਨੇ ਬਸ ਇੱਕੋ ਨਾਂ-ਅੰਗਰੇਜ਼ ਕੌਰ 'ਤੇ ਹੀ ਹਾਮੀ ਭਰੀ। "ਸਾਰਾ ਦਿਨ-ਮੇਰੀ ਧੀ ਅੰਗਰੇਜੋ ਮੇਰਾ ਨਾਂ ਚਮਕਾਏਗੀ, ਮੇਰਾ ਨਾਂ ਚਮਕਾਏਗੀ ਕਰਦਾ ਮੇਰਾ ਪਿਓ ਮੈਨੂੰ ਮੋਢੇ ਉੱਤੇ ਚੁੱਕ ਕੇ ਘੁੰਮਾਉਂਦਾ ਹੁੰਦਾ ਸੀ। ਕੀ ਮਜਾਲ ਸੀ ਕੋਈ ਐਰਾ ਗ਼ੈਰਾ ਮੈਨੂੰ ਹੱਥ ਵੀ ਲਾ ਜਾਂਦਾ। ਮੇਰਾ ਪਿਓ ਤਾਂ ਮਾਂ ਨੂੰ ਮੇਰੇ ਵਾਸਤੇ ਦੋ-ਦੋ ਵਾਰ ਨੁਹਾਉਣ ਨੂੰ ਕਹਿ ਕੇ ਘਰੋਂ ਨਿਕਲਦਾ ਕਿ ਕਿਤੇ ਅੰਗਰੇਜੋ ਮੈਲੀ ਨਾ ਹੋ ਜਾਏ।

"ਕਿੰਨਾ ਚਾਅ ਸੀ ਮੇਰੇ ਪਿਓ ਨੂੰ ਮੇਰੇ ਗੋਰੇ ਰੰਗ 'ਤੇ! ਮੈਂ ਵੀ ਫੁੱਲੀ ਨਾ ਸਮਾਉਂਦੀ। ਸਾਰਾ ਦਿਨ ਪਿਓ ਦੇ ਮੋਢੇ ਚੜ੍ਹ ਆਪਣੀਆਂ ਮੰਗਾਂ ਮਨਵਾਉਂਦੀ। ਮੇਰਾ ਪਿਓ ਤਾਂ ਨਿਰਾ ਦੇਵਤਾ ਸੀ। ਹਰ ਕਿਸੇ ਨੂੰ ਕਹਿੰਦਾ ਰਹਿੰਦਾ-ਮੇਰੇ ਘਰ ਤਾਂ ਦੇਵੀ ਪੈਦਾ ਹੋਈ ਐ। ਸਾਕਸ਼ਾਤ ਦੇਵੀ। ਗੋਰੀ ਚਿੱਟੀ ਦੁੱਧ ਧੋਤੀ!

"ਮੇਰੇ ਵਿਆਹ ਦੇ ਚਾਅ ਤਾਂ ਉਸ ਏਨੇ ਪੂਰੇ ਕੀਤੇ ਕਿ ਕੀ ਦੱਸਾਂ। ਵਿੱਤੋਂ ਬਾਹਰ ਹੋ ਉਸਨੇ ਮੇਰੇ ਸਹੁਰਿਆਂ ਨੂੰ ਰਜਾ ਦਿੱਤਾ। ਉਸ ਦਾ ਇਹੋ ਸੁਫ਼ਨਾ ਸੀ ਕਿ ਉਸਦੀ ਧੀ ਅੰਗਰੇਜ਼ ਕੌਰ ਨੂੰ ਦੁਨੀਆ ਦੀ ਹਰ ਖ਼ੁਸ਼ੀ ਮਿਲੇ।

"ਨਿਆਲ ਪਿੰਡ ਵਿਚ ਮੈਂ ਵਿਆਹ ਕੇ ਗਈ। ਮੇਰੇ ਦੋ ਪੁੱਤਰ ਹੋਏ। ਮੇਰੇ ਮਾਪੇ ਫੁੱਲੇ ਨਾ ਸਮਾਏ। ਸਾਰੇ ਪਿੰਡ 'ਚ ਮੇਰੀ ਟੌਹਰ ਸੀ। ਸਾਰੇ ਹੈਰਾਨ ਸਨ ਕਿ ਰੱਬ ਨੇ ਏਨੀ ਮਿਹਰ ਕਿਵੇਂ ਕੀਤੀ ਐ। ਇਕ ਤਾਂ ਮੈਂ ਰੱਜ ਕੇ ਸੁਹਣੀ। ਉੱਤੋਂ ਜੋੜੀਆਂ ਪੁੱਤਰਾਂ ਦੀਆਂ। ਬਸ ਪੁੱਛੋ ਨਾ ਕੀ ਚਾਅ ਲਾਹੇ ਮੈਂ ਤੇ ਮੇਰੇ ਸਹੁਰਿਆਂ ਨੇ।

"ਮੇਰੇ ਪਿਓ ਦਾ ਤਾਂ ਅੰਗਰੇਜੋ ਅੰਗਰੇਜੋ ਕਰਦੇ ਦਾ ਗਲਾ ਸੁੱਕਦਾ ਸੀ। ਮੈਨੂੰ ਡਾਕਟਰ ਨੇ ਕਿਹਾ ਸੀ ਪੂਰੇ ਡੇਢ ਸਾਲ ਤਾਈਂ ਬੱਚਿਆਂ ਨੂੰ ਛਾਤੀ ਦਾ ਦੁੱਧ ਪਿਆਈ। ਮੈਂ ਤਾਂ ਪੂਰੇ ਦੋ ਸਾਲ ਪਿਆਇਆ ਤਾਂ ਜੋ ਮੇਰੇ ਬੱਚੇ ਪੂਰੇ ਪਿੰਡ 'ਚੋਂ ਤਗੜੇ ਹੋਣ। ਨਾਲੇ ਦੁੱਧ ਦਾ ਕਰਜ਼ਾ ਵੀ ਦੂਣਾ ਚੜ੍ਹਦਾ। ਆਖ਼ਰ ਮੇਰੇ ਪੁੱਤਰ ਮੇਰੇ ਬੁਢੇਪੇ ਦੀ ਡੰਗੋਰੀ ਸਨ। ਮੇਰੇ ਪਿਓ ਤੇ ਭਰਾ ਗੁਜ਼ਰੇ ਤਾਂ ਮੈਨੂੰ ਸਿਰਫ਼ ਆਪਣੇ ਪੁੱਤਰਾਂ ਉੱਤੇ ਆਸ ਰਹਿ ਗਈ। ਅਖ਼ੀਰ ਮੇਰਾ ਪਤੀ ਵੀ ਤੁਰ ਗਿਆ। ਫੇਰ ਤਾਂ ਮੈਂ ਦਿਨ-ਰਾਤ ਆਪਣੇ ਬੱਚਿਆਂ ਦੀ ਸੇਵਾ ਵਿਚ ਜੁਟ ਗਈ। ਮੇਰੇ ਸਾਈਂ ਦੀ ਆਖ਼ਰੀ ਨਿਸ਼ਾਨੀ।

"ਮੇਰੇ ਵੱਡੇ ਪੁੱਤਰ ਕੁਲਦੀਪ ਸਿੰਘ ਉਰਫ਼ ਕਾਲਾ ਨੇ ਸੰਨ 2007 ਵਿਚ ਸ਼ਹਿਰ ਦੀ ਇਕ

ਟਰਾਂਸਪੋਰਟ ਕੰਪਨੀ, ਗਰਗ ਬੱਸ ਸਰਵਿਸ ਵਾਲਿਆਂ ਦੀ ਬੱਚੀ ਨੂੰ ਅਗਵਾ ਕਰਕੇ ਫਿਰੌਤੀ ਮੰਗ ਲਈ। ਉਦੋਂ ਹੀ ਮੈਨੂੰ ਪਤਾ ਲੱਗਿਆ ਕਿ ਉਹ ਨਸ਼ੇ ਦੀ ਲਤ ਪਾਲ ਚੁੱਕਿਆ ਸੀ ਤੇ ਪੈਸੇ ਇਕੱਠੇ ਕਰਨ ਲਈ ਉਸ ਨੇ ਇਹ ਸਭ ਕੀਤਾ ਸੀ। ਮੇਰੇ ਲਈ ਇਹ ਧੱਕਾ ਕਿੰਨਾ ਅਸਿਹ ਹੋਵੇਗਾ, ਇਸ ਦਾ ਅੰਦਾਜ਼ਾ ਸੌਖਿਆਂ ਲਾਇਆ ਜਾ ਸਕਦਾ ਹੈ। ਪਰ ਮੈਂ ਠਾਣ ਲਿਆ ਕਿ ਮੈਂ ਆਪਣਾ ਪੁੱਤਰ ਹਰ ਹਾਲ ਵਿਚ ਠੀਕ ਰਸਤੇ ਉੱਤੇ ਲਿਆਉਣਾ ਹੈ। ਇਸੇ ਲਈ ਮੈਂ ਪੁਲਿਸ ਵਾਲਿਆਂ ਨੂੰ ਉੱਕਾ ਹੀ ਨਹੀਂ ਰੋਕਿਆ ਜਦੋਂ ਉਹ ਮੇਰੇ ਮੁੰਡੇ ਨੂੰ ਫੜਨ ਲਈ ਆਏ। ਫੇਰ ਕੇਸ ਚੱਲਿਆ ਤੇ ਉਹ ਕੇਂਦਰੀ ਜੇਲ੍ਹ ਪਟਿਆਲਾ ਵਿਚ ਉਮਰ ਕੈਦ ਲਈ ਅੰਦਰ ਭੇਜ ਦਿੱਤਾ ਗਿਆ।

"14 ਜੁਲਾਈ 2016 ਨੂੰ ਡੇਢ ਮਹੀਨੇ ਦੀ ਛੁੱਟੀ ਲੈ ਕੇ ਉਹ ਮੈਨੂੰ ਮਿਲਣ ਲਈ ਘਰ ਆਇਆ। ਮੈਨੂੰ ਪੂਰੀ ਉਮੀਦ ਸੀ ਕਿ ਪਛਤਾਵੇ ਦੇ ਹੰਝੂ ਉਸ ਨੂੰ ਬਦਲ ਚੁੱਕੇ ਹੋਣਗੇ। ਪਰ, ਇਹ ਕੀ ਹੋਇਆ? ਘਰ ਪਹੁੰਚਦੇ ਸਾਰ ਕੁਲਦੀਪ ਨੇ ਆਪਣੇ ਛੋਟੇ ਵੀਰ ਹਰਦੀਪ ਸਿੰਘ ਨੂੰ ਕੁੱਟਮਾਰ ਕਰਕੇ ਘਰੋਂ ਕੱਢ ਦਿੱਤਾ। ਮਾਂ ਵਾਰੀ, ਮੈਂ ਤਾਂ ਤਰਲੇ ਕਰਦੀ ਰਹਿ ਗਈ ਪਰ ਉਸ ਕੁੱਝ ਨਾ ਸੁਣਿਆ। ਪੂਰਾ ਦਿਨ ਤੇ ਰਾਤ ਉਹ ਸ਼ਰਾਬ ਪੀਂਦਾ ਰਿਹਾ।

"ਮੈਂ ਬੜੇ ਚਾਅ ਨਾਲ ਉਸ ਲਈ ਖੀਰ ਬਣਾਈ ਸੀ। ਉਹ ਚਾਅ ਵੀ ਅੱਧਾ ਰਹਿ ਗਿਆ। ਦੂਜੇ ਦਿਨ ਦੀ ਸ਼ਾਮ ਹੋ ਚੱਲੀ ਪਰ ਉਸ ਦੀਆਂ ਸ਼ਰਾਬਾਂ ਦੀਆਂ ਬੋਤਲਾਂ ਨਹੀਂ ਮੁੱਕੀਆਂ। ਮੈਂ ਤਾਂ ਬੂਹਾ ਢੋਅ ਕੇ ਬਿਨਾਂ ਕੁੱਝ ਖਾਧੇ ਪੀਤੇ ਸੌਣ ਚਲੀ ਗਈ। ਮੈਂ ਹਾਲੇ ਲੇਟੀ ਹੀ ਸੀ ਕਿ ਮੇਰਾ ਪੁੱਤਰ ਮੇਰੇ ਕਮਰੇ ਅੰਦਰ ਆ ਗਿਆ ਤੇ ਉਸ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ।

"ਮੈਂ ਬਹੁਤ ਖ਼ੁਸ਼ ਹੋਈ ਕਿ ਚਲੋ ਆਖ਼ੀਰ ਪੁੱਤਰ ਨੂੰ ਮਾਂ ਦੀ ਯਾਦ ਤਾਂ ਗਈ। ਉਹ ਮੇਰੇ ਨੇੜੇ ਆ ਕੇ ਮੈਨੂੰ ਚਿੰਬੜ ਗਿਆ।



ਮੇਰੇ ਜਿਗਰ ਦਾ ਟੁੱਕੜਾ! ਮੈਨੂੰ ਤਾਂ ਮੇਰਾ ਉਹੀ ਨਿੱਕਾ ਕੁਲਦੀਪ ਮੇਰੀ ਗੋਦੀ 'ਚ ਆਉਂਦਾ ਲੱਗਿਆ। ਮੈਂ ਘੁੱਟ ਕੇ ਹਿੱਕ ਨਾਲ ਲਾ ਲਿਆ।

"ਆਹ ਕੀ ਹੋ ਰਿਹੈ। ਮੇਰੇ ਪੁੱਤਰ ਨੇ ਮੇਰੀ ਕਮੀਜ਼ ਪਾੜ ਦਿੱਤੀ। ਓਹੋ ਆਹ ਕੀ ਕਰਨ ਡਿਹੈਂ? ਓਏ ਪੁੱਤਰਾ ਸ਼ਰਮ ਕਰ! ਓਏ ਏਥੋਂ ਹੀ ਜੰਮਿਐਂ ਤੂੰ। ਓਏ ਕੰਜਰਾ, ਇਸ ਕੁੱਖ ਨੂੰ ਕਲੰਕਤ ਨਾ ਕਰ। ਬਸ ਕਰ ਓਏ। ਇਹ ਕੁਕਰਮ ਕਿਵੇਂ ਬਖਸ਼ਵਾਏਂਗਾ? ਹਾਏ ਓ ਮੇਰਿਆ ਰੱਬਾ! ਇਹ ਦਿਨ ਵੀ ਵਿਖਾਉਣਾ ਸੀ। ਹੁਣ ਪੁੱਤਰ ਹੱਥੋਂ ਵੀ ਪੱਤ ਲੁਟਾਉਣੀ ਸੀ। ਇਹ ਲਾਸ਼ ਹੁਣ ਕਿਵੇਂ ਢੋਹਾਂਗੀ? ਓ ਮੇਰੇ ਬਾਪੂ, ਵੇਖ ਤਾਂ ਸਹੀ, ਬਹੁੜ ਤਾਂ ਸਹੀ, ਤੇਰੀ ਅੰਗਰੇਜੋ ਮੈਲੀ ਹੋ ਚੱਲੀ। ਹੁਣ ਨ੍ਹਾਤਿਆਂ-ਧੋਤਿਆਂ ਵੀ ਇਹ ਮੈਲ ਨਹੀਂ ਸਾਫ ਹੋਣੀ। ਮੇਰੇ ਸਿਰ ਦੇ ਸਾਈਆਂ, ਤੇਰੀ ਅੰਗਰੇਜੋ ਦੀ ਹਰ ਖ਼ੁਸ਼ੀ ਖੋਹ ਲਈ ਗਈ ਐ। ਕੀ ਮੈਂ ਅਸਮਾਨ ਦੀਆਂ ਇਹੋ ਜਿਹੀਆਂ ਉਚਾਈਆਂ ਛੂਹਣੀਆਂ ਸਨ?

"ਮੈਂ ਆਪਣੀ ਜ਼ਿੰਦਗੀ ਦੀ ਸਭ ਤੋਂ ਨਹਿਸ਼ ਰਾਤ ਉਸ ਦਿਨ ਕੱਢੀ। ਮੈਂ ਸੁਵਖ਼ਤੇ ਇਕ ਪੱਕਾ ਫ਼ੈਸਲਾ ਲਿਆ ਤੇ ਕਮਰੇ ਨੂੰ ਜੰਦਰਾ ਲਾ ਸਿੱਧਾ ਥਾਣੇ ਗਈ। ਪਾਤੜਾਂ ਦੇ ਥਾਣੇ ਮੁਖੀ ਨਰਾਇਣ ਸਿੰਘ ਨੂੰ

ਸ਼ਿਕਾਇਤ ਦਰਜ ਕਰਵਾਈ। ਪੁਲਿਸ ਨੋਡਲ ਅਫਸਰ ਰਾਜਵਿੰਦਰ ਕੌਰ ਨੇ ਮਾਮਲਾ ਦਰਜ ਕਰ ਕੇ ਮੇਰਾ ਮੈਡੀਕਲ ਕਰਵਾਇਆ ਤੇ ਪਿੰਡ ਵਾਲਿਆਂ ਨੂੰ ਵੀ ਸਭ ਦੱਸਿਆ।

"ਫਿਟ ਲਾਅਨਤ ਇਹੋ ਜਿਹੇ ਪੁੱਤਰਾਂ 'ਤੇ। ਮੇਰਾ ਕੀ ਕਸੂਰ ਸੀ? ਪੂਰੀ ਉਮਰ ਇਨ੍ਹਾਂ ਦੀ ਪਰਵਰਿਸ਼ ਉੱਤੇ ਲਾ ਦਿੱਤੀ। ਇਹ ਬੁਢੇਪੇ ਦੀ ਡੰਗੋਰੀ ਹੈ ਕਿ ਸਪੋਲੀਆ? ਕਿੱਥੇ ਮਰ ਗਏ ਕਹਿਣ ਵਾਲੇ ਕਿ ਔਰਤ ਹੀ ਔਰਤ ਦੀ ਦੁਸ਼ਮਨ ਹੈ? ਕਿਉਂ ਪੁੱਤਰਾਂ ਨੂੰ ਜੰਮੀਏ? ਜਿਸ ਕੁੱਖੋਂ ਜੰਮੀਏ, ਉਸੇ ਨੂੰ ਪੜ੍ਹਵਾਉਣ ਲਈ? ਕੀ ਚੰਨ ਚਾੜ੍ਹਿਐ, ਇਸ ਬੇਗ਼ੈਰਤ ਨੇ?

"ਵੇ ਡੁੱਬ ਜਾਣਿਓ, ਕੋਈ ਕੁਸਕਦਾ ਕਿਉਂ ਨਹੀਂ? ਪੁੱਤਰਾਂ ਦੇ ਜੰਮਣ 'ਤੇ ਲੱਡੂ ਵੰਡਣ ਵਾਲਿਓ, ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਮਾਂ ਬਣਨ ਦੇ ਜੁਰਮ ਦੀ ਮਿਲੀ ਸਜ਼ਾ ਬਾਰੇ ਕੁੱਝ ਤਾਂ ਬੋਲੋ! ਜੇ ਮੇਰੇ ਸਵਾਲਾਂ ਦਾ ਜਵਾਬ ਨਾ ਮਿਲਿਆ ਤਾਂ ਮੈਂ ਹਰ ਮਾਂ ਨੂੰ ਇਹੀ ਸਲਾਹ ਦੇਵਾਂਗੀ ਕਿ ਜੰਮਦੇ ਸਪੋਲੀਏ ਦੀ ਹੀ ਸੰਘੀ ਨੱਪ ਦੇਣ ਤਾਂ ਜੋ ਅੱਗੇ ਤੋਂ ਕਿਸੇ ਮਾਂ ਨੂੰ ਅਜਿਹੀ ਸ਼ਰਮਨਾਕ ਘਟਨਾ ਵਿੱਚੋਂ ਨਾ ਲੰਘਣਾ ਪਵੇ।

"ਲੱਖ ਲਾਅਨਤ ਹੈ ਇਸ ਮੁਲਕ ਨੂੰ ਮਾਂ ਦਾ ਨਾਂ ਦੇਣ ਵਾਲਿਆਂ ਨੂੰ! ਹੱਥ ਲਾਇਆਂ ਨੂੰ ਵੀ ਮੈਲੀ ਹੁੰਦੀ ਅੰਗਰੇਜ਼ ਕੌਰ ਦੀ ਇਹ ਮੈਲ ਹੋਰ ਸੈਂਕੜੇ ਵਰ੍ਹੇ ਨਹਾਉਣ ਧੋਣ ਨਾਲ ਵੀ ਨਹੀਂ ਲੱਥਣ ਲੱਗੀ। ਔਂਤਰਿਓ, ਕੋਈ ਤਾਂ ਬੋਲੋ ਹੁਣ!

"ਧੀ ਜੰਮਣਾ ਤਾਂ ਅਪਸ਼ਗਨ ਹਮੇਸ਼ਾ ਤੋਂ ਸੀ, ਕੀ ਹੁਣ ਪੁੱਤਰ ਜੰਮਣਾ ਵੀ ਗੁਣਾਹ ਹੋ ਗਿਆ ਹੈ?"

## ਹੋਲੇ-ਮਹੱਲੇ ਮੌਕੇ ਵਿਰਸਾ ਸੰਭਾਲ ਗੱਤਕਾ ਕੱਪ

ਤੱਤ ਖਾਲਸਾ ਗੱਤਕਾ ਗਰੁੱਪ ਕੋਟਲਾ ਨਿਹੰਗ ਖਾਂ, ਰੂਪਨਗਰ ਅਤੇ ਬਾਬਾ ਜੀਵਨ ਸਿੰਘ ਗੱਤਕਾ ਅਖਾੜਾ ਮੋਰਿੰਡਾ ਦੇ ਗੱਤਕੇਬਾਜ਼ਾਂ ਨੇ ਯੁੱਧ ਕਲਾ ਦੇ ਜੌਹਰ ਦਿਖਾਏ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਸ਼ੇਰ ਸਿੰਘ ਚੱਕ ਮਾਹੌਰਾਣਾ, ਅਮਰਜੀਤ ਸਿੰਘ ਵਾਲੀਆ ਅਨੰਦਪੁਰ ਸਾਹਿਬ, ਰਣਜੀਤ ਸਿੰਘ ਢਿੱਲੋਂ ਰੂਪਨਗਰ, ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਸੁਖਚੈਨ ਸਿੰਘ ਕਲਸਾਣੀ, ਗੱਤਕਾ ਐਸੋਸੀਏਸਨ ਪੰਜਾਬ ਦੇ ਜਨਰਲ ਸਕੱਤਰ ਉਦੇ ਸਿੰਘ ਸਰਹਿੰਦ, ਇਸਮਾ ਦੇ ਮੀਤ ਪ੍ਰਧਾਨ ਜਸਵੰਤ ਸਿੰਘ ਛਾਪਾ, ਕੋਆਰਡੀਨੇਟਰ ਯੋਗਰਾਜ ਸਿੰਘ, ਵਿੱਤ ਸਕੱਤਰ ਬਲਜੀਤ ਸਿੰਘ ਸੈਣੀ, ਪ੍ਰੈਸ ਸਕੱਤਰ ਹਰਜਿੰਦਰ ਕੁਮਾਰ, ਜ਼ਿਲ੍ਹਾ ਰੂਪਨਗਰ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਸਿੰਘ ਸੈਣੀ, ਗੁਰਵਿੰਦਰ ਸਿੰਘ ਕਾਕੂ, ਸਵਰਨ ਸਿੰਘ ਸਰਪੰਚ ਬਹਾਦਰਪੁਰ, ਦਰਸ਼ਨ ਸਿੰਘ ਲੋਧੀਮਾਜਰਾ, ਪਰਮਿੰਦਰ ਕੌਰ ਖਾਨਕਾ, ਭੁਪਿੰਦਰ ਸਿੰਘ ਮੁੰਡੀ ਖਰੜ, ਗੁਰਦੀਪ ਸਿੰਘ ਭਿਓਰਾ, ਪਰਮਿੰਦਰ ਸਿੰਘ ਮੁੰਡੀ ਖਰੜ ਆਦਿ ਵੀ ਹਾਜ਼ਰ ਸਨ।

## ਗੱਤਕਾ ਪੇਟੈਂਟ ਕਰਾਉਣ ਲਈ ਦਸਤਾਵੇਜ਼ਾਂ ਨਾਲ ਛੇੜਛਾੜ : ਗਰੇਵਾਲ

ਉਨ੍ਹਾਂ ਦੱਸਿਆ ਕਿ ਇਸ ਵਿਅਕਤੀ ਵੱਲੋਂ ਭਾਰਤੀ ਕੰਪਨੀ ਕਾਨੂੰਨ ਤਹਿਤ ਤਿੰਨ ਕੰਪਨੀਆਂ ਵੀ ਰਜ਼ਿਸਟਰਡ ਕਰਵਾਈਆਂ ਗਈਆਂ ਹਨ ਜਿਨ੍ਹਾਂ ਵਿੱਚ 'ਵਰਲਡ ਲੀਗ ਇੰਡੀਆ ਗੱਤਕਾ ਫੈਡਰੇਸ਼ਨ', 'ਕਿੱਕ ਸ਼ੂਜ਼ ਪ੍ਰਾਈਵੇਟ ਲਿਮਟਿਡ' ਅਤੇ 'ਸਾਡਾ ਹੱਕ ਮੀਡੀਆ ਪ੍ਰਾਈਵੇਟ ਲਿਮਟਿਡ' ਸ਼ਾਮਲ ਹਨ। ਦਿੱਲੀ ਸਥਿਤ ਇਹ 'ਵਰਲਡ ਲੀਗ ਇੰਡੀਆ ਗੱਤਕਾ ਫੈਡਰੇਸ਼ਨ' ਨਾਮੀ ਕੰਪਨੀ ਸਾਢੇ ਪੰਜ ਮਹੀਨੇ ਪਹਿਲਾਂ ਹੀ ਅਕਤੂਬਰ 2018 ਨੂੰ ਰਜ਼ਿਸਟਰਡ ਹੋਈ ਹੈ ਜਿਸ ਦਾ ਪੂੰਜੀ ਨਿਵੇਸ਼ ਅਤੇ ਖਰਚਾ ਜ਼ੀਰੋ ਪੈਸਾ ਹੈ ਅਤੇ ਕੰਪਨੀ ਵੱਲੋਂ ਖੇਡ ਅਤੇ ਹੋਰ ਮਨਪਰਚਾਵੇ ਦੀਆਂ ਗਤੀਵਿਧੀਆਂ ਕਰਨਾ ਆਪਣਾ ਉਦੇਸ਼ ਲਿਖਿਆ ਗਿਆ ਹੈ। ਦੋ ਡਾਇਰੈਕਟਰਾਂ ਦੀ ਭਾਈਵਾਲੀ ਵਾਲੀ ਇਸ ਕੰਪਨੀ ਵੱਲੋਂ ਹੀ ਦਿੱਲੀ ਵਿੱਚ 20 ਕਰੋੜ ਰੁਪਏ ਖਰਚਕੇ ਵਰਲਡ ਗੱਤਕਾ ਲੀਗ ਕਰਵਾਈ ਜਾਣੀ ਸੀ ਪਰ ਹੈਰਾਨੀ ਦੀ ਗੱਲ ਹੈ ਕਿ ਜ਼ੀਰੋ ਪੂੰਜੀ ਨਿਵੇਸ਼ ਵਾਲੀ ਇਹ ਕੰਪਨੀ ਪੰਜ ਮਹੀਨਿਆਂ ਦੇ ਅੰਦਰ ਹੀ 20 ਕਰੋੜ ਰੁਪਏ ਦਾ ਖਰਚਾ ਕਿੱਥੋਂ ਅਤੇ ਕਿਸ ਤਰੀਕੇ ਨਾਲ ਕਰ ਰਹੀ ਸੀ, ਇਹ ਵੱਖਰੀ ਪੜਤਾਲ ਦਾ ਵਿਸ਼ਾ ਹੈ। ਇਸ ਸਬੰਧੀ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਅਤੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਵੱਲੋਂ ਆਮਦਨ ਕਰ ਵਿਭਾਗ ਅਤੇ ਹੋਰ ਸਬੰਧਤ ਭਾਰਤੀ ਅਥਾਰਿਟੀਆਂ ਨੂੰ ਮੁਕੰਮਲ ਪੜਤਾਲ ਕਰਨ ਲਈ ਲਿਖਿਆ ਜਾ ਰਿਹਾ ਹੈ। ਇਸ ਕੰਪਨੀ ਵੱਲੋਂ ਹਾਲੇ ਤੱਕ ਨਾ ਤਾਂ ਕੋਈ ਸਲਾਨਾ ਜਨਰਲ ਇਜਲਾਸ ਸੱਦਿਆ ਗਿਆ ਹੈ ਅਤੇ ਨਾ ਹੀ ਆਮਦਨ ਕਰ ਸਬੰਧੀ ਕੋਈ ਰਿਟਰਨ ਫਾਈਲ ਕੀਤੇ ਦਾ ਪਤਾ ਲੱਗਾ ਹੈ।

ਚਮੜੇ ਦੇ ਜੁੱਤੇ, ਬੈਗ ਅਤੇ ਹੋਰ ਸਮਾਨ ਬਣਾਉਣ ਦੇ ਸਿਰਲੇਖ ਹੇਠ ਦਸੰਬਰ 2018 ਨੂੰ ਦੋ ਡਾਇਰੈਕਟਰਾਂ ਦੀ ਮਾਲਕੀ ਹੇਠ ਰਜ਼ਿਸਟਰਡ ਹੋਈ 'ਕਿੱਕ ਸ਼ੂਜ਼ ਪ੍ਰਾਈਵੇਟ ਲਿਮਟਿਡ' ਨਾਂਅ ਵਾਲੀ ਕੰਪਨੀ ਵੱਲੋਂ 6 ਲੱਖ ਰੁਪਏ ਦੀ ਪੂੰਜੀ ਹੋਣਾ ਦਰਸਾਇਆ ਗਿਆ ਹੈ। ਸੱਤ ਲੱਖ ਦੀ ਪੂੰਜੀ ਵਾਲੀ 'ਸਾਡਾ ਹੱਕ ਮੀਡੀਆ ਪ੍ਰਾਈਵੇਟ ਲਿਮਟਿਡ' ਨਾਮੀ ਕੰਪਨੀ ਤਿੰਨ ਸਾਲ ਪੁਰਾਣੀ ਰਜ਼ਿਸਟਰਡ ਹੈ ਜਿਸ ਵੱਲੋਂ ਪ੍ਰਕਾਸ਼ਨ, ਪ੍ਰਿੰਟਿਗ ਅਤੇ ਮੀਡੀਆ ਨਾਲ ਸਬੰਧਤ ਕਾਰਜ ਕਰਨੇ ਦਰਸਾਏ ਹੋਏ ਹਨ ਪਰ ਇਸ ਕੰਪਨੀ ਦੇ ਇੱਕ ਡਾਇਰੈਕਟਰ ਰਣਜੀਤ ਸਿੰਘ ਵੱਲੋਂ ਵਿਅਕਤੀਗਤ ਪਛਾਣ (ਕੇ.ਵਾਈ.ਸੀ) ਸਬੰਧੀ ਫਾਰਮ ਦਾਖਲ ਨਾ ਕਰਨ ਕਰਕੇ ਉਸਦਾ ਡਾਇਰੈਕਟਰ ਪਛਾਣ ਨੰਬਰ (ਡੀ.ਆਈ.ਐਨ.) ਨੂੰ ਕੰਪਨੀ ਰਜਿਸਟਰਾਰ ਵੱਲੋਂ ਡੀਐਕਟੀਵੇਟ ਕੀਤੇ ਹੋਣ ਦਾ ਪਤਾ ਲੱਗਾ ਹੈ।

ਗਰੇਵਾਲ ਨੇ ਕਿਹਾ ਕਿ ਉਕਤ ਸਖਸ਼ ਸਬੰਧੀ ਹੋਰ ਵੀ ਖੁਫ਼ੀਆ ਪੜਤਾਲ ਚੱਲ ਰਹੀ ਹੈ ਅਤੇ ਅਗਲੇ ਦਿਨਾਂ ਵਿੱਚ ਹੋਰ ਪੁਖਤਾ ਸਬੂਤ ਸਾਹਮਣੇ ਆਉਣ 'ਤੇ ਸੰਗਤਾਂ ਦੇ ਰੂਬਰੂ ਰੱਖਿਆ ਜਾਵੇਗਾ। ਇਸ ਮੌਕੇ ਹੋਰਨਾ ਤੋਂ ਇਲਾਵਾ ਬਲਜਿੰਦਰ ਸਿੰਘ ਸਨਟਾਵਰ ਬਲੌਂਗੀ, ਭੁਪਿੰਦਰ ਸਿੰਘ ਬਲੌਂਗੀ, ਮਨਸਾਹਿਬ ਸਿੰਘ ਫਤਹਿਗੜ੍ਹ ਸਾਹਿਬ, ਜਸਕਰਨ ਸਿੰਘ ਪੰਧੇਰ ਤੇ ਹਰਸ਼ਵੀਰ ਸਿੰਘ ਗਰੇਵਾਲ ਵੀ ਹਾਜ਼ਰ ਸਨ।

## ਨਸਲਵਾਦੀ ਹਿੰਸਾ ਕਾਰਨ ਪੂਰਾ ਵਿਸ਼ਵ ਦਹਿਸ਼ਤ ਦਾ ਸ਼ਿਕਾਰ

ਇਸ ਬਾਰੇ ਪੁਸਤਕਾਂ ਤੇ ਵੈਬਸਾਈਟਾਂ ਆ ਰਹੀਆਂ ਹਨ। ਉਹਨਾਂ ਵਿਚ ਕਰੂਸੇਡ ਦਾ ਇਤਿਹਾਸ ਪੜ੍ਹਨ ਦੀ ਭਾਵਨਾ ਵਧੀ ਹੈ। ਯਾਦ ਰਹੇ ਕਿ ਇਸਲਾਮ ਵਾਲੇ ਇਸਾਈਅਤ ਦੇ ਖਿਲਾਫ਼ ਧਰਮ ਯੁੱਧ ਨੂੰ ਜਿਹਾਦ ਆਖਦੇ ਸਨ ਤੇ ਇਸਾਈਅਤ ਇਸਲਾਮ ਵਿਰੁੱਧ ਧਰਮ ਯੁੱਧ ਨੂੰ ਕਰੂਸੇਡ। ਇਸ ਜੰਗ ਵਿਚ ਮੁਸਲਮਾਨ ਹਾਰੇ ਸਨ ਤੇ ਇਸਾਈਅਤ ਦੀ ਜਿੱਤ ਹੋਈ ਸੀ। ਪਰ ਜਿਸ ਤਰ੍ਹਾਂ ਮੁਸਲਮਾਨਾਂ ਦੀ ਅਬਾਦੀ ਵਧ ਰਹੀ ਹੈ, ਉਸ ਤੋਂ ਇਸਾਈਅਤ ਨਾਲ ਸੰਬੰਧਿਤ ਲੋਕ ਡਰਨ ਲੱਗ ਪਏ ਹਨ। ਇਹੀ ਵਿਚਾਰ ਨਸਲਵਾਦੀ ਹਿੰਸਾ ਨੂੰ ਜਨਮ ਦੇ ਰਿਹਾ ਹੈ। ਨਿਊਜ਼ੀਲੈਂਡ ਵਿਚ ਕਿਸੇ ਨੂੰ ਸ਼ਰਨ ਮਿਲਣਾ ਬਹੁਤ ਸੌਖਾ ਹੈ। ਨਿਊਜ਼ੀਲੈਂਡ ਦੀ ਤਕਰੀਬਨ 49.5 ਲੱਖ ਦੀ ਅਬਾਦੀ ਵਿਚ ਮੁਸਲਮਾਨਾਂ ਦੀ ਸੰਖਿਆ ਡੇਢ ਲੱਖ ਦੇ ਕਰੀਬ ਹੋਵੇਗੀ। ਪਰ ਉਹਨਾਂ ਦੀ ਬਿਲਕੁਲ ਅਲੱਗ ਮਜ਼ਹਬ ਆਧਾਰਿਤ ਜੀਵਨ ਸ਼ੈਲੀ ਉਥੋਂ ਦੇ ਲੋਕ ਪਚਾ ਨਹੀਂ ਸਕਦੇ। ਹਮਲਾਵਰ ਨੇ ਇਹ ਵੀ ਲਿਖਿਆ ਕਿ ਉਸ ਦੇ ਨਿਊਜ਼ੀਲੈਂਡ ਵਿਚ ਹਮਲੇ ਦਾ ਉਦੇਸ਼ ਇਹੀ ਸੀ ਕਿ ਇਹ ਸੁਨੇਹਾ ਦਿੱਤਾ ਜਾ ਸਕੇ ਕਿ ਮੁਸਲਮਾਨਾਂ ਦੇ ਲਈ ਕੋਈ ਜਗ੍ਹਾ ਸੁਰੱਖਿਅਤ ਨਹੀਂ ਹੈ। ਅਸਟ੍ਰੇਲੀਆ ਦੀ ਪ੍ਰਧਾਨ ਮੰਤਰੀ ਸਕਾਟ ਮਾਰੀਸਨ ਨੇ ਇਸ ਨੂੰ ਨਸਲਵਾਦੀ ਹਿੰਸਕ ਅੱਤਵਾਦੀ ਹਮਲਾ ਕਰਾਰ ਦਿੱਤਾ। ਮੈਂ ਸਮਝਦਾ ਹਾਂ ਕਿ ਜਿੱਥੇ ਜਿਹਾਦੀ ਅੱਤਵਾਦ ਖਤਰਨਾਕ ਹੈ, ਉੱਥੇ ਇਹ ਨਸਲਵਾਦੀ ਵਰਤਾਰਾ ਅਤੇ ਸਰਮਾਏਦਾਰ ਦੇਸਾਂ ਵਲੋਂ ਅਰਬ ਦੇਸਾਂ ਦੀ ਲੁੱਟ ਵੀ ਖਤਰਨਾਕ ਹੈ। ਇਹੀ ਇਸ ਭੇੜ ਦਾ ਕਾਰਨ ਬਣ ਰਹੀ ਹੈ। ਇਹਨਾਂ ਨਸਲਵਾਦ ਵਰਤਾਰੇ ਤੋਂ ਭਾਰਤ ਵੀ ਨਹੀਂ ਬਚਿਆ। ਉਹ ਭਗਵੇਂਵਾਦੀ ਨਸਲੀ ਵਰਤਾਰੇ ਦਾ ਸ਼ਿਕਾਰ ਹੈ, ਜੋ ਭਾਰਤ ਦੀ ਜਮਹੂਰੀਅਤ ਦਾ ਭੋਗ ਪਾ ਰਿਹਾ ਹੈ। ਇਹ ਕਰੂਸੇਡ, ਜਿਹਾਦ, ਭਗਵਾਂ ਰਾਸ਼ਟਰਵਾਦ ਇਕੋ ਹੀ ਵਰਤਾਰੇ ਹਨ। ਜੋ ਮਾਨਵਤਾ ਨੂੰ ਕੁਚਲ ਰਹੇ ਹਨ। ਗੁਰੂ ਨਾਨਕ ਸਾਹਿਬ ਦਾ ਮਿਸ਼ਨ ਹੀ ਮਨੁੱਖਤਾ ਦੇ ਹਿੱਤ ਵਿਚ ਹੈ, ਜੋ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿਚ ਲੈ ਕੇ ਸਰਬੱਤ ਦਾ ਭਲਾ ਲੋਚਦਾ ਹੈ। ਇਸ ਦਾ ਸੁਨੇਹਾ ਸਮੁੱਚੇ ਪੰਜਾਬੀਆਂ ਨੂੰ ਪੂਰੇ ਵਿਸ਼ਵ ਵਿਚ ਫੈਲਾਉਣਾ ਚਾਹੀਦਾ ਹੈ, ਕਿਉਂਕਿ ਹੁਣ ਅਸੀਂ ਗੁਰੂ ਨਾਨਕ ਸਾਹਿਬ ਦਾ 550 ਸਾਲਾਂ ਦਾ ਪ੍ਰਕਾਸ਼ ਉਤਸਵ ਮਨਾਉਣ ਚੱਲੇ ਹਾਂ।

## ਪੰਜਾਬੋਂ ਬਾਹਰ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਸਥਿਤੀ

ਵੇਖਿਆ ਜਾਵੇ ਤਾਂ ਅੱਜ ਦੀ ਸਥਿਤੀ ਵਿੱਚ ਭਾਸ਼ਾ ਭਾਵੇਂ ਕੋਈ ਰੁਕਾਵਟ ਨਹੀਂ ਜੇ ਰੁਕਾਵਟ ਹੁੰਦੀ ਤਾਂ ਹਰ ਭਾਸ਼ਾ ਵਿਚ ਲਿਖਿਆ ਗਿਆ ਸਾਹਿਤ ਆਪਣੀ ਸੀਮਾ ਵਿੱਚ ਹੀ ਦੱਬ ਕੇ ਮਰ ਜਾਂਦਾ। ਉਦਾਹਰਣ ਦੇ ਤੌਰ 'ਤੇ ਪ੍ਰੇਮ ਚੰਦ ਦਾ 'ਗੋਦਾਨ' ਭਾਰਤੀ ਸਾਹਿਤ ਦਾ ਹਿੱਸਾ ਬਣ ਕੇ ਉੱਭਰਦਾ ਹੈ। ਉਸਦੀ ਇੱਕ ਰਚਨਾ ਹਰ ਭਾਰਤੀ ਭਾਸ਼ਾ ਵਿੱਚ ਮਿਲ ਜਾਂਦੀ ਹੈ। ਸਾਹਿਤਕਾਰ ਜੋ ਰਚਦਾ ਹੈ, ਉਸਦੀ ਪੇਸ਼ਕਾਰੀ ਕਿਸੇ ਵੀ ਭਾਸ਼ਾ ਵਿੱਚ ਉਹ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਸ ਨੇ ਜੋ ਲਿਖਿਆ ਹੈ ਉਹ ਵਜ਼ਨੀ ਹੈ ਜਾਂ ਨਹੀਂ ? ਕੀ ਸਮੇਂ ਦੀ ਧੂੜ ਵਿੱਚ ਉਹ ਮਿਟ ਜਾਵੇਗਾ ਜਾਂ ਸਮਾਂ ਪੈਣ 'ਤੇ ਵੱਧ ਚਮਕੇਗਾ ? ਠੀਕ ਇਸੇ ਤਰ੍ਹਾਂ ਪੰਜਾਬੀ ਲੇਖਕ ਪੰਜਾਬ ਤੋਂ ਬਾਹਰ ਬੈਠਾ ਜੋ ਸਿਰਜ ਰਿਹਾ ਹੈ ਉਹ ਭਾਵੇਂ ਪੰਜਾਬੀ ਵਿਚ ਹੈ ਪਰ ਉਸਦੀ ਰਚਨਾ ਸਮਕਾਲੀ ਢਾਂਚੇ ਨਾਲ ਦੋ-ਚਾਰ ਹੁੰਦੀ ਹੋਈ ਆਪਣਾ ਸੰਵਾਦ ਰਚਾਉਂਦੀ ਹੈ ਜਾਂ ਨਹੀਂ ?

ਇਸੇ ਸੰਦਰਭ ਵਿੱਚ ਇਹ ਗੱਲ ਉੱਭਰਦੀ ਹੈ ਕਿ ਕੋਈ ਰਚਨਾਕਾਰ ਕਿੱਥੇ ਬੈਠਾ, ਕੀ ਕਰ ਰਿਹਾ ਹੈ ? ਕੀ ਕਰਨ ਤੋਂ ਭਾਵ ਕੀ ਸਿਰਜ ਰਿਹਾ ਹੈ ? ਉਦਾਹਰਣ ਦੇ ਤੌਰ 'ਤੇ ਜੇਕਰ ਜੰਮੂ-ਕਸ਼ਮੀਰ ਜਾਂ ਦਿੱਲੀ ਦਾ ਪੰਜਾਬੀ ਲੇਖਕ ਆਪਣੇ ਆਲੇ-ਦੁਆਲੇ ਨੂੰ ਭੁੱਲ ਕੇ ਕੁਝ ਹੋਰ ਸਿਰਜਣ ਵੱਲ ਰੁਚਿਤ ਹੈ ਤਾਂ ਇਸ ਦਾ ਕੀ ਫ਼ਾਇਦਾ ? ਕਿਉਕਿ ਇਹ ਤਾਂ ਹਰ ਕੋਈ ਜਾਣਦਾ ਹੈ ਕਿ ਕਸ਼ਮੀਰ ਦੇ ਮੁਸਲਮਾਨ ਨੂੰ ਪਾਕਿਸਤਾਨ ਤੇ ਸਿੱਖ ਨੂੰ ਪੰਜਾਬ ਪਿਆਰਾ ਹੈ, ਹਾਲਾਂਕਿ ਪਾਕਿਸਤਾਨੀ ਉਸ ਕਸ਼ਮੀਰੀ ਮੁਸਲਮਾਨ ਨੂੰ ਦੂਜੇ ਦਰਜੇ ਦਾ ਮੰਨਦੇ ਹਨ ਜਿਵੇਂ ਪੰਜਾਬ ਦੇ ਪੰਜਾਬੀ ਦਿੱਲੀ ਤੇ ਉੱਤਰਪ੍ਰਦੇਸ਼ ਦੇ ਪੰਜਾਬੀ ਨੂੰ।

ਅੱਜ ਪੰਜਾਬ ਤੋਂ ਬਾਹਰ ਬੈਠੇ ਪੰਜਾਬੀ ਲੇਖਕ ਦੀ ਸਥਿਤੀ ਤਰਸਯੋਗ ਹੈ। ਉਸ ਕੋਲ ਆਪਣੇ ਆਪ ਨੂੰ ਆਪਣੀ ਸਥਿਤੀ ਨੂੰ ਸਮਝਣ ਤੇ ਪੇਸ਼ ਕਰਨ ਦੀ ਸਮਰੱਥਾ ਖ਼ਤਮ ਹੋ ਚੁੱਕੀ ਹੈ। ਉਸਦੀ ਪੰਜਾਬੀ ਸਾਹਿਤ ਨੂੰ ਦੇਣ ਉਸ ਸਮੇਂ ਹੀ ਸਹੀ ਅਰਥਾਂ ਵਿੱਚ ਪ੍ਰਭਾਵ ਪਾ ਸਕਦੀ ਹੈ ਜਦੋਂ ਉਹ ਉਸ ਧਰਾਤਲ ਦੀ ਸੰਵੇਦਨਾ ਨੂੰ ਉਜਾਗਰ ਕਰੇ। 'ਸੰਵੇਦਨਾ' ਰਚਨਾਕਾਰ ਦੇ ਅੰਦਰ ਪਈ ਹੈ।ਪੰਜਾਬੋਂ ਬਾਹਰ ਪੰਜਾਬੀ ਭਾਸ਼ਾ ਸਭਿਆਚਾਰ ਤੇ ਲੇਖਕ ਦੀ ਜੋ ਸਥਿਤੀ ਹੈ ਉਸ ਬਾਰੇ ਆਵਾਮ ਚੁੱਪ ਹੈ, ਲੇਖਕ ਜਨਤਾ ਦਾ ਹਿੱਸਾ ਹੁੰਦਾ ਹੋਇਆ ਵੀ ਉਸ ਭੀੜ ਵਿੱਚੋਂ ਬਾਹਰ ਹੈ। ਪੰਜਾਬੀ ਲੇਖਕ ਕੀ ਕਰ ਰਿਹਾ ਹੈ ਇਸਦੀ ਜਾਣਕਾਰੀ ਤਾਂ ਉਸਦੀਆਂ ਲਿਖਤਾਂ ਵਿੱਚੋਂ ਲੱਭੀ ਜਾ ਸਕਦੀ ਹੈ। ਉਸਦੀਆਂ ਲਿਖਤਾਂ ਨੂੰ ਕਿਸ ਸੰਦਰਭ ਵਿੱਚ ਰੱਖ ਕੇ ਸਮਝਿਆ ਜਾਵੇ ਕਿ ਉਸਦੀ ਵੱਖਰਤਾ ਉੱਭਰ ਸਕੇ ਜਿਸ ਤੋਂ ਇਹ ਪਤਾ ਲੱਗ ਸਕੇ ਕਿ ਕਿੱਦਾਂ ਗੱਲਾਂ ਕਰਕੇ ਇਹ 'ਨਵਾਂ ਮੁਹਾਂਦਰਾ' ਸਿਰਜਦੀ ਹੈ, ਇਹੀ ਪੰਜਾਬੀ ਭਾਸ਼ਾ ਸਾਹਿਤ ਤੇ ਸਭਿਆਚਾਰ ਵੱਲ ਵਧਦਾ ਕਦਮ ਹੈ।

## ਗ਼ਦਰ ਲਹਿਰ ਦੇ ਸ਼ਹੀਦ ਡਾਕਟਰ ਮਥਰਾ ਸਿੰਘ

ਆਰਜ਼ੀ ਹਕੂਮਤ ਕਾਇਮ ਕੀਤੀ ਗਈ। ਰਾਜਾ ਮਹਿੰਦਰ ਪ੍ਰਤਾਪ ਨੂੰ ਇਸ ਹਕੂਮਤ ਦਾ ਪ੍ਰਧਾਨ ਅਤੇ ਮੌਲਵੀ ਬਰਕਤ ਉੱਲਾ ਨੂੰ ਪ੍ਰਧਾਨ ਮੰਤਰੀ ਬਣਾਇਆ ਗਿਆ। ਇਸ ਆਰਜ਼ੀ ਹਕੂਮਤ ਵਿਚ ਡਾਕਟਰ ਮਥਰਾ ਸਿੰਘ ਨੂੰ ਵੀ ਮੰਤਰੀ ਬਣਾਇਆ ਗਿਆ। ਅੰਗਰੇਜ਼ਾਂ ਵਿਰੁੱਧ ਰੂਸੀ ਸਹਾਇਤਾ ਪ੍ਰਾਪਤ ਕਰਨ ਲਈ ਰਾਜਾ ਮਹਿੰਦਰ ਪ੍ਰਤਾਪ ਵੱਲੋਂ ਡਾਕਟਰ ਮਥਰਾ ਸਿੰਘ ਅਤੇ ਉਸ ਦੇ ਸਾਥੀ ਮੁਹੰਮਦ ਅਲੀ ਨੂੰ ਤੁਰਕਿਸਤਾਨ ਦੇ ਗਵਰਨਰ ਕੋਲ ਭੇਜਿਆ ਗਿਆ ਜਿੱਥੇ ਮਥਰਾ ਸਿੰਘ ਅਤੇ ਉਸ ਦੇ ਸਾਥੀ ਨੂੰ ਗ੍ਰਿਫਤਾਰ ਕਰਕੇ 2 ਨਵੰਬਰ 1916 ਨੂੰ ਇਰਾਨ ਵਿਚ ਸਥਿਤ ਅੰਗਰੇਜ਼ੀ ਸਫ਼ਾਰਤਖਾਨੇ ਦੇ ਹਵਾਲੇ ਕਰ ਦਿੱਤਾ ਅਤੇ ਜਿਸ ਨੇ ਡਾਕਟਰ ਮਥਰਾ ਸਿੰਘ ਨੂੰ ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਦੇ ਹਵਾਲੇ ਕਰ ਦਿੱਤਾ। ਉਸ ਉੱਪਰ ਲਾਹੌਰ ਦੇ ਤੀਸਰੇ ਸਪਲੀਮੈਂਟਰੀ ਕੇਸ ਅਧੀਨ ਮੁਕੱਦਮਾ ਚਲਾਇਆ ਗਿਆ। ਉਨ੍ਹਾਂ ਨੂੰ 27 ਮਾਰਚ 1917 ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਫਾਂਸੀ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ।

WHITE HAWK TRUCKING INC
Need Drivers & Owner Operators
Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose
Call for more Info:
510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)
2101 MARTIN LUTHER KING JR WAY STOCKTON, CA 95205

# Sir Speedy Tustin
Printers to the Community

**Outdoor 3'x11' Promo Flag**
Only $29/-
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
Only $69/-

**Receipt Books**
Customized with your information and design. 2 part carbonless with numbering and perforation.
Call for Price

**Retractable 33"x 80" Banner**
Includes stand and carry bag. Hi-res imaging, durable and Brilliant colors!
Only $225/-

**All Weather 18"x24" Yard Signs**
Includes H-stakes. Single sided, durable to sunlight and rain. Reusable!
$49/- for 4

**11" Printed Balloons**
Printed with your logo and info. One color, one location. Min. qty 1000
19¢ each

**Your Printed T-Shirts**
White T-Shirts, 1 color screen printing in 1 position. Min Qty. 100
Only $4.99

**Your Printed Caps**
1 color in 1 position. Min Qty. 100
Only $4.99

**Trip Envelopes** Qty 1000
Only $199/-

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# ਘਰ ਦੇ ਕੰਮ ਲਈ ਇੱਕ ਬੀਬੀ ਦੀ ਲੋੜ

**Live-in housekeeper/ nanny needed**

ਕਾਲ ਕਰੋ

**510-938-7195**


## ਪੰਜਾਬ ਦੇ ਵੋਟ-ਬਜ਼ਾਰ 'ਚ ਹੋਣ ਲੱਗੀਆਂ ਸੱਤਾ ਦੀਆਂ ਸੌਦੇਬਾਜ਼ੀਆਂ

ਪੰਜਾਬ ਦੀ ਸੱਤਾਧਾਰੀ ਪਾਰਟੀ ਲੋਕ ਸਭਾ ਚੋਣਾਂ ਲਈ ਉਮੀਦਵਾਰ ਦੇ ਐਲਾਨ ਲਈ ਕਾਹਲੀ ਵਿਚ ਨਜ਼ਰ ਨਹੀਂ ਆ ਰਹੀ। ਅਕਾਲੀ ਦਲ ਦਾ ਕਹਿਣਾ ਹੈ ਕਿ ਉਹ ਰਹਿੰਦੇ ਉਮੀਦਵਾਰ ਦੇ ਨਾਵਾਂ ਦਾ ਐਲਾਨ ਹਫ਼ਤੇ ਕੁ ਤਕ ਕਰ ਦੇਵੇਗਾ।

'ਆਪ' ਨੇ ਹੁਣ ਤੱਕ ਅੱਠ ਉਮੀਦਵਾਰ ਐਲਾਨ ਦਿੱਤੇ ਹਨ ਤੇ ਬਾਕੀਆਂ ਦਾ ਐਲਾਨ ਹਫਤੇ ਦੇ ਅੰਦਰ-ਅੰਦਰ ਕਰਨ ਦਾ ਦਾਅਵਾ ਕੀਤਾ ਹੈ। ਆਮ ਆਦਮੀ ਪਾਰਟੀ ਵੱਲੋਂ ਹੁਣ ਤੱਕ ਐਲਾਨੇ ਉਮੀਦਵਾਰਾਂ ਵਿੱਚ ਜਲੰਧਰ ਤੋਂ ਸੇਵਾਮੁਕਤ ਜਸਟਿਸ ਜ਼ੋਰਾ ਸਿੰਘ, ਫਤਹਿਗੜ੍ਹ ਸਾਹਿਬ (ਰਾਖਵਾਂ) ਤੋਂ ਬਲਜਿੰਦਰ ਸਿੰਘ ਚੌਂਦਾ, ਗੁਰਦਾਸਪੁਰ ਹਲਕੇ ਤੋਂ ਪੀਟਰ ਮਸੀਹ ਜੀਦਾ, ਫਰੀਦਕੋਟ ਤੋਂ ਪ੍ਰੋ. ਸਾਧੂ ਸਿੰਘ, ਸੰਗਰੂਰ ਤੋਂ ਭਗਵੰਤ ਮਾਨ, ਆਨੰਦਪੁਰ ਸਾਹਿਬ ਤੋਂ ਨਰਿੰਦਰ ਸਿੰਘ ਸ਼ੇਰਗਿੱਲ, ਅੰਮ੍ਰਿਤਸਰ ਤੋਂ ਕੁਲਦੀਪ ਸਿੰਘ ਧਾਲੀਵਾਲ ਤੇ ਹੁਸ਼ਿਆਰਪੁਰ ਤੋਂ ਰਵਜੋਤ ਸਿੰਘ ਸ਼ਾਮਲ ਹਨ। ਇਸ ਤੋਂ ਇਲਾਵਾ 'ਆਪ' ਨੇ ਬਠਿੰਡਾ, ਲੁਧਿਆਣਾ, ਖਡੂਰ ਸਾਹਿਬ, ਫਿਰੋਜ਼ਪੁਰ ਤੇ ਪਟਿਆਲਾ ਤੋਂ ਉਮੀਦਵਾਰਾਂ ਦਾ ਐਲਾਨ ਹਫਤੇ ਵਿੱਚ ਕਰਨ ਦਾ ਦਾਅਵਾ ਕੀਤਾ ਹੈ।

ਪਿੰਡ ਬ੍ਰਹਮਪੁਰਾ ਵਿਖੇ ਅਕਾਲੀ ਦਲ ਟਕਸਾਲੀ ਦੀ ਕੋਰ ਕਮੇਟੀ ਦੀ ਬੈਠਕ ਵਿਚ ਸਾਬਕਾ ਮੈਂਬਰ ਪਾਰਲੀਮੈਂਟ ਰਾਜਦੇਵ ਸਿੰਘ ਖ਼ਾਲਸਾ ਨੂੰ ਹਲਕਾ ਸੰਗਰੂਰ ਤੋਂ ਲੋਕ ਸਭਾ ਦੀ ਚੋਣ ਲੜਾਉਣ ਦਾ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ। ਅਕਾਲੀ ਦਲ ਟਕਸਾਲੀ ਦਾ ਗਠਨ ਕਰਨ ਤੋਂ ਬਾਅਦ ਪੰਜਾਬ ਦੀਆਂ ਸਾਰੀਆਂ ਪਾਰਲੀਮੈਂਟ ਸੀਟਾਂ 'ਤੇ ਚੋਣ ਲੜਨ ਦਾ ਐਲਾਨ ਕਰਨ ਵਾਲੀ ਇਹ ਪਾਰਟੀ ਵੀ ਹੁਣ ਪੰਜਾਬ ਵਿਚ 5-6 ਸੀਟਾਂ 'ਤੇ ਹੀ ਆਪਣੇ ਉਮੀਦਵਾਰ ਖੜ੍ਹੇ ਕਰਨ ਤੱਕ ਸਿਮਟ ਕੇ ਰਹਿ ਗਈ ਹੈ।

ਪੰਜਾਬ ਵਿਚ ਲੋਕ ਸਭਾ ਚੋਣਾਂ ਆਖ਼ਰੀ ਗੇੜ ਵਿਚ ਹੋਣੀਆਂ ਹਨ ਇਸ ਕਰ ਕੇ ਸਾਰੀਆਂ ਹੀ ਧਿਰਾਂ ਉਮੀਦਵਾਰਾਂ ਦੇ ਨਾਵਾਂ ਦੇ ਐਲਾਨ ਤੋਂ ਪਹਿਲਾਂ ਸੱਤਾ ਦੀ ਸੌਦੇਬਾਜ਼ੀ ਖਾਤਿਰ ਹਰ ਹੀਲਾ ਵਰਤਣ ਦੀ ਰਾਹ ਉਤੇ ਚੱਲ ਰਹੀਆਂ ਹਨ। ਉਮੀਦਵਾਰਾਂ ਦੀ ਚੋਣ ਲਈ ਫੂਕ ਫੂਕ ਕੇ ਕਦਮ ਰੱਖੇ ਜਾ ਰਹੇ ਹਨ।

**ਵੱਡੇ ਬਾਦਲ ਦੀ ਥਾਂ ਸੁਖਬੀਰ ਨੇ ਕਮਾਨ ਸੰਭਾਲੀ-**

ਪਿਛਲੇ ਦੋ ਦਹਾਕੇ ਤੋਂ ਪਿਤਾ ਪ੍ਰਕਾਸ਼ ਸਿੰਘ ਬਾਦਲ ਦੇ ਬਲਬੂਤੇ ਰਾਜਸੀ ਸਫਲਤਾ ਦੀਆਂ ਪੌੜੀਆਂ ਚੜ੍ਹਦੇ ਆਏ ਸੁਖਬੀਰ ਬਾਦਲ ਨੇ ਇਸ ਵੇਲੇ ਪਾਰਟੀ ਦੀ ਮੁਕੰਮਲ ਕਮਾਨ ਆਪਣੇ ਹੱਥ ਲੈ ਲਈ ਹੈ। ਬਾਦਲ ਸਰਕਾਰ ਦੇ 2012 ਵਿਚ ਮੁੜ ਸੱਤਾ ਵਿਚ ਆਉਣ ਬਾਅਦ ਭਾਵੇਂ ਸੁਖਬੀਰ ਦੀ ਪਾਰਟੀ ਅਤੇ ਸਰਕਾਰ ਉੱਪਰ ਪਕੜ ਵਧੇਰੇ ਮਜ਼ਬੂਤ ਹੋ ਗਈ ਸੀ ਪਰ ਫਿਰ ਵੀ ਆਖ਼ਰੀ ਕਮਾਨ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਹੀ ਰਹੀ। ਹਰ ਸੰਕਟ ਦਾ ਹੱਲ ਕਰਨ ਲਈ ਵੱਡੇ ਬਾਦਲ ਹੀ ਅੱਗੇ ਆਉਂਦੇ ਰਹੇ। ਇੱਥੋਂ ਤੱਕ ਕਿ ਬਰਗਾੜੀ ਬੇਅਦਬੀ ਕਾਂਡ ਤੇ ਬਾਅਦ ਵਿਚ ਵਾਪਰੀਆਂ ਘਟਨਾਵਾਂ ਅਤੇ ਕਿਸਾਨ ਜਥੇਬੰਦੀਆਂ ਦੇ ਸੰਘਰਸ਼ ਨਾਲ ਅੱਗੇ ਹੋ ਕੇ ਨਿਪਟਣ ਦੇ ਸਾਰੇ ਮਾਮਲਿਆਂ ਵਿਚ ਵੀ ਵੱਡੇ ਬਾਦਲ ਦੀ ਅਹਿਮ ਭੂਮਿਕਾ ਰਹੀ। ਧਾਰਮਿਕ ਸੰਕਟ ਵਿਚ ਫਸਣ ਕਾਰਨ ਅਤੇ ਫਰਵਰੀ-2017 ਦੀਆਂ ਚੋਣਾਂ ਵਿਚ ਅਕਾਲੀ ਦਲ ਨੂੰ ਲੱਗੇ ਵੱਡੇ ਖੋਰੇ ਨੇ ਪਾਰਟੀ ਦੀਆਂ ਚੂਲਾਂ ਹੀ ਹਿਲਾ ਦਿੱਤੀਆਂ। ਸ਼ੁਰੂਆਤੀ ਕੁਝ ਸਮਾਂ ਤਾਂ ਵੱਡੇ ਬਾਦਲ ਇਸ ਸੰਕਟ ਨੂੰ ਹੱਲ ਕਰਨ ਲਈ ਸੁਖਬੀਰ ਬਾਦਲ ਦੀ ਡੰਗੋਰੀ ਬਣਦੇ ਨਜ਼ਰ ਆਏ ਪਰ ਹੁਣ ਉਹ ਹੰਭ ਹਾਰ ਗਏ ਪ੍ਰਤੀਤ ਹੁੰਦੇ ਹਨ। ਪਿਛਲੇ ਸਾਲ ਦੇ ਅੱਧ ਵਿਚ ਅੰਦਰੂਨੀ ਸੰਕਟ ਸਮੇਂ ਪਾਰਟੀ ਲੀਡਰਸ਼ਿਪ ਨੂੰ ਜ਼ਿੰਮੇਵਾਰ ਠਹਿਰਾਉਣ ਦੇ ਰੁਝਾਨ ਅਤੇ ਟਕਸਾਲੀ ਆਗੂਆਂ ਦੀਆਂ ਬਗ਼ਾਵਤੀ ਸੁਰਾਂ ਤੋਂ ਬਾਅਦ ਵੱਡੇ ਬਾਦਲ ਲਗਭਗ ਸਾਰੀ ਕਮਾਨ ਹੀ ਸੁਖਬੀਰ ਬਾਦਲ ਦੇ ਹੱਥਾਂ ਵਿਚ ਦੇ ਕੇ ਆਪ ਸਿਆਸਤ ਤੋਂ ਰੁਖ਼ਸਤੀ ਦੇ ਆਲਮ ਵਿਚ ਚਲੇ ਗਏ ਜਾਪਦੇ ਹਨ।

'ਆਪ' ਦੀ ਪਾਟੋਧਾੜ ਕਾਰਨ ਅਕਾਲੀ ਦਲ ਨੂੰ ਮੁੜ ਤੋਂ ਪੰਜਾਬ ਦੀ ਰਾਜਨੀਤੀ ਵਿਚ ਉਭਰਨ ਦੀ ਉਮੀਦ ਹੈ। ਬਾਦਲ ਦਲ ਦੇ ਹਲਕਿਆਂ ਵਿਚ ਆਮ ਚਰਚਾ ਹੈ ਕਿ ਜੇਕਰ ਲੋਕ ਸਭਾ ਚੋਣਾਂ ਵਿਚ ਵੀ ਅਕਾਲੀ ਦਲ ਦੇ ਪੈਰ ਨਾ ਲੱਗੇ ਤਾਂ ਇਹ ਸੁਖਬੀਰ ਬਾਦਲ ਦੀ ਆਖ਼ਰੀ ਬਾਜ਼ੀ ਹੋ ਸਕਦੀ ਹੈ।

ਸੰਗਰੂਰ ਹਲਕੇ ਤੋਂ ਬਗ਼ਾਵਤ ਕਰਕੇ ਬੈਠੇ ਸ. ਸੁਖਦੇਵ ਸਿੰਘ ਢੀਂਡਸਾ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੂੰ ਚੋਣ ਲੜਨ ਲਈ ਰਾਜ਼ੀ ਕਰਨ, ਤਿੰਨ ਵਾਰ ਵਿਧਾਇਕ ਰਹੇ ਗੁਰਤੇਜ ਸਿੰਘ ਘੁੜਿਆਣਾ ਨੂੰ ਵਾਪਸ ਦਲ ਵਿਚ ਸ਼ਾਮਲ ਕਰਨ, ਫ਼ਰੀਦਕੋਟ ਜ਼ਿਲ੍ਹਾ ਕਾਂਗਰਸ ਪ੍ਰਧਾਨ ਤੇ ਤਿੰਨ ਵਾਰ ਕਾਂਗਰਸ ਦੇ ਵਿਧਾਇਕ ਰਹੇ ਜੋਗਿੰਦਰ ਸਿੰਘ ਪੰਜਗਰਾਈ ਦਾ ਅਕਾਲੀ ਦਲ ਵਿਚ ਆਉਣਾ ਤੇ ਟਕਸਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਦੇ ਭਤੀਜੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੁਰਿੰਦਰ ਸਿੰਘ ਟੋਨੀ ਨੂੰ ਆਪਣੇ ਨਾਲ ਤੋਰਨਾ ਕੁਝ ਅਜਿਹੇ ਸੰਕੇਤ ਸਮਝੇ ਜਾ ਰਹੇ ਹਨ ਕਿ ਸੁਖਬੀਰ ਵਲੋਂ ਇਸ ਆਖਰੀ ਬਾਜ਼ੀ ਨੂੰ ਜਿੱਤਣ ਲਈ ਪੂਰੀ ਤਾਕਤ ਝੋਕ ਦਿੱਤੀ ਜਾਵੇਗੀ। ਪਾਰਟੀ ਤੋਂ ਵੱਖ ਹੋ ਗਏ ਜਾਂ ਨਿਰਾਸ਼ ਆਗੂਆਂ ਨਾਲ ਵੀ ਲਗਾਤਾਰ ਰਾਬਤਾ ਰੱਖਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਸੁਖਬੀਰ ਬਾਦਲ ਟੌਹੜਾ ਪਰਿਵਾਰ ਨੂੰ ਪਾਰਟੀ ਵਿਚ ਵਾਪਸ ਲਿਆਉਣ ਲਈ ਵੀ ਯਤਨਸ਼ੀਲ ਹੈ।

**ਕਾਂਗਰਸ ਵਿਚ ਅੰਦਰੂਨੀ ਵਿਰੋਧ-**

ਲੋਕ ਸਭਾ ਹਲਕਾ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਦੀਆਂ ਮੁਸ਼ਕਲਾਂ ਘਟਦੀਆਂ ਨਜ਼ਰ ਨਹੀਂ ਆ ਰਹੀਆਂ। ਪਹਿਲਾਂ ਕਾਂਗਰਸ ਦੀ ਅੰਦਰਖਾਤੇ ਧੜੇਬਾਜ਼ੀ ਸੀ, ਪਰ ਹੁਣ ਕਾਂਗਰਸ ਦੇ ਸੀਨੀਅਰ ਵਿਧਾਇਕ ਰਾਕੇਸ਼ ਪਾਂਡੇ ਨੇ ਖੁੱਲ੍ਹ ਕੇ ਬਿੱਟੂ ਖ਼ਿਲਾਫ਼ ਆਵਾਜ਼ ਬੁਲੰਦ ਕਰ ਦਿੱਤੀ ਹੈ। ਲੰਮੇ ਸਮੇਂ ਤੋਂ ਬਿੱਟੂ ਨਾਲ ਨਾਰਾਜ਼ ਚੱਲ ਰਹੇ ਵਿਧਾਇਕ ਰਾਕੇਸ਼ ਪਾਂਡੇ ਨੇ ਆਪਣੀ ਪਾਰਟੀ ਦੇ ਲੋਕ ਸਭਾ ਮੈਂਬਰ 'ਤੇ ਦੋਸ਼ ਲਗਾਏ ਹਨ ਕਿ ਉਹ ਪੰਜ ਸਾਲਾਂ ਵਿੱਚ ਲੁਧਿਆਣਾ ਦੇ ਲੋਕਾਂ ਅਤੇ ਕਾਂਗਰਸ ਪਾਰਟੀ ਦੇ ਵਰਕਰਾਂ ਦੀਆਂ ਉਮੀਦਾਂ 'ਤੇ ਖਰੇ ਨਹੀਂ ਉੱਤਰੇ। ਉਨ੍ਹਾਂ ਕਿਹਾ ਕਿ 2014 ਵਿੱਚ ਆਨੰਦਪੁਰ ਸਾਹਿਬ ਤੋਂ ਲੁਧਿਆਣਾ ਪੁੱਜਣ 'ਤੇ ਲੁਧਿਆਣਵੀਆਂ ਨੇ ਜੋ ਸੋਚ ਕੇ ਬਿੱਟੂ ਨੂੰ ਲੋਕ ਸਭਾ ਵਿੱਚ ਭੇਜਿਆ ਸੀ, ਉਸ ਵਿੱਚ ਸ਼ਹਿਰ ਵਾਸੀਆਂ ਨੂੰ ਨਿਰਾਸ਼ਾ ਹੀ ਹਾਸਲ ਹੋਈ ਹੈ। ਵਿਧਾਇਕ ਰਾਕੇਸ਼ ਪਾਂਡੇ ਨੇ ਕਿਹਾ ਕਿ ਲੁਧਿਆਣਾ ਵਿੱਚੋਂ ਸੀਨੀਅਰ ਹੋਣ ਕਾਰਨ ਉਨ੍ਹਾਂ ਨੇ ਲੋਕ ਸਭਾ ਦੀ ਟਿਕਟ ਮੰਗੀ ਹੈ, ਨਾਲ ਹੀ ਉਨ੍ਹਾਂ ਨੇ ਪਾਰਟੀ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਵੀ ਇਸ ਬਾਰੇ ਵਿੱਚ ਚਰਚਾ ਕੀਤੀ ਹੈ। ਲੁਧਿਆਣਾ ਲੋਕ ਸਭਾ ਹਲਕੇ ਵਿੱਚ ਸ਼ਹਿਰੀ ਵੋਟ ਜ਼ਿਆਦਾ ਹੈ ਤੇ ਉਹ ਚਾਹੁੰਦੇ ਹਨ ਕਿ ਇਸ ਵਾਰ ਇੱਕ ਹਿੰਦੂ ਚਿਹਰਾ ਪਾਰਟੀ ਅੱਗੇ ਲੈ ਕੇ ਆਵੇ। ਇਸ ਸੀਟ ਤੋਂ ਸਾਬਕਾ ਕੇਂਦਰੀ ਮੰਤਰੀ ਮੁਨੀਸ਼ ਤਿਵਾੜੀ ਦੇ ਖਾਸਮ-ਖਾਸ ਪਵਨ ਦੀਵਾਨ ਵੀ ਟਿਕਟ ਦੀ ਮੰਗ ਕਰ ਚੁੱਕੇ ਹਨ। ਤਿਵਾੜੀ ਗਰੁੱਪ ਵੱਲੋਂ ਵੀ ਦਾਅਵੇਦਾਰੀ ਹੋਣ ਕਾਰਨ ਇਸ ਵਾਰ ਬਿੱਟੂ ਦੀਆਂ ਚੋਣਾਂ ਵਿੱਚ ਮੁਸ਼ਕਲਾਂ ਵਧ ਸਕਦੀਆਂ ਹਨ।

**ਮਾਨ ਨੂੰ ਮਾਤ ਦੇ ਗਿਆ ਖਹਿਰਾ-**

ਗੱਠਜੋੜ ਦੀ ਸਿਆਸਤ ਵਿਚ ਸੁਖਪਾਲ ਸਿੰਘ ਖਹਿਰਾ ਪੰਜਾਬ 'ਚ 'ਆਪ' ਦੇ ਪ੍ਰਧਾਨ ਭਗਵੰਤ ਮਾਨ ਨੂੰ ਮਾਤ ਦੇ ਗਏ ਹਨ। 'ਆਪ' ਹਾਲੇ ਤੱਕ ਕਿਸੇ ਪਾਰਟੀ ਨਾਲ ਗੱਠਜੋੜ ਨਹੀਂ ਕਰ ਸਕੀ। ਸੁਖਪਾਲ ਸਿੰਘ ਖਹਿਰਾ ਨੇ ਡਾ. ਧਰਮਵੀਰ ਗਾਂਧੀ, ਬੈਂਸ ਭਰਾ, ਬਸਪਾ, ਸੀਪੀਆਈ ਅਤੇ ਕੁਝ ਹੋਰ ਪਾਰਟੀਆਂ ਨੂੰ ਨਾਲ ਮਿਲਾ ਕੇ ਪੰਜਾਬ ਜਮਹੂਰੀ ਗੱਠਜੋੜ ਬਣਾਉਣ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਅਜਿਹੇ ਹਾਲਤ ਵਿੱਚ ਖਹਿਰਾ ਜਿੱਥੇ ਸੂਬੇ ਅੰਦਰ ਗੱਠਜੋੜ ਦੀ ਹਮਾਇਤ ਨਾਲ ਚੋਣਾਂ ਮੈਦਾਨ ਵਿੱਚ ਉਤਰਨਗੇ, ਉੱਥੇ 'ਆਪ' ਨੂੰ ਇਹ ਲੋਕ ਸਭਾ ਚੋਣਾਂ ਇਕੱਲਿਆਂ ਹੀ ਲੜਨੀਆਂ ਪੈ ਸਕਦੀਆਂ ਹਨ। ਗੱਠਜੋੜ ਦੇ ਇਨ੍ਹਾਂ ਯਤਨਾਂ 'ਤੇ ਜੇਕਰ ਝਾਤ ਮਾਰੀਏ ਤਾਂ ਪਤਾ ਲੱਗੇਗਾ ਕਿ ਪੰਜਾਬ ਏਕਤਾ ਪਾਰਟੀ, ਲੋਕ ਇਨਸਾਫ ਪਾਰਟੀ ਅਤੇ ਡਾ. ਗਾਂਧੀ ਦਾ ਪੰਜਾਬ ਮੰਚ, ਇਹ ਤਿੰਨੋਂ ਹੀ ਉਹ ਪਾਰਟੀਆਂ ਹਨ, ਜਿਹੜੀਆਂ ਰਾਜਨੀਤੀ ਵਿੱਚ ਨਵੀਆਂ ਹਨ। ਇਸ ਦੇ ਬਾਵਜੂਦ ਇਨ੍ਹਾਂ ਨੇ ਸੀਪੀਆਈ ਅਤੇ ਬਸਪਾ ਵਰਗੀਆਂ ਪੁਰਾਣੀਆਂ ਤੇ ਹੰਢੀਆਂ ਹੋਈਆਂ ਪਾਰਟੀਆਂ ਨੂੰ ਨਾਲ ਮਿਲਾ ਕੇ ਗੱਠਜੋੜ ਕੀਤਾ ਹੈ ਤੇ ਆਪਣੇ ਵਿਰੋਧੀਆਂ ਨੂੰ ਇਹ ਸੁਨੇਹਾ ਵੀ ਦਿੱਤਾ ਕਿ ਰਾਜਨੀਤੀ ਦੀ ਸਮਝ ਉਨ੍ਹਾਂ ਨੂੰ ਕਿਸੇ ਨਾਲੋਂ ਘੱਟ ਨਹੀਂ ਹੈ। 'ਆਪ' ਨਾ ਤਾਂ ਰਾਸ਼ਟਰੀ ਪੱਧਰ 'ਤੇ ਅਤੇ ਨਾ ਹੀ ਪੰਜਾਬ ਪੱਧਰ 'ਤੇ ਕਿਸੇ ਪਾਰਟੀ ਨਾਲ ਗੱਠਜੋੜ ਕਰਨ ਵਿਚ ਕਾਮਯਾਬ ਨਹੀਂ ਹੋ ਸਕੀ ਹੈ। 'ਆਪ' ਨੂੰ ਸਭ ਤੋਂ ਵੱਡੀ ਸੱਟ ਸੁਖਪਾਲ ਖਹਿਰਾ ਨੇ ਮਾਰੀ ਹੈ। ਉਨ੍ਹਾਂ ਨਾਲ ਪਾਰਟੀ ਦਾ ਵੱਡਾ ਹਿੱਸਾ ਚਲਾ ਗਿਆ ਹੈ। ਖਹਿਰਾ ਤੋਂ ਇਲਾਵਾ ਪੰਜ ਵਿਧਾਇਕ ਵੀ ਬਾਗੀ ਚੱਲ ਰਹੇ ਹਨ। ਪਟਿਆਲਾ ਤੋਂ ਸੰਸਦ ਧਰਮਵੀਰ ਗਾਂਧੀ ਪਹਿਲਾਂ ਹੀ ਵੱਖਰੀ ਪਾਰਟੀ ਬਣਾ ਕੇ ਡਟ ਗਏ ਹਨ। ਇਸ ਲਈ ਆਮ ਆਦਮੀ ਪਾਰਟੀ ਲਈ ਸਾਲ 2014 ਵਾਲਾ ਮਾਹੌਲ ਬਣਨਾ ਔਖਾ ਜਾਪਦਾ ਹੈ।

## ਕਾਂਗਰਸ ਦੇ ਮੁਕਾਬਲੇ ਭਾਜਪਾ ਦੀ ਹਾਲਤ ਪਤਲੀ

ਪੰਜਾਬ ਵਿਚ ਅਕਾਲੀ ਦਲ ਦੇ ਨਾਲ ਗੱਠਜੋੜ ਕਰ ਕੇ ਲੜਾਈ ਲੜਨ ਵਾਲੀ ਪਾਰਟੀ ਭਾਜਪਾ ਕਈ ਦਹਾਕਿਆਂ ਤੋਂ ਤਿੰਨ ਸੀਟਾਂ ਗੁਰਦਾਸਪੁਰ, ਅੰਮ੍ਰਿਤਸਰ ਤੇ ਹੁਸ਼ਿਆਰਪੁਰ ਤੋਂ ਚੋਣ ਲੜਦੀ ਆ ਰਹੀ ਹੈ। ਅਜਿਹਾ ਪਹਿਲੀ ਵਾਰ ਨਹੀਂ ਹੋਇਆ ਕਿ ਭਾਜਪਾ ਫਿਲਮੀ ਸਿਤਾਰਿਆਂ, ਕ੍ਰਿਕਟਰਾਂ 'ਤੇ ਭਰੋਸਾ ਕਰ ਕੇ ਪੰਜਾਬ ਤੋਂ ਮੈਂਬਰਾਂ ਨੂੰ ਸੰਸਦ ਵਿਚ ਭੇਜਦੀ ਰਹੀ ਹੈ। ਅੰਮ੍ਰਿਤਸਰ ਤੋਂ ਨਵਜੋਤ ਸਿੰਘ ਸਿੱਧੂ ਤੇ ਗੁਰਦਾਸਪੁਰ ਤੋਂ ਵਿਨੋਦ ਖੰਨਾ ਇਸ ਦੇ ਉਦਾਹਰਣ ਹਨ। ਇਨ੍ਹਾਂ ਦੋਵਾਂ ਉਮੀਦਵਾਰਾਂ ਨੇ ਅੰਮ੍ਰਿਤਸਰ ਤੋਂ ਰਘੂਨੰਦਨ ਲਾਲ ਭਾਟੀਆ ਤੇ ਗੁਰਦਾਸਪੁਰ ਤੋਂ ਸੁਖਬੰਸ ਕੌਰ ਭਿੰਡਰ ਵਰਗੀਆਂ ਦਿੱਗਜ਼ ਹਸਤੀਆਂ ਨੂੰ ਹਰਾਇਆ ਸੀ, ਜੋ ਕਾਂਗਰਸ ਦੇ ਬੁਰੇ ਤੋਂ ਬੁਰੇ ਦੌਰ ਵਿਚ ਵੀ ਨਹੀਂ ਹਾਰੀਆਂ ਸਨ। ਇਸ ਕਰ ਕੇ ਭਾਜਪਾ ਆਪਣੀ ਡੁੱਬਦੀ ਬੇੜੀ ਨੂੰ ਪਾਰ ਲਾਉਣ ਲਈ ਇਕ ਵਾਰ ਫਿਰ ਨਾਮੀ ਹਸਤੀਆਂ ਉਤੇ ਦਾਅ ਲਾਉਣ ਲਈ ਤਿਆਰ ਹੈ।

## ਡੇਰਾ ਸੱਚਾ ਸੌਦਾ ਦੀ ਪੰਜਾਬ ਦੀ ਰਾਜਨੀਤੀ 'ਚ ਵੀ ਫੂਕ ਨਿਕਲੀ

ਡੇਰੇ ਦੀ ਤਾਕਤ ਵੱਡੀ ਪੱਧਰ 'ਤੇ ਖੁਰ ਜਾਣ ਕਾਰਨ ਹੀ ਹੁਣ ਪੰਜਾਬ ਦੇ ਸਿਆਸੀ ਆਗੂ ਡੇਰੇ ਤੋਂ ਦੂਰੀ ਰੱਖਣ ਦੇ ਬਿਆਨਾਂ ਵਿਚ ਇਕ ਦੂਜੇ ਨਾਲੋਂ ਅੱਗੇ ਨਿਕਲ ਰਹੇ ਹਨ। ਖੁਫ਼ੀਆ ਤੰਤਰ ਦੀਆਂ ਰਿਪੋਰਟਾਂ ਵਿਚ ਇਸ ਗੱਲ ਦੀ ਸਪੱਸ਼ਟ ਝਲਕ ਮਿਲਦੀ ਹੈ ਕਿ ਪੰਜਾਬ ਅੰਦਰ ਡੇਰੇ ਦਾ ਕਿਸੇ ਵੇਲੇ ਰਿਹਾ ਝੱਬਵਾਂ ਰਾਜਨੀਤਕ ਪ੍ਰਭਾਵ ਹੁਣ ਖ਼ਤਮ ਹੋ ਕੇ ਰਹਿ ਗਿਆ ਹੈ। ਡੇਰਾ ਪ੍ਰੇਮੀ ਨਮੋਸ਼ੀ ਦੀ ਹਾਲਤ ਵਿਚ ਹਨ। ਪੰਜਾਬ ਅੰਦਰਲੇ 300 ਦੇ ਕਰੀਬ ਨਾਮ ਚਰਚਾ ਘਰਾਂ ਵਿਚੋਂ ਕੁਝ ਕੁ ਨਾਮ ਚਰਚਾ ਘਰਾਂ ਵਿਚ ਹੀ ਹਫ਼ਤਾਵਾਰੀ ਸਤਿਸੰਗ ਹੁੰਦਾ ਹੈ ਪਰ ਇਸ ਵਿਚ ਵੀ ਨਾ ਤਾਂ ਪਹਿਲਾਂ ਵਾਂਗ ਭੀੜ ਇਕੱਠੀ ਹੁੰਦੀ ਹੈ ਤੇ ਨਾ ਹੀ ਉਤਸ਼ਾਹ।

## ਸਿੱਖ ਨਹੀਂ ਹਨ ਕੈਨੇਡਾ ਲਈ ਖ਼ਤਰਾ : ਜਗਮੀਤ ਸਿੰਘ

ਸੇਫਟੀ ਰਿਪੋਰਟ 2018 ਦੇ ਮਹੱਤਵਪੂਰਨ ਤੱਥ ਪੜ੍ਹਦਿਆਂ ਦੇਸ਼ ਨੂੰ ਨਵੇਂ ਵੱਖਵਾਦੀ ਤੇ ਕੱਟੜਪੰਥੀ ਖ਼ਤਰਿਆਂ ਬਾਰੇ ਦੱਸਿਆ ਸੀ। ਇਹ ਰਿਪੋਰਟ ਸੰਸਦ ਦੀ ਕੌਮੀ ਸੁਰੱਖਿਆ ਤੇ ਖ਼ੁਫ਼ੀਆ ਕਮੇਟੀ ਨੇ ਤਿਆਰ ਕੀਤੀ ਸੀ। ਰੂਡੇਲ ਮੁਤਾਬਕ ਸੁੰਨੀ ਕੱਟੜਵਾਦੀ ਸੰਗਠਨ ਇਸਲਾਮਿਕ ਸਟੇਟ ਤੇ ਅਲਕਾਇਦਾ ਨੂੰ ਕੈਨੇਡਾ ਲਈ ਗੰਭੀਰ ਖ਼ਤਰਾ ਮੰਨਿਆ, ਇਸ ਤੋਂ ਇਲਾਵਾ ਮੰਤਰੀ ਨੇ ਸ਼ੀਆ ਮੁਸਲਮਾਨ ਤੇ ਸਿੱਖਾਂ ਨੂੰ ਕੈਨੇਡਾ ਲਈ ਚਿੰਤਾ ਦਾ ਵਿਸ਼ਾ ਦੱਸਿਆ ਸੀ। ਹਾਲਾਂਕਿ, ਬਾਅਦ ਵਿੱਚ ਆਪਣੇ ਮੰਤਰੀਆਂ ਵੱਲੋਂ ਇਤਰਾਜ਼ ਜ਼ਾਹਿਰ ਕਰਨ 'ਤੇ ਇਸ ਵਿੱਚੋਂ ਸਿੱਖ ਸ਼ਬਦ ਨੂੰ ਹਟਾ ਲਿਆ ਸੀ, ਪਰ ਜਗਮੀਤ ਸਿੰਘ ਇਸ ਨੂੰ ਸ਼ਾਮਲ ਕੀਤੇ ਜਾਣ ਦੇ ਕਾਰਨਾਂ ਬਾਰੇ ਜਵਾਬ ਮੰਗ ਰਹੇ ਹਨ।

## ਪੰਜਾਬ ਵਿਚ ਹੁਣ ਈਸਾਈਅਤ ਦੀ ਆੜ ਹੇਠ ਫੈਲ ਰਿਹਾ ਹੈ ਡੇਰਾਵਾਦ

ਡੇਰੇਦਾਰ ਪੈਸੇ ਜਾਂ ਹੋਰ ਚੀਜ਼ਾਂ ਦਾ ਲਾਲਚ ਦੇ ਕੇ ਗਰੀਬ ਵਰਗ ਨੂੰ ਭਰਮਾ ਰਹੇ ਹਨ। ਇਸ ਗੱਲ ਦੀ ਪੁਸ਼ਟੀ ਤਾਂ ਨਹੀਂ ਹੋ ਸਕੀ ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸ਼ੁਰੂਆਤੀ ਦੌਰ ਵਿਚ ਕਥਿਤ ਮਿਸ਼ਨਰੀਆਂ ਵੱਲੋਂ ਪੰਜਾਬ ਦੀ ਧਰਤੀ ਉੱਪਰ ਕਾਨਵੈਂਟ ਸਕੂਲਾਂ ਰਾਹੀਂ ਆਪਣਾ ਘੇਰਾ ਵਧਾਉਣ ਦੀ ਕੋਸ਼ਿਸ਼ ਕੀਤੀ ਗਈ। ਗਰੀਬ ਲੋਕ ਆਪਣੇ ਬੱਚਿਆਂ ਦੀ ਵਧੀਆ ਪੜ੍ਹਾਈ ਖਾਤਰ ਧਰਮ ਤਬਦੀਲ ਕਰਨ ਲੱਗੇ ਕਿਉਂਕਿ ਜ਼ਿਆਦਾਤਰ ਕਾਨਵੈਂਟ ਸਕੂਲਾਂ ਵਿਚ ਈਸਾਈ ਪਰਿਵਾਰਾਂ ਦੇ ਬੱਚਿਆਂ ਕੋਲੋਂ ਬਹੁਤ ਘੱਟ ਜਾਂ ਕੋਈ ਫ਼ੀਸ ਨਹੀਂ ਵਸੂਲੀ ਜਾਂਦੀ। ਸਿੱਖ ਵਿਚਾਰਕਾਂ ਦਾ ਮੰਨਣਾ ਹੈ ਕਿ ਮੌਜੂਦਾ ਚਿੰਤਾਜਨਕ ਹਾਲਾਤ ਲਈ ਸਿੱਖਾਂ ਅੰਦਰ ਜਾਤਪਾਤ ਦਾ ਹੋਣਾ ਵੀ ਕਾਫੀ ਹੱਦ ਤਕ ਜ਼ਿੰਮੇਵਾਰ ਹੈ। ਜੱਟ ਬਰਾਦਰੀ ਦੇ ਲੋਕ ਉੱਚ ਜਾਤੀ ਦੇ ਹੋਣ ਦਾ ਭਰਮ ਪਾਲੀ ਬੈਠੇ ਹਨ। ਇਨ੍ਹਾਂ ਲੋਕਾਂ ਵੱਲੋਂ ਆਪਣੀ ਹੀ ਕੌਮ ਦੇ ਗਰੀਬ ਤਬਕੇ ਦੀ ਸਾਰ ਨਾ ਲੈਣਾ ਅਤੇ ਗੁਰਦੁਆਰਿਆਂ ਆਦਿ ਵਿਚ ਉਨ੍ਹਾਂ ਨੂੰ ਬਣਦੀ ਨੁਮਾਇੰਦਗੀ ਨਾ ਦੇਣ ਕਾਰਨ ਇਸ ਤਬਕੇ ਵਿਚ ਸਿੱਖੀ ਪ੍ਰਤੀ ਉਦਾਸੀਨਤਾ ਵਧੀ ਹੈ। ਇਸ ਕਰ ਕੇ ਅਕਸਰ ਹੀ ਇਹ ਤਬਕਾ ਦੂਜੇ ਡੇਰਿਆਂ ਜਾਂ ਧਰਮਾਂ ਵੱਲ ਚਲਾ ਜਾਂਦਾ ਰਿਹਾ ਹੈ। ਪਹਿਲਾਂ ਇਸ ਵਰਗ ਨੇ ਆਪਣੇ ਵੱਖਰੇ ਗੁਰੂ ਘਰ ਬਣਾਉਣੇ ਸ਼ੁਰੂ ਕੀਤੇ ਪਰ ਬਾਅਦ ਵਿਚ ਇਹ ਰੁਝਾਨ ਵੱਖਰੇ ਗੁਰੂ ਘਰਾਂ ਤੋਂ ਗਿਰਜਾ ਘਰ ਉਸਾਰਨ ਵੱਲ ਤੁਰ ਪਿਆ। ਗਿਰਜਾਘਰਾਂ ਲਈ ਜ਼ਮੀਨ ਅਤੇ ਇਮਾਰਤ ਵਾਸਤੇ ਪੈਸਾ ਬਾਹਰੋਂ ਆਉਂਦਾ ਸੀ। ਬੱਚਿਆਂ ਦੀ ਪੜ੍ਹਾਈ, ਕਿਤਾਬਾਂ ਅਤੇ ਹੋਰ ਜ਼ਰੂਰੀ ਖਰਚ ਲਈ ਵੀ ਇਸ ਤਬਕੇ ਦੀ ਮਦਦ ਹੋਣ ਲੱਗੀ। ਇਸ ਤਰ੍ਹਾਂ ਹੌਲੀ ਹੌਲੀ ਲੋਕ ਈਸਾਈਅਤ ਦੇ ਨਾਮ ਹੇਠ ਇਕ ਤਰ੍ਹਾਂ ਨਾਲ ਵੱਖਰੀ ਕਿਸਮ ਦੇ ਡੇਰਾਵਾਦ ਨਾਲ ਜੁੜਨਾ ਸ਼ੁਰੂ ਹੋ ਗਏ। ਪੈਸੇ ਜਾਂ ਕਿਸੇ ਲਾਲਚ ਨਾਲੋਂ ਕੁਝ ਲੋਕ ਵਹਿਮਾਂ ਭਰਮਾਂ ਦੀ ਵਜ੍ਹਾ ਨਾਲ ਵੀ ਧਰਮ ਤਬਦੀਲ ਕਰ ਰਹੇ ਹਨ। ਕਈ ਕਥਿਤ ਗਿਰਜਾ ਘਰਾਂ ਵਿਚ ਚਮਤਕਾਰ ਰਾਹੀਂ ਦੁੱਖ ਦਰਦ ਤੇ ਬਿਮਾਰੀਆਂ ਕੱਟੇ ਜਾਣ ਦੀਆਂ ਘਟਨਾਵਾਂ ਦਾ ਜ਼ਿਕਰ ਕਰ ਕੇ ਵਿਦਿਅਕ ਤੌਰ ਤੇ ਘੱਟ ਚੇਤੰਨ ਲੋਕਾਂ ਨੂੰ ਆਕਰਸ਼ਿਤ ਕੀਤਾ ਜਾਂਦਾ ਹੈ। ਪੰਜਾਬ ਦੇ ਮਾਝੇ ਤੋਂ ਇਲਾਵਾ ਹੁਸ਼ਿਆਰਪੁਰ ਅਤੇ ਜਲੰਧਰ ਜ਼ਿਲ੍ਹੇ ਵਿਚ ਵੀ ਗਿਰਜਾ-ਘਰਾਂ ਦੇ ਰੂਪ ਵਿਚ ਵੱਡੇ-ਵੱਡੇ ਡੇਰੇ ਬਣੇ ਹਨ ਜਿੱਥੇ ਹਰ ਐਤਵਾਰ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਪ੍ਰਾਰਥਨਾ ਲਈ ਇਕੱਠੇ ਹੁੰਦੇ ਹਨ। ਗੁਰਦਾਸਪੁਰ ਜ਼ਿਲ੍ਹੇ ਦਾ ਧਾਰੀਵਾਲ ਸ਼ਹਿਰ ਇਨ੍ਹਾਂ ਗਤੀਵਿਧੀਆਂ ਦਾ ਕੇਂਦਰ ਹੈ। ਇੱਥੇ ਚਾਰ ਕਥਿਤ ਚਰਚ ਮੌਜੂਦ ਹਨ ਜੋ ਵੱਖ ਵੱਖ ਮਿਸ਼ਨਾਂ ਨਾਲ ਸਬੰਧਤ ਹਨ। ਇਨ੍ਹਾਂ ਨਾਲ ਗੱਲ ਕਰਨ 'ਤੇ ਪਤਾ ਲੱਗਦਾ ਹੈ ਕਿ ਇਨ੍ਹਾਂ ਵਿਚ ਕੰਮ ਕਰਨ ਵਾਲੇ ਪ੍ਰਬੰਧਕ ਵੀ ਇਕ ਦੂਸਰੇ ਪ੍ਰਤੀ ਚੰਗੇ ਵਿਚਾਰ ਨਹੀਂ ਰੱਖਦੇ ਅਤੇ ਇੱਕ ਦੂਜੇ ਉੱਪਰ ਹੀ ਲੁੱਟ ਖਸੁੱਟ ਕਰਨ ਦੇ ਦੋਸ਼ ਲਾਉਂਦੇ ਹਨ। ਈਸਾਈਅਤ ਦੇ ਸਹੀ ਅਰਥਾਂ ਵਾਲੇ ਚਰਚਾਂ ਦੇ ਪ੍ਰਬੰਧਕ ਵੀ ਨਵੇਂ ਡੇਰਿਆਂ ਦੇ ਰੂਪ ਵਿਚ ਉੱਭਰ ਰਹੇ ਇਨ੍ਹਾਂ ਕਥਿਤ ਚਰਚਾਂ ਦੇ ਕੰਮ-ਢੰਗ ਦੇ ਤਰੀਕੇ ਨਾਲ ਸਹਿਮਤ ਨਹੀਂ ਹਨ। ਇਨ੍ਹਾਂ ਵੱਲੋਂ ਗੱਲ ਕਰਨ ਉਤੇ ਇਕ ਈਸਾਈ ਧਰਮ ਦੇ ਸਟਾਰ ਪ੍ਰਚਾਰਕ ਵਜੋਂ ਜਾਣੇ ਜਾਂਦੇ ਵਿਅਕਤੀ ਅੰਕਿਤ ਨਰੂਲਾ ਨੂੰ ਨਿਸ਼ਾਨੇ ਤੇ ਲੈਂਦਿਆਂ ਕਿਹਾ ਕਿ ਉਹ ਧਰਮ ਦੇ ਨਾਮ 'ਤੇ ਵਪਾਰ ਕਰ ਰਿਹਾ ਹੈ। ਇਸ ਤੋਂ ਇਲਾਵਾ ਧਾਰੀਵਾਲ ਦੀ ਹੀ ਇਕ ਹੋਰ ਕਥਿਤ ਚਰਚ ਦਾ ਦੌਰਾ ਕਰਨ 'ਤੇ ਪਤਾ ਲੱਗਾ ਕਿ ਉੱਥੇ ਲੋਕ ਹਰ ਐਤਵਾਰ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੁੰਦੇ ਹਨ ਅਤੇ ਪ੍ਰਾਰਥਨਾ ਦੇ ਅਖ਼ੀਰ ਵਿਚ ਉਹ ਪੈਸੇ ਪਾਸਟਰ ਦੇ ਹੱਥ ਵਿਚ ਗੁਪਤ ਢੰਗ ਨਾਲ ਫੜਾਉਂਦੇ ਹਨ। ਹਰ ਐਤਵਾਰ ਚਾਰ ਪਿੰਡਾਂ ਦੇ ਲੋਕਾਂ ਦੀ ਡਿਊਟੀ ਹੁੰਦੀ ਹੈ ਕਿ ਉਹ ਖਾਣੇ ਦਾ ਪ੍ਰਬੰਧ ਕਰਨ। ਇੱਥੇ ਸਵਾਲ ਉੱਠਦਾ ਹੈ ਕਿ ਜੇ ਖਾਣ-ਪੀਣ ਦਾ ਪ੍ਰਬੰਧ ਪਿੰਡਾਂ ਦੇ ਗਰੀਬ ਲੋਕਾਂ ਵੱਲੋਂ ਆਪਣੇ ਖ਼ਰਚੇ ਉਤੇ ਹੀ ਕੀਤਾ ਜਾਣਾ ਹੈ ਤਾਂ ਹਰ ਐਤਵਾਰ ਇਕੱਠਾ ਹੁੰਦਾ ਚੜ੍ਹਾਵਾ ਕਿੱਥੇ ਜਾ ਰਿਹਾ ਹੈ ?

ਇਸ ਨਾਲ ਕਿਰਤੀ ਵਰਗ ਵਿਚ ਇਕ ਨਵਾਂ ਰੁਝਾਨ ਵੀ ਪੈਦਾ ਹੋ ਗਿਆ ਹੈ, ਜਿਵੇਂ ਪਹਿਲਾਂ ਇਹ ਲੋਕ ਪੁੰਨਿਆ ਜਾਂ ਮੱਸਿਆ ਵਾਲੇ ਦਿਨ ਮਹੀਨੇ ਵਿਚ ਇਕ ਛੁੱਟੀ ਕਰਦੇ ਸਨ ਪਰ ਹੁਣ ਇਸ ਵਰਗ ਨਾਲ ਸਬੰਧਤ ਲੋਕ ਹਰ ਐਤਵਾਰ ਕੰਮ ਤੋਂ ਛੁੱਟੀ ਕਰਦੇ ਹਨ। ਐਤਵਾਰ ਵਾਲੇ ਦਿਨ ਘੱਟੋ ਘੱਟ ਇਕ ਦਿਨ ਦੀ ਕਮਾਈ ਚੜ੍ਹਾਵਾ ਦੇਣ ਦੇ ਰੂਪ ਵਿਚ ਖਰਚ ਦਿੰਦੇ ਹਨ। ਇਸ ਤਰ੍ਹਾਂ ਇਹ ਲੋਕ ਇਕ ਮਹੀਨੇ ਵਿਚੋਂ ਅੱਠ ਦਿਨਾਂ ਦੀ ਕਮਾਈ ਘਟਾ ਲੈਂਦੇ ਹਨ। ਪਹਿਲਾਂ ਹੀ ਅਤਿ ਦਰਜੇ ਦੀ ਗਰੀਬੀ ਝੱਲ ਰਹੇ ਇਸ ਵਰਗ ਵੱਲੋਂ ਵਹਿਮਾਂ ਭਰਮਾਂ ਵਿਚ ਫਸ ਕੇ ਆਪਣੇ ਵਡੇਰਿਆਂ ਦੇ ਸ਼ਾਨਾਮੱਤੇ ਧਰਮ ਨੂੰ ਛੱਡਣਾ ਚਿੰਤਾਜਨਕ ਹੈ।

ਕੁਝ ਲੋਕਾਂ ਨਾਲ ਗੱਲਬਾਤ ਕਰਨ ਉਤੇ ਪਤਾ ਲੱਗਾ ਕਿ ਉਹ ਸੁਣੀਆਂ ਸੁਣਾਈਆਂ ਗੱਲਾਂ ਨੂੰ ਹੀ ਸੱਚ ਮੰਨ ਕੇ ਧਰਮ ਬਦਲੀ ਕਰ ਚੁੱਕੇ ਹਨ। ਇੱਕ ਔਰਤ ਨਾਲ ਗੱਲ ਕਰਨ ਉਤੇ ਉਸ ਨੇ ਦੱਸਿਆ ਕਿ ਉਹ ਬਚਪਨ ਤੋਂ ਹੀ ਗਿਰਜਾ-ਘਰ ਜਾਂਦੀ ਹੈ। ਉਨ੍ਹਾਂ ਵੱਲੋਂ ਆਪਣੇ ਰਿਸ਼ਤੇਦਾਰਾਂ ਵਿਚ ਕੁਝ ਘਰਾਂ ਵਿਚ ਹੋਏ ਕਥਿਤ 'ਚਮਤਕਾਰਾਂ' ਦਾ ਜ਼ਿਕਰ ਕੀਤਾ। ਜਦੋਂ ਇਸ ਔਰਤ ਨਾਲ ਵਿਸਥਾਰ ਵਿੱਚ ਗੱਲ ਕੀਤੀ ਗਈ ਤਾਂ ਪਤਾ ਲੱਗਿਆ ਕਿ ਇਸ ਦਾ ਘਰ ਵਾਲਾ ਗੁਜ਼ਰ ਚੁੱਕਾ ਹੈ। ਇਸ ਦਾ ਇੱਕ ਜਵਾਨ ਪੁੱਤਰ ਦਰੱਖਤ ਤੋਂ ਡਿੱਗ ਕੇ ਮਰ ਚੁੱਕਾ ਹੈ ਅਤੇ ਇਸ ਦੇ ਦੋ ਪੁੱਤਰ ਨਸ਼ਾ ਕਰਦੇ ਹਨ ਅਤੇ ਇੱਕ ਪੁੱਤਰ ਦੀ ਘਰਵਾਲੀ ਉਸ ਨੂੰ ਛੱਡ ਕੇ ਜਾ ਚੁੱਕੀ ਹੈ। ਇਕ ਹੋਰ ਔਰਤ ਨੇ ਇਕ ਸਾਲ ਪਹਿਲਾਂ ਗਿਰਜਾਘਰ ਜਾਣਾ ਸ਼ੁਰੂ ਕੀਤਾ। ਇਸ ਦਾ ਘਰਵਾਲਾ ਸ਼ਰਾਬੀ ਹੈ ਅਤੇ ਉਹ ਕੋਈ ਵੀ ਮਿਹਨਤ ਮਜ਼ਦੂਰੀ ਨਹੀਂ ਕਰਦਾ। ਇਸ ਔਰਤ ਵੱਲੋਂ ਕਰਜ਼ਾ ਚੁੱਕਿਆ ਹੋਇਆ ਹੈ ਜਿਸ ਦੀਆਂ ਕਿਸ਼ਤਾਂ ਮੋੜਨ ਤੋਂ ਉਹ ਅਸਮਰੱਥ ਹੈ ਅਤੇ ਸਭ ਤੋਂ ਪਹਿਲਾਂ ਇਸਾਈ ਧਰਮ ਅਪਣਾਉਣ ਵਾਲਾ ਇਸ ਦਾ ਪੁੱਤਰ ਵਿਦੇਸ਼ ਵਿਚ ਹੈ ਜੋ ਕਿ ਕੋਈ ਪੈਸਾ ਧੇਲਾ ਨਹੀਂ ਭੇਜਦਾ। ਇਨ੍ਹਾਂ ਦੋ ਉਦਾਹਰਨਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਲੋਕ ਸੁਣੀਆਂ ਸੁਣਾਈਆਂ ਗੱਲਾਂ ਵਿਚ ਆ ਕੇ ਆਪਣੇ ਧਰਮ ਬਦਲੀ ਕਰਨ ਤੁਰ ਪਏ ਹਨ।

ਈਸਾਈਅਤ ਦੇ ਨਾਂ ਹੇਠ ਨਵੇਂ ਰੂਪ ਵਿਚ ਉੱਭਰ ਰਹੇ ਇਸ ਡੇਰਾਵਾਦ ਨੂੰ ਠੱਲ੍ਹ ਪਾਉਣ ਲਈ ਗ਼ਰੀਬ ਵਰਗ ਦੇ ਲੋਕਾਂ ਨੂੰ ਸਮਝਾਉਣ ਦੀ ਲੋੜ ਹੈ। ਉਨ੍ਹਾਂ ਦੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਆਰਥਿਕ ਮਦਦ ਦੇ ਨਾਲ-ਨਾਲ ਸਮਾਜਿਕ ਬਰਾਬਰੀ ਲਈ ਵੀ ਕੰਮ ਕੀਤਾ ਜਾਣਾ ਬਣਦਾ ਹੈ।

## ਹਰਿਆਣੇ 'ਚ ਭਗਵੇਂਵਾਦੀਆਂ ਦੀ ਗੁੰਡਾਗਰਦੀ

ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕੀਤੇ ਜਾਣ ਦੇ ਹੁਕਮ ਦੇਣ। ਉਨ੍ਹਾਂ ਕਿਹਾ ਕਿ ਹਮਲੇ ਵਿਚ ਮਾਰੂ ਹਥਿਆਰ ਵਰਤੇ ਗਏ। ਉਨ੍ਹਾਂ ਕਿਹਾ ਕਿ ਜਾਣਕਾਰੀ ਮਿਲੀ ਹੈ ਕਿ ਇਸ ਹਮਲੇ ਪਿੱਛੇ ਮੁੱਖ ਦੋਸ਼ੀ ਓਮ ਪ੍ਰਕਾਸ਼ ਤੇ ਹੋਰਨਾਂ ਖਿਲਾਫ ਕੇਸ ਤਾਂ ਦਰਜ ਕਰ ਲਿਆ ਗਿਆ ਹੈ ਪਰ ਹਾਲੇ ਤੱਕ ਪੁਲੀਸ ਨੇ ਗ੍ਰਿਫਤਾਰ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕਮੇਟੀ ਵੱਲੋਂ ਪਿੰਡ ਬਦਸੂਈ ਵਿਚ ਇਕ ਟੀਮ ਭੇਜ ਕੇ ਮਾਮਲੇ ਦੇ ਅਸਲ ਤੱਥ ਹਾਸਲ ਕੀਤੇ ਜਾਣਗੇ ਤੇ ਸਿੱਖ ਭਾਈਚਾਰੇ ਦੇ ਮੈਂਬਰਾਂ 'ਤੇ ਹਮਲੇ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਵਾਸਤੇ ਉਨ੍ਹਾਂ ਖ਼ਿਲਾਫ ਕੇਸਾਂ ਲਈ ਕਾਨੂੰਨੀ ਚਾਰਾਜੋਈ ਵੀ ਕੀਤੀ ਜਾਵੇਗੀ।

**ਸ਼੍ਰੋਮਣੀ ਕਮੇਟੀ ਵੱਲੋਂ ਨਿੰਦਾ-** ਹਰਿਆਣਾ ਦੇ ਕੈਥਲ ਜ਼ਿਲ੍ਹੇ ਵਿਚ ਪੈਂਦੇ ਪਿੰਡ ਬਦਸੂਈ ਵਿਖੇ ਗੁਰਦੁਆਰਾ ਸਾਹਿਬ 'ਤੇ ਦੰਗਾਕਾਰੀਆਂ ਵਲੋਂ ਕੀਤੇ ਗਏ ਹਮਲੇ ਦੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਇਸ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵਲੋਂ ਜਿੱਥੇ ਘਟਨਾ ਦੀ ਪੜਤਾਲ ਲਈ ਆਦੇਸ਼ ਕੀਤੇ ਹਨ, ਉੱਥੇ ਹੀ ਕਾਨੂੰਨੀ ਕਾਰਵਾਈ ਕਰਨ ਲਈ ਵੀ ਕਿਹਾ ਹੈ। ਭਾਈ ਲੌਂਗੋਵਾਲ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਤੋਂ ਮੰਗ ਕੀਤੀ ਕਿ ਇਸ ਘਟਨਾ ਦੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਇਸ ਹਿੰਸਾ ਵਿਚ ਮਾਰੇ ਗਏ ਸਿੰਘ ਦੇ ਪਰਿਵਾਰ ਨੂੰ ਦੋ ਲੱਖ ਤੇ ਜ਼ਖ਼ਮੀਆਂ ਦੇ ਇਲਾਜ ਲਈ 25-25 ਹਜ਼ਾਰ ਰੁਪਏ ਦੀ ਮਾਲੀ ਮਦਦ ਕਰੇਗੀ। ਇਸ ਨਾਲ ਹੀ ਅਦਾਲਤੀ ਖਰਚਾ ਕਮੇਟੀ ਵਲੋਂ ਹੀ ਕੀਤਾ ਜਾਵੇਗਾ।

**ਮੁਸਲਮਾਨ ਪਰਿਵਾਰ 'ਤੇ ਹਮਲਾ-** ਇੱਥੇ ਤਕਰੀਬਨ 15-20 ਭਗਵੇਂ ਗੁੰਡਿਆਂ ਨੇ ਇਕ ਪਰਿਵਾਰ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਗੁੰਡਿਆਂ ਨੇ ਘਰ ਵਿਚ ਦਾਖ਼ਲ ਹੋ ਕੇ ਇੱਕ ਮੁਸਲਮਾਨ ਨੂੰ ਡੰਡਿਆਂ ਨਾਲ ਬੁਰੀ ਤਰ੍ਹਾਂ ਕੁੱਟਿਆ, ਜਿਸ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਵੀਡੀਓ ਵਿਚ ਸਾਫ਼ ਨਜ਼ਰ ਆ ਰਿਹਾ ਹੈ ਕਿ ਕਿਵੇਂ ਗੁੰਡੇ ਇੱਕ ਸ਼ਖ਼ਸ 'ਤੇ ਲਾਠੀਆਂ ਵਰ੍ਹਾ ਰਹੇ ਹਨ। ਇਸ ਦੌਰਾਨ ਬੱਚੇ ਅਤੇ ਔਰਤਾਂ ਡਰ ਨਾਲ ਚੀਕ ਰਹੀਆਂ ਹਨ। ਇਸ ਵੀਡੀਓ 'ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਟਵੀਟ ਕੀਤਾ ਹੈ ਅਤੇ ਇਸ ਨੂੰ ਧਰਮ ਨਾਲ ਜੋੜਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਲਿਖਿਆ ਹੈ ਕਿ ਕਿਸ ਗ੍ਰੰਥ ਵਿਚ ਲਿਖਿਆ ਹੈ ਕਿ ਮੁਸਲਮਾਨਾਂ ਨੂੰ ਮਾਰੋ। ਇਹ ਲੋਕ ਹਿੰਦੂ ਨਹੀਂ, ਹਿੰਦੂਆਂ ਦੇ ਰੂਪ ਵਿਚ ਗੁੰਡੇ ਹਨ।

ਕੁੱਟਮਾਰ ਦੇ ਮਾਮਲੇ ਵਿਚ ਪੁਲਿਸ ਨੇ ਪੀੜਤ ਪਰਿਵਾਰ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕਰ ਲਿਆ ਹੈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਪੁਲਿਸ ਨੇ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਵੀ ਕਰ ਲਿਆ।

## ਚੋਣਾਂ ਵਿਚ ਸ਼ਮੂਲੀਅਤ ਲਈ 'ਪੰਜਾਬ ਬਚਾਓ ਮੋਰਚੇ' ਦਾ ਗਠਨ

ਕਰ ਕੇ ਪੰਜਾਬ ਅਤੇ ਪੰਜਾਬੀਆਂ ਦੀਆਂ ਗੰਭੀਰ ਸਮੱਸਿਆਵਾਂ ਤੋਂ ਮੂੰਹ ਮੋੜ ਲਿਆ ਹੈ। ਫੇਰ ਨਿਰੋਲ ਸਿਆਸੀ ਗਿਣਤੀਆਂ ਮਿਣਤੀਆਂ ਕਰ ਕੇ ਆਪਣਾ ਵੋਟ ਬੈਂਕ ਤਿਆਰ ਕਰਨ ਲਈ ਅੱਗੇ ਲੱਗ ਕੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਕੁਕਰਮ ਕਰਵਾ ਕੇ, ਪੰਜਾਬ ਦੀ ਆਤਮਾ ਨਾਲ ਵੱਡਾ ਧ੍ਰੋਹ ਕਮਾਇਆ ਹੈ। ਭਾਜਪਾ ਦੀ ਘੱਟ-ਗਿਣਤੀਆਂ ਵਿਰੋਧੀ ਮੌਜੂਦਾ ਕੱਟੜਵਾਦੀ ਹਿੰਦੂਤਵ ਮੁਹਿੰਮ ਨੂੰ ਛੱਡ ਕੇ ਬਾਕੀ ਸਭ ਮੁੱਦਿਆਂ ਉੱਤੇ ਕਾਂਗਰਸ ਦੀ ਸਮਝ ਅਤੇ ਪਹੁੰਚ ਤਕਰੀਬਨ ਮੋਦੀ ਦੀ ਪਾਰਟੀ ਜਿੰਨੀ ਹੀ ਰਾਸ਼ਟਰਵਾਦੀ ਅਤੇ ਹਿੰਦੂਵਾਦੀ ਹੈ। ਇਸੇ ਕਰਕੇ ਹੀ ਆਜ਼ਾਦੀ ਤੋਂ ਅੱਜ ਤੱਕ ਕਾਂਗਰਸ ਨੇ ਪੰਜਾਬ ਦੇ ਹਿਤਾਂ ਨਾਲੋਂ ਆਪਣੇ ਕੌਮੀ ਸੌੜੇ ਹਿਤਾਂ ਨੂੰ ਪਹਿਲ ਦਿੱਤੀ ਹੈ ਅਤੇ ਪੰਜਾਬ ਨੂੰ ਕਈ ਨਾ ਭੁੱਲਣਯੋਗ ਵੱਡੇ ਸਦਮਿਆਂ ਦਾ ਸ਼ਿਕਾਰ ਬਣਾਇਆ ਹੈ। ਭਾਜਪਾ ਅਤੇ ਕਾਂਗਰਸ ਦੋਨੋਂ ਰਾਸ਼ਟਰਵਾਦੀ ਪਾਰਟੀਆਂ ਨੂੰ ਪੰਜਾਬ ਦੀਆਂ ਚੋਣਾਂ ਵਿਚ ਟੱਕਰ ਦੇਣ ਦੀ ਸਮਰੱਥਾ ਵਿਚ ਨਾ ਹੋਣਾ ਹੀ ਪੰਜਾਬੀਆਂ ਲਈ ਸਦੀਵੀ ਨੁਕਸਾਨ ਦਾ ਕਾਰਣ ਬਣ ਸਕਦਾ ਹੈ ਅਤੇ ਪੰਜਾਬ ਸਦਾ ਲਈ ਹੋਰ ਅਣਕਿਆਸੀਆਂ ਮੁਸ਼ਕਿਲਾਂ ਮੁਸੀਬਤਾਂ ਹੇਠ ਦਬ ਸਕਦਾ ਹੈ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish
sling
TELEVISION
CALL TO ADVERTISE • 1-718-752-9293
CALL TO SUBSCRIBE +1-800-246-6242
www.jusbroadcasting.com

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

CA BRE Licence #02024721 info@pritisingh.com

# RESIDENTIAL, COMMERCIAL AND SOLAR FARMS

with Sunpreme High Performance Bifacial Smart Panels

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME
Premium Bifacial Thin Film Solar

Satnam Singh Khalsa
510-706-1300

# STEELE INSURANCE

## AGENCY INC

Grand Shield Insurance strives to offer you quality insurance coverage, a high level of professional service and a long-term relationship We'll research rates and coverage from top insurance companies to find the best insurance rates and insurance plans for you. We do the insurance shopping and comparing for you to save time and money!

- Specialize in Personal line insurance
- Auto Home life Umbrella and Commercial
- We have special discount as 20% Multi Policy Discount
- Occupational Discount 12% for Teacher, Doctors Engineers, Firefighter, RN nurse, Business Owner
- AARP membership discount 30%
- Good Students discount 3.0 GPA
- Four year College degree (Alumni) discount
- Multi car discount



- TERM LIFE
- RETURN OF PREMIUM LIFE
- UNIVERSAL LIFE
- INDEXED UNIVERSAL LIFE
- VARIABLE UNIVERSAL LIFE
- WHOLE LIFE
- ANNUITIES

**Working hard with Honesty & intergrity to protect your Financial Future**



# Ranjit Singh

**A Member of Steele Insurance Agency, Inc.**

**Insurance Broker, Lic#OH78402**

**Doing the Right Things for Our Clients and Their Families Everyday...**

**... Leads Us to Success as well as Our Company."**

Allied Insurance | FIDELITY National Insurance Company | CSE | MERCURY INSURANCE GROUP | FINANCIAL PACIFIC | Safeco Insurance

CNA | MetLife | Kemper | Philadelphia Insurance Companies | FOREMOST Insurance Group | The Hartford

CommerceWest Insurance | Midwest INSURANCE Agency | KANSAS CITY LIFE | PROGRESSIVE | GeoVera Insurance | TRAVELERS

GMAC Insurance | TheZenith WORKERS' COMPENSATION SPECIALISTS | PersonalUmbrella.com | ZURICH

**17900 Murphy Park Way Lathrop, CA. 95330**

**209-956-1000,Office-408-355-5700,Bay Area-888-246-1228 Fax**

**RSingh@siainc.net, www.SteeleInsuranceAgency.net**


SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM